# ਧਰਮ ਅਤੇ ਰਾਜਨੀਤੀ ਸ਼੍ਰੋਮਣੀ ਅਕਾਲੀ ਦਲ ਦੇ ਹਵਾਲੇ ਨਾਲ ਅਧਿਐਨ

**ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ**
**ਭਾਸ਼ਾ ਫ਼ੈਕਲਟੀ ਅਧੀਨ**
**ਪੀ-ਐਚ.ਡੀ. (ਰਾਜਨੀਤੀ ਵਿਗਿਆਨ) ਦੀ**
**ਡਿਗਰੀ ਹਿਤ ਪ੍ਰਸਤੁਤ**
**ਖੋਜ-ਪ੍ਰਬੰਧ**
**2015**


**ਨਿਗਰਾਨ**

**ਡਾ. ਨਰਿੰਦਰ ਕੁਮਾਰ ਡੋਗਰਾ**
ਪ੍ਰੋਫ਼ੈਸਰ
ਰਾਜਨੀਤੀ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ**

**ਜਗਦੀਪ ਸਿੰਘ**

**ਰਾਜਨੀਤੀ ਵਿਗਿਆਨ, ਵਿਭਾਗ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਪ੍ਰਸਤੁਤ ਖੋਜ-ਪ੍ਰਬੰਧ '**ਧਰਮ ਅਤੇ ਰਾਜਨੀਤੀ ਸ਼੍ਰੋਮਣੀ ਅਕਾਲੀ ਦਲ ਦੇ ਹਵਾਲੇ ਨਾਲ ਅਧਿਐਨ**' ਖੋਜ-ਵਿਦਿਆਰਥੀ ਜਗਦੀਪ ਸਿੰਘ ਨੇ ਮੇਰੀ ਨਿਗਰਾਨੀ ਹੇਠ ਸੰਪੂਰਨ ਕੀਤਾ ਹੈ। ਇਹ ਵਿਦਿਆਰਥੀ ਦੀ ਆਪਣੀ ਮਿਹਨਤ ਅਤੇ ਖੋਜ ਦਾ ਸਿੱਟਾ ਹੈ। ਇਹ **ਖੋਜ-ਕਾਰਜ** ਪਹਿਲਾਂ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿੱਚ ਪੇਸ਼ ਨਹੀਂ ਹੋਇਆ। ਮੈਂ ਇਸ ਖੋਜ-ਪ੍ਰਬੰਧ ਨੂੰ ਡਾਕਟਰ ਆਫ਼ ਫਿਲਾਸਫ਼ੀ ਦੀ ਡਿਗਰੀ ਦੇ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਪ੍ਰਵਾਨਗੀ ਦਿੰਦਾ ਹਾਂ।

ਮਿਤੀ 5-5-2015

**ਨਿਗਰਾਨ**

Narinder K Dogra

**ਡਾ. ਨਰਿੰਦਰ ਕੁਮਾਰ ਡੋਗਰਾ**
ਪ੍ਰੋਫ਼ੈਸਰ
ਰਾਜਨੀਤੀ ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪਾਠ ਪਹਿਲਾ

## ਜਾਣ-ਪਹਿਚਾਣ

ਧਰਮ ਅਤੇ ਰਾਜਨੀਤੀ ਮਨੁੱਖੀ ਸਮਾਜ ਦੇ ਦੋ ਪਹਿਲੂ ਹਨ। ਮਨੁੱਖੀ ਜੀਵਨ ਨੂੰ ਧਰਮ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਮਨੁੱਖ ਦੇ ਜਨਮ ਸਮੇਂ ਤੋਂ ਹੀ ਧਰਮ ਮਨੁੱਖ ਨੂੰ ਪ੍ਰਭਾਵਿਤ ਕਰਦਾ ਹੈ। ਸਮਾਜ ਦੀਆਂ ਰਸਮਾਂ ਦਾ ਆਧਾਰ ਵੀ ਧਰਮ ਹੁੰਦਾ ਹੈ। ਮਨੁੱਖ ਦੇ ਨਾਮ ਕਰਨ ਤੋਂ ਲੈ ਕੇ ਮੌਤ ਤੱਕ ਦੇ ਸਫ਼ਰ ਵਿਚ ਧਰਮ ਤੇ ਰਾਜਨੀਤੀ ਆਪਣੇ ਆਪਣੇ ਤੌਰ ਤੇ ਸੇਧ ਦਿੰਦੇ ਹਨ। ਮਨੁੱਖ ਜਿਉਂ ਤਿਉਂ ਚੇਤੰਨ ਹੁੰਦਾ ਹੈ ਤਿਉਂ-ਤਿਉਂ ਉਸਦੀ ਰਾਜਨੀਤਿਕ ਸਮਝ ਵੱਧਦੀ ਹੈ, ਰਾਜਨੀਤਿਕ ਸਮਝ ਦਾ ਆਧਾਰ ਮਨੁੱਖ ਦੇ ਸੰਸਕਾਰ ਹੁੰਦੇ ਹਨ। ਮਨੁੱਖੀ ਸੰਸਕਾਰਾਂ ਦਾ ਆਧਾਰ ਧਰਮ ਹੁੰਦਾ ਹੈ। ਧਰਮ ਇੱਕ ਆਦਰਸ਼ ਹੈ, ਜਿਸਦੀ ਨੀਂਹ ਸਾਡੇ ਵਿਚ ਜੀਵਨ ਦੇ ਉਚੇਰੇ ਅਤੇ ਸੂਖਮ ਭਾਵਾਂ ਤੇ ਰੱਖੀ ਜਾਂਦੀ ਹੈ, ਜੋ ਅਸੀਂ ਵਰਤਮਾਨ ਅਤੇ ਭਵਿੱਖ ਵਿਚ ਇਸ ਦੁਨੀਆਂ ਅਤੇ ਅਗਲੀ ਦੁਨੀਆਂ ਵਿਚ ਸੁੱਖ ਸ਼ਾਂਤੀ ਪ੍ਰਾਪਤ ਕਰਦੇ ਰਹੇ। ਬੱਚੇ ਦਾ ਨਾਂ ਰੱਖਣਾ ਤੋਂ ਲੈ ਕੇ ਵਿਆਹ ਅਤੇ ਮੌਤ ਤੱਕ ਸਾਰੀਆਂ ਰਸਮਾਂ ਧਰਮ ਦੁਆਰਾ ਦੱਸੇ ਗਏ ਰੀਤੀ-ਰਿਵਾਜ਼ਾਂ ਅਨੁਸਾਰ ਹੁੰਦੀਆਂ ਹਨ। ਸੋ ਧਰਮ ਹੀ ਇੱਕ ਅਜਿਹਾ ਜ਼ਰੀਆ ਹੈ, ਜੋ ਬੱਚੇ ਨੂੰ ਆਪਣੇ ਆਲੇ ਦੁਆਲੇ ਵਿਚ ਵਿਚਰਨ ਸਬੰਧੀ ਕਦਰਾਂ ਕੀਮਤਾਂ ਸਿਖਾਉਂਦਾ ਹੈ। ਭਾਰਤ ਭਿੰਨਤਾਵਾਂ ਦਾ ਦੇਸ਼ ਹੈ, ਇਸ ਦੇ ਵਿਚ ਅਨੇਕਾਂ ਜਲਵਾਯੂ ਪੌਣ-ਪਾਣੀ, ਭਾਸ਼ਾਵਾਂ, ਰੀਤੀ-ਰਿਵਾਜ਼ਾਂ, ਪਰੰਪਰਾਵਾਂ, ਸੱਭਿਆਚਾਰਕ ਵੱਖਰਤਾ, ਰੰਗ, ਜਾਤੀ ਅਤੇ ਧਰਮ ਮੌਜੂਦ ਹਨ। ਇਸ ਵੱਖਰਤਾ ਦੇ ਹੋਣ ਦੇ ਬਾਵਜੂਦ ਵੀ ਲੋਕਾਂ ਨੂੰ ਇੱਕ ਲੜੀ ਵਿਚ ਪਰੋਇਆ ਹੋਇਆ ਹੈ। ਵੱਖ-ਵੱਖ ਧਰਮ ਹੋਣ ਦੇ ਬਾਵਜੂਦ ਵੀ ਲੋਕ ਏਕਤਾ ਵਿਚ ਵਿਸਵਾਸ਼ ਰੱਖਦੇ ਹਨ। ਇੱਥੇ ਇਹ ਕਹਿਣਾ ਬਣਦਾ ਹੈ ਕਿ ਧਰਮ ਕੋਈ ਵੀ ਕਿਉਂ ਨਾ ਹੋਵੇ ਪਰੰਤੂ ਉਸਦਾ

ਅੰਦਰੂਨੀ ਗੁਣ ਲੋਕਾਂ ਨੂੰ ਆਪਸ ਵਿਚ ਜੋੜਨਾ ਹੈ। ਭਾਰਤ ਵਿਚ ਹਿੰਦੂ, ਮੁਸਲਿਮ, ਸਿੱਖ, ਈਸਾਈ, ਪਾਰਸੀ, ਬੋਧੀ, ਜੈਨੀ ਧਰਮਾਂ ਨੂੰ ਮੰਨਣ ਵਾਲੇ ਲੋਕ ਵੱਸਦੇ ਹਨ। ਹਰ ਇੱਕ ਧਰਮ ਦੀ ਆਪਣੀ ਪ੍ਰੰਪਰਾ ਤੇ ਫਿਲਾਸਫ਼ੀ ਹੈ ਪਰੰਤੂ ਭਾਰਤ ਅਨੇਕਤਾ ਵਿਚ ਏਕਤਾ ਦੀ ਮਿਸਾਲ ਹੈ। ਸਿੱਖ ਧਰਮ ਸਮਕਾਲੀਨ ਧਰਮ ਹੁੰਦੇ ਹੋਏ ਮਨੁੱਖੀ ਭਾਈਚਾਰਕ ਸਾਂਝ ਦੀ ਇੱਕ ਅਨੋਖੀ ਮਿਸਾਲ ਹੈ। ਇਸ ਤਰ੍ਹਾਂ ਧਰਮ ਦੀ ਰਾਜਨੀਤੀ ਨਾਲ ਭਿੰਨਤਾ ਹੋਣ ਦੇ ਬਾਵਜੂਦ ਵੀ ਇਹ ਇੱਕ ਹੀ ਹਨ। ਮਨੁੱਖੀ ਜੀਵਨ ਨੂੰ ਧਰਮ ਹੀ ਪ੍ਰਭਾਵਿਤ ਕਰਦਾ ਹੈ ਪਰੰਤੂ ਇੱਥੇ ਪ੍ਰਸ਼ਨ ਇਹ ਹੈ ਕਿ ਧਰਮ ਕੀ ਹੈ? ਧਰਮ ਦੀ ਪਰਿਭਾਸ਼ਾ ਕੀ ਹੈ? ਵੱਖ-ਵੱਖ ਵਿਚਾਰਕਾਂ ਨੇ ਧਰਮ ਦੀ ਵੱਖਰੀ ਵੱਖਰੀ ਪਰਿਭਾਸ਼ਾ ਦਿੱਤੀ ਹੈ। ਧਰਮ ਦੀ ਅੰਤਿਮ ਅਤੇ ਸਰਬ ਪ੍ਰਮਾਣਿਤ ਪਰਿਭਾਸ਼ਾ ਦੇਣੀ ਬਹੁਤ ਹੀ ਮੁਸ਼ਕਲ ਕੰਮ ਹੈ। ਧਰਮ ਦੀ ਪਰਿਭਾਸ਼ਾ ਕਰਨ ਤੋਂ ਪਹਿਲਾਂ ਸਾਨੂੰ ਧਰਮ ਦੇ ਸ਼ਾਬਦਿਕ ਅਰਥਾਂ ਨੂੰ ਸਮਝਣਾ ਪਏਗਾ। ਧਰਮ ਨੂੰ ਅੰਗਰੇਜ਼ੀ ਵਿਚ ਰਿਲੀਜ਼ਨ ਕਹਿੰਦੇ ਹਨ। ਇਹ ਲਾਤੀਨੀ ਭਾਸ਼ਾ ਦੇ ਦੋ ਸ਼ਬਦਾਂ "ਰੀ" ਅਤੇ "ਲੀਗੇਅਰ" ਤੋਂ ਬਣਿਆ ਹੈ। "ਰੀ" ਦਾ ਅਰਥ ਦੁਬਾਰਾ ਜਾਂ ਪਿੱਛੇ ਅਤੇ "ਲੀਗੇਅਰ" ਦਾ ਅਰਥ ਹੈ ਬੰਨਣਾ।[1] ਇਸ ਤਰ੍ਹਾਂ ਧਰਮ ਦੇ ਸ਼ਾਬਦਿਕ ਅਰਥ ਦੁਆਰਾ ਜਾਂ ਪਿੱਛੇ ਬੰਨਣਾ ਹੈ। ਭਾਰਤੀ ਵਿਚਾਰਧਾਰਾ ਅਨੁਸਾਰ ਧਰਮ ਸ਼ਬਦ ਦੇ ਅਰਥ ਬੜੇ ਹੀ ਵਿਆਪਕ ਹਨ। ਇਹ ਰਿਲੀਜ਼ਨ ਸ਼ਬਦ ਦੇ ਸਾਮਾਨ ਨਹੀਂ ਹੋ ਸਕਦਾ। ਇਸ ਦੇ ਆਧਾਰ ਤੇ ਧਰਮ ਸ਼ਬਦ ਸੰਸਕ੍ਰਿਤੀ ਭਾਸ਼ਾ ਦਾ "ਧ੍ਰਿ" ਤੋਂ ਨਿਕਲਿਆ ਹੈ, ਜਿਸ ਦਾ ਅਰਥ ਹੈ "ਧਾਰਨਾ ਕਰਨਾ", "ਪਾਲਣ ਪੋਸ਼ਣ ਕਰਨਾ।"[2] ਇਸ ਤਰ੍ਹਾਂ ਧਰਮ ਦਾ ਅਰਥ ਧਾਰਮਿਕ ਆਦੇਸ਼ਾਂ ਜਾਂ ਵਿਵਹਾਰ ਦੇ ਨਿਯਮਾਂ ਨੂੰ ਧਾਰਨ ਕਰਨਾ ਹੈ ਅਤੇ ਉਨ੍ਹਾਂ ਦੇ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਹੋ ਸਕਦਾ ਹੈ। ਮਹਾਂਭਾਰਤ ਦੇ ਅਨੁਸਾਰ ਮਨੁੱਖ ਜੋ ਧਾਰਨ ਕਰਦਾ ਹੈ, ਉਹੀ ਉਸਦਾ ਧਰਮ ਹੈ। ਇਸ ਤਰ੍ਹਾਂ ਧਰਮ ਦਾ ਅਰਥ ਕਰਤੱਵ ਤੋਂ

ਲਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਜਪੁਜੀ ਸਾਹਿਬ ਵਿਚਲਾ ਧਰਮ ਵੀ ਕਰਤੱਵ ਦੇ ਇਨ੍ਹਾਂ ਅਰਥਾਂ ਨਾਲ ਹੀ ਮੇਲ ਖਾਂਦਾ ਹੈ। ਜਪੁਜੀ ਸਾਹਿਬ ਦੀ 35ਵੀਂ ਪਾਉੜੀ ਵਿਚ ਲਿਖਿਆ ਹੈ, "ਧਰਮ ਖੰਡ ਕਾ ਏਹੋ ਧਰਮੁ"[3] ਭਾਵ ਧਰਮ ਖੰਡ ਵਿਚ ਸਾਧਕ ਨੂੰ ਬਿਲਕੁਲ ਉਸੇ ਤਰ੍ਹਾਂ ਹੀ ਪ੍ਰਭੂ ਦੇ ਨਿਯਮ ਅਨੁਸਾਰ ਗੁਜ਼ਰਨਾ ਪੈਂਦਾ ਹੈ ਜਿਸ ਤਰ੍ਹਾਂ ਕਿ ਹਵਾ, ਪਾਣੀ, ਅਗਨੀ, ਪਾਤਾਲ, ਰੁੱਤਾਂ ਥਿੱਤਾ ਅਤੇ ਵਾਰ ਆਪੋ ਆਪਣੀ ਥਾਂ ਤੇ ਆਪਣੇ ਕਰਮ ਕਰ ਰਹੇ ਹਨ। ਇਸ ਤਰ੍ਹਾਂ ਧਰਮ ਖੰਡ ਦਾ ਅਰਥ ਕਰਮ ਖੇਤਰ ਹੈ।

ਧਰਮ ਇੱਕ ਅੰਤਿਮ ਸੱਚਾਈ ਵਿਚ ਵਿਸਵਾਸ਼ ਹੈ। ਧਰਮ ਮਨੁੱਖ ਨੂੰ ਸਮਰਪਣ ਸਿਖਾਉਂਦਾ ਹੈ। ਧਰਮ ਪਾਪ ਪੁੰਨ ਦੇ ਰਸਤੇ ਵਿਚ ਫਰਕ ਦੱਸਦਾ ਹੈ। ਧਰਮ ਮਨੁੱਖ ਨੂੰ ਅਲੋਕਿਕ ਸ਼ਕਤੀ ਨਾਲ ਜੋੜਨ ਦਾ ਰਾਸਤਾ ਦਿਖਾਉਂਦਾ ਹੈ ਸੋ ਅਸੀਂ ਇਹ ਕਹਿ ਸਕਦੇ ਹਾਂ ਕਿ ਧਰਮ ਮਨੁੱਖੀ ਜੀਵਨ ਦਾ ਸੰਪੂਰਨ ਵਿਕਾਸ ਕਰਦਾ ਹੈ। ਅਸੀਂ ਇਸੇ ਸੰਪੂਰਨ ਵਿਕਾਸ ਵਿਚ ਹੀ ਧਰਮ ਦੇ ਨਾਲ-ਨਾਲ ਰਾਜਨੀਤੀ ਨੂੰ ਵੀ ਜੋੜ ਕੇ ਦੇਖਣਾ ਹੈ। ਰਾਜਨੀਤੀ ਵੀ ਮਨੁੱਖੀ ਜੀਵਨ ਦਾ ਇੱਕ ਪ੍ਰਮੁੱਖ ਅੰਗ ਹੈ। ਸਮਾਜ ਦੇ ਪਿਛੋਕੜ ਵੱਲ ਦੇਖੀਏ ਤਾਂ ਸਾਨੂੰ ਇਹ ਸਮਝ ਆਉਂਦੀ ਹੈ ਕਿ ਮਨੁੱਖਤਾ ਦੇ ਵਿਕਾਸ ਦੇ ਨਾਲ-ਨਾਲ ਧਰਮ ਅਤੇ ਰਾਜਨੀਤੀ ਦੋਵੇਂ ਹੀ ਵਿਕਸਿਤ ਹੋਏ ਹਨ। ਮਨੁੱਖ ਨੇ ਆਪਣੀ ਸੁਰੱਖਿਆ ਲਈ ਕਈ ਸਾਲਾਂ ਤੋਂ ਪਹਿਲਾਂ ਝੁੰਡਾਂ ਵਿਚ ਰਹਿਣਾ ਸ਼ੁਰੂ ਕੀਤਾ ਅਤੇ ਝੁੰਡ ਨੇ ਹੀ ਕਬੀਲੇ ਦਾ ਰੂਪ ਧਾਰਨ ਕੀਤਾ। ਕਬੀਲਾ ਮਨੁੱਖ ਦੇ ਸੰਸਕਾਰਾਂ ਦੇ ਨਾਲ-ਨਾਲ ਵਿਕਸਿਤ ਹੋਇਆ ਦਿਖਾਈ ਦਿੰਦਾ ਹੈ। ਕਬੀਲੇ ਦੇ ਬਣਨ ਤੋਂ ਬਾਅਦ ਹੀ ਕਬੀਲੇ ਦੇ ਮੁਖੀਏ ਦੀ ਚੋਣ ਹੋਈ ਸੋ ਉਸ ਚੋਣ ਤੋਂ ਲੈ ਕੇ ਅੱਜ ਤੱਕ ਮਨੁੱਖ ਆਪਣੀ ਸਥਾਪਤੀ ਲਈ ਰਾਜਨੀਤੀ ਕਰਦਾ ਰਹਿੰਦਾ ਹੈ ਭਾਵੇਂ ਕਿ ਰਾਜਨੀਤੀ ਦਾ ਆਧਾਰ ਧਰਮ ਹੀ ਕਿਉਂ ਨਾ ਹੋਵੇ। ਰਾਜਨੀਤੀ ਨੂੰ ਅੰਗਰੇਜ਼ੀ ਵਿਚ "ਪੋਲਟਿਕਸ" ਕਹਿੰਦੇ ਹਨ। ਪੋਲਟਿਕਸ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ "ਪੋਲਿਸ" ਤੋਂ ਨਿਕਲਿਆ ਹੈ। "ਪੋਲਿਸ"

ਸ਼ਬਦ ਦਾ ਅਰਥ ਰਾਜ ਜਾਂ ਸਮੁੱਚਾ ਸਮੁਦਾਇ ਹੁੰਦਾ ਹੈ। "ਪੋਲਿਸ" ਦਾ ਸੰਕਲਪ ਇੱਕ ਆਦਰਸ਼ ਰਾਜ ਸੀ। ਪਲੈਟੋ ਅਤੇ ਅਰਸਤੂ ਵਰਗੇ ਮਹਾਨ ਲੇਖਕਾਂ ਦੀਆਂ ਲਿਖਤਾਂ ਵਿਚ ਵੀ ਇਸ ਆਦਰਸ਼ ਰਾਜ ਦੀ ਕਲਪਨਾ ਕੀਤੀ ਗਈ ਸੀ। ਸੋ ਪੋਲਟਿਕਸ ਸ਼ਬਦ ਦਾ ਅਸਲ ਵਿਚ ਅੰਤਰਭਾਵ ਇਹੀ ਹੈ ਕਿ ਆਦਰਸ਼ ਸਮਾਜ ਦੀ ਕਿਸ ਤਰ੍ਹਾਂ ਸਥਾਪਨਾ ਕੀਤੀ ਜਾਵੇ। ਪੋਲਟਿਕਸ (ਰਾਜਨੀਤੀ) ਦੀ ਪਰੰਪਰਾਗਤ ਪਰਿਭਾਸ਼ਾ ਇਸ ਤਰ੍ਹਾਂ ਹੈ ਕਿ "ਰਾਜਨੀਤੀ ਸਰਕਾਰ ਦੀ ਕਲਾ ਅਤੇ ਵਿਗਿਆਨ ਹੈ।"[4]

ਰਾਜਨੀਤੀ ਇੱਕ ਮੂਲ ਕਿਰਿਆ ਹੈ, ਜਿਹੜੀ ਕਿ ਨਿਰੰਤਰ ਰੂਪ ਵਿਚ ਚੱਲਣ ਵਾਲੀ ਸਰਬ-ਵਿਆਪਕ ਕਿਰਿਆ ਹੈ। ਹਰੇਕ ਵਿਅਕਤੀ ਰਾਜਨੀਤੀ ਵਿਚ ਰੁਚੀ ਰੱਖਦਾ ਹੈ। ਰਾਜਨੀਤੀ ਹਰੇਕ ਸੰਗਠਨ, ਸਮੂਹ, ਸੰਸਥਾ, ਦੇਸ਼ ਅਤੇ ਅੰਤਰਰਾਸ਼ਟਰੀ ਸੰਗਠਨਾਂ ਵਿਚ ਪਾਈ ਜਾਂਦੀ ਹੈ। ਅਸਲ ਵਿਚ ਰਾਜਨੀਤੀ ਮਨੁੱਖਾਂ ਦੇ ਆਪਸੀ ਸੰਬੰਧਾਂ ਦਾ ਹੀ ਨਤੀਜਾ ਹੈ।

ਰਾਜਨੀਤੀ ਦਾ ਅਧਿਐਨ ਪਲੈਟੋ ਤੇ ਅਰਸਤੂ ਦੁਆਰਾ ਕੀਤਾ ਗਿਆ ਹੈ। ਇੱਥੇ ਤੱਕ ਕਿ ਅਰਸਤੂ ਨੇ ਤਾਂ ਆਪਣੀ ਪੁਸਤਕ ਦਾ ਨਾਂ 'ਪੋਲਿਟਿਕਸ' ਹੀ ਰੱਖ ਦਿੱਤਾ। ਪੋਲਿਟਿਕਸ ਸ਼ਬਦ ਦੀ ਉਤਪਤੀ ਗ੍ਰੀਕ ਭਾਸ਼ਾ ਦੇ "ਪੋਲਿਸ" ਸ਼ਬਦ ਤੋਂ ਹੁੰਦੀ ਹੈ, ਜਿਸਦਾ ਅਰਥ ਨਗਰ ਰਾਜ ਹੈ।[5] ਯੂਨਾਨ ਵਿਚ ਉਸ ਸਮੇਂ ਛੋਟੇ ਛੋਟੇ ਨਗਰ ਰਾਜ ਹੁੰਦੇ ਸਨ, ਜਿਨ੍ਹਾਂ ਦਾ ਜਨ-ਜੀਵਨ ਸਿਰਫ਼ ਛੋਟੇ-ਛੋਟੇ ਪਿੰਡਾਂ ਵਰਗਾ ਹੀ ਹੁੰਦਾ ਸੀ। ਯੂਨਾਨੀ ਨਾਗਰਿਕ ਆਪਣੇ ਰਾਜ ਦੇ ਪ੍ਰਤੀ ਵਫਾਦਾਰ ਹੁੰਦੇ ਸਨ। ਨਗਰ ਦੇ ਜੀਵਨ ਵਿਚ ਪੂਰਾ ਭਾਗ ਲੈਣਾ ਉਨ੍ਹਾਂ ਦੇ ਜੀਵਨ ਦਾ ਹੀ ਉਦੇਸ਼ ਸੀ। ਨਾਗਰਿਕਤਾ ਇੱਕ ਕਰਤੱਵ ਅਤੇ ਲਗਭਗ ਕਿੱਤਾ ਸੀ, ਪਰੰਤੂ ਦੂਜੇ ਪਾਸੇ ਨਗਰ ਰਾਜਾਂ ਦੀਆਂ ਆਪਣੀਆਂ ਵੀ ਕੁਝ ਬੁਰਾਈਆਂ ਸਨ, ਜਿਵੇਂ ਕਿ ਸਮਾਜ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ। ਸਮਾਜ ਵਿਚ ਅਧਿਕਾਰ ਸਿਰਫ ਕੁਝ ਲੋਕਾਂ ਨੂੰ ਹੀ

ਪ੍ਰਾਪਤ ਸਨ। ਦਾਸ ਪ੍ਰਥਾ ਪ੍ਰਚਲਿਤ ਸੀ। ਦਾਸਾਂ, ਔਰਤਾਂ ਅਤੇ ਵਿਦੇਸ਼ੀਆਂ ਨੂੰ ਅਧਿਕਾਰ ਪ੍ਰਾਪਤ ਨਹੀਂ ਸਨ। ਇਸ ਸੰਬੰਧ ਵਿਚ ਸੀ.ਐਲ.ਵੇਪਰ ਨੇ ਕਿਹਾ ਹੈ, "ਕਿਸੇ ਯੂਨਾਨੀ ਨਾਗਰਿਕ ਦੇ ਲਈ ਨਗਰ ਰਾਜ ਦੀ ਮਹੱਤਤਾ ਸਾਡੇ ਲਈ ਰਾਜ ਦੀ ਮਹੱਤਤਾ ਤੋਂ ਕਿਤੇ ਜ਼ਿਆਦਾ ਹੈ। ਉਹ ਉਸਨੂੰ ਸਾਰੇ ਮਨੁੱਖੀ-ਮੁੱਲਾਂ ਦੇ ਬਰਾਬਰ ਸਮਝਦੇ ਸੀ। ਇਹ ਉਸਦੇ ਜੀਵਨ ਦੇ ਇਨ੍ਹਾਂ ਮਹੱਤਵਪੂਰਣ ਅੰਗ ਹੈ ਕਿ ਇਸਦੇ ਬਿਨ੍ਹਾਂ ਉਸਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।"[6]

ਧਰਮ ਅਤੇ ਰਾਜਨੀਤੀ ਦਾ ਅਧਿਐਨ ਕਰਨਾ ਅੱਜ ਦੇ ਸਮੇਂ ਵਿਚ ਸਿੱਖ ਜਗਤ ਲਈ ਮਹੱਤਵਪੂਰਨ ਕਾਰਜ ਹੋਵੇਗਾ। ਇਤਿਹਾਸਿਕ ਅਰਥ ਇਹ ਹਨ ਕਿ ਰਾਜਨੀਤੀ ਅਤੇ ਧਰਮ ਅਲੱਗ-ਅਲੱਗ ਹੁੰਦੇ ਹੋਏ ਵੀ ਇੱਕ ਹੀ ਹਨ। ਧਰਮ ਦੀ ਰਾਜਨੀਤੀ ਅਤੇ ਰਾਜਨੀਤੀ ਦਾ ਧਰਮ ਤੇ ਹਮੇਸ਼ਾਂ ਹੀ ਪ੍ਰਭਾਵ ਰਿਹਾ ਹੈ। ਇੰਗਲੈਂਡ ਦੇ ਹਾਊਸ ਆਫ ਕਾਮਨਜ਼ ਦੇ ਬਿਲਕੁਲ ਸਾਹਮਣੇ ਵੱਡੀ ਚਰਚ (ਗਿਰਜਾ ਘਰ) ਹੈ। ਸਿੱਖ ਧਰਮ ਵਿਚ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਮੌਜੂਦ ਹੈ। ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਹਰਗੋਬਿੰਦ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਧਰਮ ਨੂੰ ਰਾਜਨੀਤੀ ਨਾਲ ਜੋੜਨ ਲਈ ਹੀ ਕੀਤੀ ਸੀ।

**ਸਾਹਿਤ ਦੀ ਪੜਚੋਲ :**

ਧਰਮ ਅਤੇ ਰਾਜਨੀਤੀ ਸ਼੍ਰੋਮਣੀ ਅਕਾਲੀ ਦਲ ਦੇ ਹਵਾਲੇ ਨਾਲ ਅਧਿਐਨ ਵਿਸ਼ੇ ਦੇ ਉੱਪਰ ਕੋਈ ਵੀ ਲਿਖਤ ਸਮੱਗਰੀ ਉਪਲਬਧ ਨਹੀਂ ਹੈ ਪਰੰਤੂ ਰਾਜਨੀਤੀ ਅਤੇ ਧਰਮ ਵਿਸ਼ੇ ਤੇ ਲਿਖਤ ਸਮੱਗਰੀ ਪ੍ਰਾਪਤ ਹੇ ਜਿਸਦੀ ਪੜਚੋਲ ਹੇਠ ਲਿਖਤ ਦਿੱਤੀ ਗਈ ਹੈ :

ਅਰਾਧਨਾ ਸਿੰਘ ਨੇ ਆਪਣੀ ਪੁਸਤਕ 'ਅਕਾਲੀ ਪੋਲੀਟਿਕਸ ਆਫ ਪੰਜਾਬ' ਵਿਚ

ਕਿਹਾ ਹੈ ਕਿ ਭਾਰਤੀ ਰਾਜਨੀਤੀ ਵਿਚ ਉਦੇਸ਼ਾਂ ਨੂੰ ਛੱਡ ਕੇ ਮੌਕਾਪ੍ਰਸਤੀ ਸਮੇਂ ਪਾਰਟੀ ਤੋੜਨਾ ਆਮ ਗੱਲ ਹੈ। ਪੰਜਾਬ ਵਿਚ ਅਕਾਲੀ ਦਲ ਦਾ ਵਾਰ ਵਾਰ ਵੱਖ-ਵੱਖ ਗੁੱਟਾਂ ਵਿਚ ਵੰਡਿਆ ਜਾਣਾ ਇੱਕ ਆਮ ਗੱਲ ਹੈ। ਪੰਜਾਬ ਵਿਚ ਅਕਾਲੀ ਦਲ ਦੀਆਂ ਸਰਕਾਰਾਂ ਦਾ ਪੰਥ ਖਤਰੇ ਵਿਚ ਹੈ ਦੇ ਨਾਂ ਤੇ ਬਣਦੀਆਂ ਰਹੀਆਂ ਹਨ ਅਤੇ ਟੁੱਟਦੀਆਂ ਰਹੀਆਂ ਹਨ, ਹਰ ਇੱਕ ਲੀਡਰ ਦੇ ਆਪਣੇ ਮੁਫਾਦਾਂ ਕਰਕੇ ਪੰਜਾਬ ਨੇ ਸੰਤਾਪ ਭੋਗਿਆ ਹੈ।[7]

ਦਵਿੰਦਰ ਸਿੰਘ ਨੇ ਆਪਣੀ ਪੁਸਤਕ 'ਅਕਾਲੀ ਪੋਲੀਟਿਕਸ ਇੰਨ ਪੰਜਾਬ' ਵਿਚ ਕਿਹਾ ਕਿ ਅਕਾਲੀ ਦਲ ਆਜ਼ਾਦੀ ਤੋਂ ਲੈ ਕੇ ਪੰਜਾਬ ਦੀ ਰਾਜਨੀਤੀ ਤੇ ਭਾਰੂ ਹੈ। ਪੰਜਾਬ ਵਿਚ ਅਕਾਲੀ ਦਲ ਅਤੇ ਕਾਂਗਰਸ ਆਪਸ ਵਿਚ ਵਿਰੋਧੀ ਹਨ। ਅਕਾਲੀ ਦਲ ਦੀ ਪੰਜਾਬ ਦੀ ਰਾਜਨੀਤੀ ਤੇ ਪਕੜ ਹੈ ਕਿਉਂਕਿ ਉਹ ਜੱਟ ਸਿੱਖ ਮਨੋਸਥਿਤੀ ਚੰਗੀ ਤਰ੍ਹਾਂ ਸਮਝਦਾ ਹੈ। ਦਵਿੰਦਰ ਸਿੰਘ ਨੇ ਅਕਾਲੀ ਦਲ ਦੀਆਂ ਗਤੀਵਿਧੀਆਂ ਅਕਾਲੀ ਦਲ ਦੇ ਬਣਨ ਤੋਂ ਲੈ ਕੇ (1920) ਪੰਜਾਬੀ ਸੂਬਾ ਬਣਨ ਤੱਕ ਦਾ ਅਧਿਐਨ ਕੀਤਾ ਹੈ। 1920 ਤੋਂ ਲੈ ਕੇ 1966 ਤੱਕ ਅਕਾਲੀ ਰਾਜਨੀਤੀ ਵਿਚ ਬਹੁਤ ਉਤਰਾ ਚੜਾਅ ਆਏ ਹਨ। ਦਵਿੰਦਰ ਸਿੰਘ ਨੇ ਆਪਣੀ ਪੁਸਤਕ ਅਕਾਲੀ ਦਲ ਦੀਆਂ ਪੰਜਾਬੀ ਸੂਬਾ ਬਣਨ ਤੋਂ ਬਾਅਦ ਬਣੀਆਂ ਸਰਕਾਰਾਂ ਦੀ ਸਮੀਖਿਆ ਕੀਤੀ। ਉਸਦੀ ਖੋਜ ਦਾ ਅਧਿਐਨ ਅਕਾਲੀ ਦਲ ਵਿਚ 1964 ਤੋਂ 1985 ਤੱਕ ਅਕਾਲੀ ਦਲ ਦੀਆਂ ਨੀਤੀਆਂ ਵਿਚ ਆਉਣ ਵਾਲੀਆਂ ਤਬਦੀਲੀਆਂ ਅਤੇ ਉਦੇਸ਼ਾਂ ਨੂੰ ਜਾਣਨਾ ਸੀ।[8]

ਡਾ. ਜਸਪਾਲ ਸਿੰਘ ਜੀ ਨੇ ਆਪਣੀ ਪੁਸਤਕ 'ਸਿੱਖ ਧਰਮ ਅਤੇ ਰਾਜਨੀਤੀ' ਵਿਚ ਕਿਹਾ ਹੈ ਕਿ ਧਰਮ ਅਤੇ ਰਾਜਨੀਤੀ ਵਿਚਕਾਰ ਸੰਬੰਧ ਇੱਕ ਪ੍ਰਸ਼ਨ ਹੈ। ਧਰਮ ਨੂੰ ਰਾਜਨੀਤੀ ਲਈ ਵਰਤਣਾ ਇੱਕ ਬਿਲਕੁਲ ਹੀ ਵੱਖਰਾ ਮਸਲਾ ਹੈ। ਧਰਮ ਰਾਜਨੀਤੀ ਦੇ

ਸੰਬੰਧ ਦੇ ਨਜ਼ਰੀਏ ਤੋਂ ਤਿਆਗ ਦੇ ਰਾਹ ਤੇ ਤੋਰਦਾ ਹੈ ਜਦੋਂ ਕਿ ਰਾਜਨੀਤੀ ਕੁਝ ਹਾਸਲ ਕਰਨ ਦੇ ਰਾਹ ਤੇ ਹੈ। ਇਹ ਵੇਖਣ ਤੇ ਲੱਗਦਾ ਹੈ ਕਿ ਸਬੰਧ ਦੀ ਥਾਂ ਤਨਾਅ ਹੀ ਨਜ਼ਰ ਆਉਂਦਾ ਹੈ। ਡੂੰਘਾਈ ਦੇ ਨਾਲ ਅਧਿਐਨ ਕਰਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਿੱਖ ਫਲਸਫ਼ੇ ਦੇ ਨਜ਼ਰੀਏ ਤੋਂ ਧਰਮ ਤੇ ਰਾਜਨੀਤੀ ਵਿਚ ਸੰਬੰਧਾਂ ਦਾ ਮੁੱਖ ਆਧਾਰ ਮਨੁੱਖੀ ਕਦਰਾਂ ਕੀਮਤਾਂ ਹਨ। ਧਰਮ ਦੀ ਆੜ ਵਿਚ ਰਾਜਨੀਤੀ ਕਰਨ ਵਾਲਿਆਂ ਨੂੰ ਗੁਰੂ ਨੇ ਸਖ਼ਤ ਤਾੜਨਾ ਕੀਤੀ ਹੈ। [9]

ਪੰਜਾਬ ਦੀਆਂ ਲੋਕ ਲਹਿਰਾਂ ਪੁਸਤਕ ਡਾ. ਏ.ਸੀ. ਅਰੌੜਾ ਦੀ ਲਿੱਖੀ ਹੋਈ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਅਕਾਲੀ ਅੰਦੋਲਨ ਵਿਚ ਹਿੱਸਾ ਲੈਣ ਵਾਲੀ ਸਿੱਖ ਜਨਤਾ ਦੀ ਵਿਚਾਰਧਾਰਾ ਕਿਸ ਤਰ੍ਹਾਂ ਦੀ ਸੀ? ਅਕਾਲੀ ਅੰਦੋਲਨ ਵਿਚ ਕੀ ਤਾਲਮੇਲ ਸੀ? ਇਸ ਅੰਦੋਲਨ ਦਾ ਪੰਜਾਬ ਦੇ ਸਿੱਖਾਂ ਦੀ ਰਾਜਨੀਤੀ ਉੱਤੇ ਕੀ ਅਸਰ ਪਿਆ? ਇਹਨਾਂ ਪ੍ਰਸ਼ਨਾਂ ਨੂੰ ਧਿਆਨ ਵਿੱਚ ਰੱਖ ਕੇ ਇਸ ਪੁਸਤਕ ਵਿੱਚ ਲਿਖਿਆ ਗਿਆ ਹੈ ਅਤੇ ਉੱਤਰ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। [10]

ਰਜਨੀ ਕੋਠਾਰੀ ਦੀ ਪੁਸਤਕ 'ਪੋਲੀਟਿਕਸ ਇੰਨ ਇੰਡੀਆ' ਵਿਚ ਰਾਜਨੀਤੀ ਸਥਿਰਤਾ ਦਾ ਆਧਾਰ ਸਮਾਜਿਕ ਪ੍ਰਣਾਲੀ ਦੱਸਿਆ ਗਿਆ ਹੈ। ਭਾਰਤ ਵਿਚ ਸਮਾਜਿਕ ਪ੍ਰਣਾਲੀ ਦੀ ਵਿਵਸਥਾ ਜਾਤੀ ਅਤੇ ਧਰਮ ਤੇ ਹੀ ਨਿਰਭਰ ਹੈ। ਭਾਰਤ ਵਿਚ ਧਰਮ ਅਤੇ ਰਾਜਨੀਤੀ ਪ੍ਰੰਪਰਾਵਾਂ ਅਤੇ ਰੀਤੀ-ਰਿਵਾਜ਼ਾਂ ਦਾ ਸੁਮੇਲ ਹੈ। ਲੰਬੇ ਸਮੇਂ ਦੀ ਪ੍ਰਕਿਰਿਆ ਵਿਚ ਰਾਜ ਦੀ ਸਥਿਰਤਾ ਲਈ ਰਾਜਨੀਤਿਕ ਵਿਕਾਸ ਦੀ ਆਰਥਿਕ ਵਿਕਾਸ ਤੋਂ ਵੀ ਵਧੇਰੇ ਲੋੜ ਹੁੰਦੀ ਹੈ। ਭਾਰਤ ਦੀ ਰਾਜਨੀਤੀ ਵਿਚ ਸਭ ਤੋਂ ਜ਼ਰੂਰੀ ਉਦੇਸ਼ ਏਕਤਾ ਦੀ ਰਾਜਨੀਤੀ ਹੈ। ਭਾਰਤ ਵਿਚ ਰਾਜਨੀਤੀ ਅਨੇਕਤਾ ਤੋਂ ਏਕਤਾ ਵੱਲ ਸਕਾਰਾਤਮਕ ਕਦਮ ਹੈ। [11]

ਡਾ. ਸੁਖਦਿਆਲ ਸਿੰਘ ਨੇ ਆਪਣੀ ਪੁਸਤਕ 'ਖਾਲਸਾ ਰਾਜ ਦਾ ਸੰਕਲਪ' ਵਿੱਚ ਕਿਹਾ ਹੈ, ਕਿ "ਰਾਜਨੀਤੀ ਜਾਂ ਰਾਜਨੀਤਿਕ ਤਾਕਤ, ਇਕ ਐਸੀ ਦੁਨਿਆਵੀਂ ਸ਼ਕਤੀ ਹੈ ਜਿਸ ਤੋਂ ਬਿਨਾਂ ਕੋਈ ਵੀ ਲਹਿਰ, ਕਰਾਂਤੀ ਜਾਂ ਵਿਚਾਰਧਾਰਾ ਸਥਿਰ ਨਹੀਂ ਰਹਿ ਸਕਦੀ, ਭਾਵੇਂ ਉਹ ਨਿਰੋਲ ਧਾਰਮਿਕ ਜਾਂ ਆਰਥਿਕ ਸੁਭਾਅ ਦੀ ਵੀ ਕਿਉਂ ਨਾ ਹੋਵੇ, ਦੁਨੀਆਂ ਵਿਚ ਅਜਿਹੀ ਕੋਈ ਵੀ ਕਰਾਂਤੀਕਾਰੀ ਲਹਿਰ ਨਹੀਂ ਜਿਸ ਨੇ ਰਾਜਨੀਤਿਕ ਸ਼ਕਤੀ ਨੂੰ ਪਰਾਪਤ ਕਰਨ ਦਾ ਟੀਚਾ ਨਾ ਅਪਣਾਇਆ ਹੋਵੇ।"[12]

ਰੂਪ ਸਿੰਘ ਨੇ ਆਪਣੀ ਪੁਸਤਕ 'ਪੰਥ ਸੇਵਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ' ਵਿੱਚ ਕਿਹਾ ਹੈ, "ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ ਇਕ ਵਿਲੱਖਣ ਅਥਵਾ ਅਨੂਠਾ ਰਿਸ਼ਤਾ ਹੈ, ਜਿਸ ਨੇ ਵਰਤਾਮਾਨ ਕਾਲ ਵਿਚ ਸਿੱਖ ਰਾਜਨੀਤੀ ਨੂੰ ਪ੍ਰੀਭਾਸ਼ਾ ਦਿੱਤੀ ਅਤੇ ਇਸ ਲਈ ਪੱਥ ਦੀ ਨਿਸ਼ਾਨਦੇਹੀ ਵੀ ਕੀਤੀ ਇਸ ਪ੍ਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਰਾਜਨੀਤੀ ਨੂੰ ਨੈਤਿਕ ਸਹਾਇਤਾ ਦੇਣ ਦੇ ਨਾਲ ਧਾਰਮਿਕ ਸਟੇਜਾਂ ਦੀ ਰਾਖਵੀਂ ਵਰਤੋਂ ਦੁਆਰਾ ਸਿੱਖ ਧਰਮ ਦੇ ਮੀਰੀ ਪੀਰੀ ਦੇ ਸਿਧਾਂਤ ਨੂੰ ਵੀ ਖੁੱਲੇ ਤੌਰ ਤੇ ਦ੍ਰਿੜਾਇਆ।"[13]

ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਆਪਣੀ ਪੁਸਤਕ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?' ਵਿੱਚ ਕਿਹਾ ਹੈ, "ਸ਼੍ਰੋਮਣੀ ਕਮੇਟੀ ਇਕ ਅਜਿਹੀ ਜਮਾਤ ਹੈ ਜਿਹੜੀ ਸਿੱਖ ਸਿਆਸਤ ਦਾ ਧੁਰਾ ਹੈ। ਸ਼੍ਰੋਮਣੀ ਕਮੇਟੀ ਇਕ ਰਿਆਸਤ ਵਿੱਚ ਰਿਆਸਤ ਹੈ।"[14]

ਰੂਪ ਸਿੰਘ ਨੇ ਆਪਣੀ ਪੁਸਤਕ ਹੁਕਮਨਾਮੇ ਆਦੇਸ਼ ਸੰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਦਰਸਾਉਂਦੇ ਹੋਏ ਲਿਖਦੇ ਹਨ, "ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦਾ ਸਰਬ ਉੱਚ ਸਥਾਨ ਹੈ। ਗੁਰੂ ਗ੍ਰੰਥ, ਗੁਰੂ ਪੰਥ ਨੂੰ ਤਨ-ਮਨ ਤੋਂ ਸਮਰਪਿਤ

ਹੋਣਾ ਹੀ ਸਿੱਖੀ ਦੀ ਮੂਲ ਨਿਸ਼ਾਨੀ ਹੈ।"[15]

ਹਰਸਿਮਰਨ ਸਿੰਘ ਨੇ ਆਪਣੀ ਪੁਸਤਕ 'ਸਿੱਖ ਵਿਯਨ 2025' ਵਿਚ ਲਿਖਦਾ ਹੈ, "ਸਿੱਖ ਧਰਮ ਵੀ ਇਕ ਰਾਜਨੀਤਿਕ ਵਿਚਾਰਧਾਰਾ ਅਤੇ ਰਾਜਨੀਤਿਕ ਮਨੁੱਖ ਦੀ ਸਿਰਜਨਾ ਕਰਦਾ ਹੈ। ਧਰਮ ਇਸ ਵਿਸ਼ਵ ਸਮਾਜ ਨੂੰ ਪ੍ਰਮਾਤਮਾ ਦੀ ਸਿਰਜਨਾ ਸਮਝਦੇ ਹੋਏ ਮਨੁੱਖ ਨੂੰ ਆਪਣਾ ਜੀਵਨ ਇਕ ਸਹਿਜ ਮਰਿਆਦਾ, ਅਨੁਸ਼ਾਸਨ, ਸੰਜਮ, ਕਿਰਤਮੁਖੀ ਅਤੇ ਦੂਸਰਿਆਂ ਦਾ ਭਲਾ ਕਰਦਿਆਂ ਹੋਇਆ ਸੰਤੁਸ਼ਟ ਸਮਾਜ ਸਿਰਜਣ ਦੀ ਪ੍ਰੇਰਨਾ ਦਿੰਦਾ ਹੈ।"[16]

ਸੋਹਣ ਸਿੰਘ ਜੋਸ਼ ਨੇ ਆਪਣੀ ਪੁਸਤਕ 'ਅਕਾਲੀ ਮੋਰਚਿਆਂ ਦਾ ਇਤਿਹਾਸ' ਵਿਚ ਕਿਹਾ ਹੈ, "ਅਕਾਲੀ ਲਹਿਰ ਦਾ ਰੂਪ ਧਾਰਮਿਕ ਸੀ। ਇਸ ਦਾ ਮਨੋਰਥ ਸਿਰਫ਼ ਗੁਰਦੁਆਰਿਆਂ ਦੀ ਅਜ਼ਾਦੀ ਹਾਸਲ ਕਰਨ ਤੱਕ ਸੀਮਿਤ ਸੀ, ਇਸ ਤੋਂ ਵੱਧ ਕੁਝ ਨਹੀਂ। ਫੇਰ ਇਹ ਧਾਰਮਿਕ ਲਹਿਰ ਰਾਜਸੀ ਕਿਵੇਂ ਬਣ ਗਈ? ਅੰਗਰੇਜ਼ ਹਾਕਮਾਂ ਨੇ ਅਕਾਲੀ ਤਹਿਰੀਕ ਦੇ ਸ਼ੁਰੂ ਹੋਣ ਕੁਝ ਚਿਰ ਪਿੱਛੋਂ ਹੀ ਇਸਨੂੰ ਰਾਜਸੀ ਲਹਿਰ ਆਖ ਕੇ ਬਦਨਾਮ ਕਰਨਾ ਸ਼ੁਰੂ ਕਿਉਂ ਕਰ ਦਿੱਤਾ? ਕੀ ਇਹ ਧਾਰਮਿਕ ਲਹਿਰ ਠੀਕ ਹੀ ਰਾਜਸੀ ਲਹਿਰ ਬਣ ਗਈ ਸੀ ਜਾਂ ਇਹ ਕੇਵਲ ਅੰਗਰੇਜ਼ ਹਾਕਮਾਂ ਦਾ ਪ੍ਰੋਪੈਗੰਡਾ ਹੀ ਸੀ।"[17]

ਕ੍ਰਿਪਾਲ ਸਿੰਘ ਆਪਣੀ ਪੁਸਤਕ 'ਪੰਜਾਬ ਦਾ ਬਟਵਾਰਾ' ਵਿਚ ਲਿਖਦਾ ਹੈ, "ਅੰਗਰੇਜ਼ੀ ਰਾਜ ਸਮੇਂ ਰਾਜਨੀਤੀ ਦੇ ਖੇਤਰ ਵਿਚ ਪੰਜਾਬ ਫਿਰਕੂ ਸਮੱਸਿਆ ਦਾ ਇਕ ਵਿਵਾਦਪੂਰਨ ਸੂਬਾ ਗਿਣਿਆ ਜਾਂਦਾ ਸੀ, ਕਿਉਂਕਿ ਇਸ ਵਿਚ ਤਿੰਨ ਪੱਖੀ ਫਿਰਕੂ ਸਮੱਸਿਆ ਸੀ – ਮੁਸਲਮਾਨ, ਹਿੰਦੂ ਤੇ ਸਿੱਖਾਂ ਦੀ ਜਦੋਂ ਕਿ ਬਾਕੀ ਦੇ ਭਾਰਤ ਵਿਚ ਕੇਵਲ ਹਿੰਦੂਆਂ ਅਤੇ ਮੁਸਲਮਾਨਾਂ ਦੀ ਹੀ ਸਮੱਸਿਆ ਸੀ।"[18]

ਹਰਜਿੰਦਰ ਸਿੰਘ ਦਿਲਗੀਰ ਨੇ ਆਪਣੀ ਪੁਸਤਕ 'ਸ਼੍ਰੋਮਣੀ ਅਕਾਲੀ ਦਲ' ਵਿੱਚ ਅਕਾਲੀ ਦਲ ਦਾ ਇਤਿਹਾਸ 1920 ਤੋਂ ਨਾ ਦੱਸ ਕੇ ਪਹਿਲਾਂ ਦੀ ਵਿਵਸਥਾ ਦਾ ਵੀ ਵਰਣਨ ਕੀਤਾ ਹੈ ਕਿਉਂਕਿ ਉਸ ਤੋਂ ਪਹਿਲਾਂ ਕਿਸੇ ਵੀ ਲੇਖਕ ਨੇ ਸ਼੍ਰੋਮਣੀ ਅਕਾਲੀ ਦਲ ਬਾਰੇ ਏਨਾ ਸੰਖੇਪ ਨਹੀਂ ਲਿਖਿਆ। ਸ਼੍ਰੋਮਣੀ ਅਕਾਲੀ ਦਲ ਦੀਆਂ ਪ੍ਰਾਪਤੀਆਂ ਦਾ ਇਤਿਹਾਸ ਵੀ ਨਜ਼ਰ-ਅੰਦਾਜ ਕੀਤਾ ਗਿਆ। ਪਰ ਇਨ੍ਹਾਂ ਦੀ ਪੁਸਤਕ ਕਾਬਲੇ ਗੋਰ ਹੈ। ਇਸ ਵਿਚ ਸ਼੍ਰੋਮਣੀ ਅਕਾਲੀ ਦਲ ਦੀ 1920 ਤੋਂ ਗੱਲ ਨਾ ਕਰਕੇ ਗੁਰੂ ਹਰਗੋਬਿੰਦ ਸਾਹਿਬ ਦੇ ਕਾਲ ਤੋਂ ਇਕ ਉਡੱਦੀ ਨਜ਼ਰ ਦਿੱਤੀ ਹੈ।[19]

'ਸਾਡਾ ਵਿਰਸਾ' ਹਰਬੰਸ ਸਿੰਘ ਦੀ ਲਿਖੀ ਹੋਈ ਪੁਸਤਕ ਹੈ ਇਸ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਸਿੰਘ ਸਭਾ ਲਹਿਰ ਦੀ ਸੁਧਾਰਵਾਦੀ ਵਿਚਾਰਧਾਰਾ ਦੇ ਫਲਸਰੂਪ ਸਿੱਖਾਂ ਨੂੰ ਮਹਿਸੂਸ ਹੋਣਾ ਲੱਗਾ ਸੀ ਕਿ ਮਹੰਤਾਂ ਦੇ ਕਬਜ਼ੇ ਉਨ੍ਹਾਂ ਦੇ ਧਰਮ ਧਰਮ ਨੇ ਫੋਕੇ ਵਹਿਮਾਂ ਭਰਮਾਂ ਨੇ ਘਰ ਕਰ ਲਿਆ ਹੈ ਜੋ ਗੁਰੂਆਂ ਦੀਆਂ ਸਿੱਖਿਆਵਾਂ ਦੇ ਉਲਟ ਹੈ। ਇਕ ਲੰਬੇ ਸੰਘਰਸ਼ ਬਾਅਦ ਸਿੱਖਾਂ ਨੇ ਸਿੱਖ ਧਰਮ ਆਪਣੇ ਨਾਂ ਕੀਤਾ। ਹਜ਼ਾਰਾਂ ਨੇ ਜੇਲ੍ਹਾਂ ਕੱਟੀਆਂ, ਪੁਲਿਸ ਦੀਆਂ ਗੋਲੀਆਂ ਦੇ ਸ਼ਿਕਾਰ ਹੋਏ। 1920-25 ਤੱਕ ਸਿੱਖ ਪੂਰੀ ਤਰ੍ਹਾਂ ਜਾਗਰੁਕ ਹੋ ਗਏ ਸਨ। ਭਾਵੇਂ ਰਾਜਨੀਤੀ ਵਿੱਚ ਸਿੱਖ ਵੱਖ-2 ਪਰਸਪਰ ਵਿਰੋਧੀ ਗੁੱਟ ਵਿਚ ਵੰਡੇ ਗਏ ਸਨ, ਪਰ ਫਿਰ ਵੀ ਉਨ੍ਹਾਂ ਆਪਣੀ ਧਾਰਮਿਕ ਏਕਤਾ ਕਾਇਮ ਰੱਖੀ ਹੋਈ ਹੈ ਅਤੇ ਸਾਂਝੇ ਮਨੋਰਥਾਂ ਲਈ ਈਰਖਾ ਤਿਆਗ ਕੇ ਇਕ ਹੋ ਜਾਂਦੇ ਹਨ।[20]

'ਪੰਜਾਬ ਦਾ ਸੰਕਟ' ਸੁਰਿੰਦਰ ਸਿੰਘ ਜੋਹਰ ਦੀ ਰਚਿਤ ਕਿਤਾਬ ਹੈ। ਇਸ ਵਿਚ ਉਨ੍ਹਾਂ ਨੇ ਪੰਜਾਬ ਦੇ ਲੰਬੇ ਸਮੇਂ ਤੱਕ ਸੰਕਟ ਦਾ ਸ਼ਿਕਾਰ ਰਹੇ ਪੰਜਾਬ ਦਾ ਵਰਣਨ ਹੈ। 1980-95 ਤੱਕ ਪੰਜਾਬ ਬਹੁਤ ਸਾਰੀਆਂ ਸਮੱਸਿਆਵਾਂ ਵਿਚ ਘਿਰਿਆ ਰਿਹਾ। ਇਕ ਪਾਸੇ

ਅੱਤਵਾਦ ਦਾ ਉਭਾਰ ਹੋਇਆ। ਦੂਜੇ ਪਾਸੇ ਸਰਕਾਰੀ ਅੱਤਿਆਚਾਰ ਸਿਖਰਾਂ ਤੇ ਪਹੁੰਚ ਗਿਆ। ਪੰਜਾਬੀਆਂ ਨੂੰ ਦੋਹਾਂ ਵਿਰੁੱਧ ਹੀ ਸੰਘਰਸ਼ ਕਰਨਾ ਪਿਆ ਅਤੇ ਅੱਜ ਤੱਕ ਪੰਜਾਬ ਦੀ ਨੌਜਵਾਨ ਪੀੜ੍ਹੀ ਇਸ ਦਾ ਸੰਤਾਪ ਝੱਲ ਰਹੀ ਹੈ।[21]

'ਨੀਂਹ ਰੱਖੀ ਗਈ' ਮਹਿੰਦਰ ਸਿੰਘ ਪੱਤਰਕਾਰ ਦੀ ਲਿਖੀ ਪੁਸਤਕ ਹੈ। ਇਸ ਵਿਚ ਉਨ੍ਹਾਂ ਨੇ ਸਿੱਖ ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਦਾ ਵਰਣਨ ਕਰਕੇ ਅੱਜ ਤੱਕ ਦੇ ਸਮੇਂ ਨਾਲ ਜੋੜਿਆ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਅਕਾਲੀ ਲਹਿਰ ਆਦਿ ਘਟਨਾਵਾਂ ਨੂੰ ਬਾਖੂਬੀ ਚਿਤਾਰਿਆ ਹੈ। ਸਿੱਖ ਸਭਿਆਚਾਰ ਦੇ ਆਲੇ ਦੁਆਲੇ ਦੇ ਵਾਤਾਵਰਨ ਦੀ ਅਸਥਿਰਤਾ ਨੂੰ ਵਰਣਨ ਕੀਤਾ ਹੈ ਅਤੇ ਇਸ ਦੀ ਅਣਹੋਂਦ ਕਾਰਨ ਪੈਦਾ ਹੋਇਆ ਸੰਕਟ ਦਾ ਵਰਣਨ ਕੀਤਾ ਹੈ।[22]

ਖੁਸ਼ਵੰਤ ਸਿੰਘ ਦੀ ਪੁਸਤਕ 'ਸਿੱਖਾਂ ਦਾ ਇਤਿਹਾਸ' ਵਿਚ ਸਿੱਖ ਧਰਮ ਅਤੇ ਰਾਜਨੀਤੀ ਤੇ ਡੂੰਘਾ ਚਾਨਣਾ ਪਾਉਂਦੀ ਹੈ। ਇਸ ਵਿੱਚ ਪੰਜਾਬ ਵਿਚ ਜਾਗਰੂਕ ਸਮਾਂ ਅਤੇ ਸਿੱਖ ਦੁਆਰਾ ਇਕ ਵੱਖਰਾ ਅਜ਼ਾਦ ਪੰਜਾਬ ਦੀ ਮੰਗ ਦਾ ਵਰਣਨ ਕੀਤਾ ਗਿਆ ਹੈ। ਸਿੱਖ ਨੇ ਕਿਸ ਤਰ੍ਹਾਂ ਆਪਣੀ ਵੱਖਰੀ ਪਹਿਚਾਣ ਲਈ ਸੰਘਰਸ਼ ਕੀਤਾ, ਇਸ ਦਾ ਵਰਣਨ ਵੀ ਮਿਲਦਾ ਹੈ। ਫਿਰ ਕਿਸ ਤਰ੍ਹਾਂ ਮੁਗਲਾਂ ਨਾਲ, ਫਿਰ ਅੱਜ ਹਿੰਦੂਤਵ ਪ੍ਰਭਾਵ ਨਾਲ ਜੂਝ ਰਹੇ ਹਨ, ਵਰਣਨ ਕੀਤਾ ਗਿਆ ਹੈ।[23]

'ਆਧੁਨਿਕ ਰਾਜਨੀਤਿਕ ਸਿਧਾਂਤ ਦੀ ਜਾਣ ਪਛਾਣ' ਸੀ.ਈ. ਐਮ ਜੋਡ ਦੀ ਲਿਖੀ ਹੋਈ ਹੈ। ਇਸ ਪੁਸਤਕ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਆਧੁਨਿਕ ਰਾਜਨੀਤਿਕ ਸਿਧਾਂਤ ਬਹੁਤ ਹੀ ਝਮੇਲੇ ਵਿੱਚ ਹੈ। ਨਿਰੀ ਇਸ ਦੇ ਵਿਚਾਰ ਅਧੀਨ ਵਸਤੂ ਦੀ ਵਿਰੋਧਾਭਾਸੀ ਨਹੀਂ ਸਗੋਂ ਇਸ ਦੀਆਂ ਕੇਂਦਰੀ ਸਮੱਸਿਆਵਾਂ ਵੀ ਹਨ। ਇਹ ਪੁਸਤਕ

ਆਧੁਨਿਕ ਰਾਜਸੀ ਚਿੰਤਨ ਤੋਂ ਜਾਣੂ ਕਰਵਾਉਂਦੀ ਹੈ ਅਤੇ ਦਾਰਸ਼ਨਿਕ ਹੱਥ ਨੂੰ ਉਘਾੜਦੀ ਹੈ ਤਾਂ ਕਿ ਆਧੁਨਿਕ ਸਮਾਜ ਵਿੱਚ ਚੰਗਾ ਜੀਵਨ ਬਿਤਾਉਣ ਤੇ ਰੋਜ਼ਮਰਾ ਦੇ ਰਾਜਸੀ ਮਾਮਲਿਆਂ ਨੂੰ ਸਮਝਣ ਵਿੱਚ ਸਹਾਇਤਾ ਦਿੰਦੀ ਹੈ।[24]

ਸ੍ਰ. ਪਿਆਰਾ ਸਿੰਘ ਪਦਮ ਦੀ ਲਿਖੀ ਪੁਸਤਕ 'ਸੰਖੇਪ ਸਿੱਖ ਇਤਿਹਾਸ' ਵਿਚ ਗੁਰੂ ਕਾਲ ਨੂੰ ਗੁਰਬਾਣੀ ਯੁੱਗ ਅਤੇ ਕੁਰਬਾਨੀ ਯੁੱਗ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿੱਚ ਗੁਰਮਤਿ ਸਿਧਾਂਤਾਂ ਦੀ ਸਥਾਪਨਾ, ਗੁਰਬਾਣੀ ਦਾ ਸੰਕਲਨ ਤੇ ਉਸਦੇ ਪ੍ਰਭਾਵ ਨੂੰ ਨਿਖਾਰ ਕੇ ਵਰਣਨ ਕੀਤਾ ਹੈ। ਕੁਰਬਾਨੀ ਯੁੱਗ ਵਿਚ ਸਿੱਖ ਮੁਕਤੀ ਦੇ ਵਿਕਾਸ ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਲੈ ਕੇ ਗੁਰੂ ਕਾ ਬਾਗ ਯੁੱਧ ਮੋਰਚੇ ਤੱਕ ਫਿਰ ਇਨਾਂ ਲਹਿਰਾਂ ਦਾ ਸਿੱਖ ਰਾਜਨੀਤੀ ਤੇ ਪਏ ਪ੍ਰਭਾਵ ਦਾ ਵਰਣਨ ਕੀਤਾ ਗਿਆ ਹੈ।[25]

'ਸਿੱਖ ਅਤੇ ਸ਼ਕਤੀ ਦਾ ਬਦਲਾਅ' ਡਾ. ਕਿਰਪਾਲ ਸਿੰਘ ਦੁਆਰਾ ਲਿਖੀ ਗਈ ਹੈ ਜਿਸ ਵਿੱਚ ਉਨ੍ਹਾਂ ਨੇ ਵਰਣਨ ਕੀਤਾ ਹੈ ਕਿ ਸਿੱਖ 1947 ਤੋਂ ਪਹਿਲਾਂ ਕਿੰਨਾ ਮਹੱਤਵ ਰੱਖਦੇ ਸਨ। ਕ੍ਰਿਪਸ ਮਿਸ਼ਨ ਰਿਪੋਰਟ ਵਿਚ ਉਨ੍ਹਾਂ ਨੂੰ ਤੀਜੀ ਸਮੁਦਾਇ ਵਜੋਂ ਮਾਨਤਾ ਸੀ। ਫਿਰ ਕਿਸ ਤਰ੍ਹਾਂ ਇਸ ਦਾ ਉਤਾਰ ਤੇ ਉਤਰਾਅ ਹੁੰਦਾ ਗਿਆ। ਕਿਵੇਂ ਸਿੱਖਾਂ ਨੇ ਆਪਣੀਆਂ ਮੰਗਾ ਰੱਖ ਕੇ ਇਕ ਸਿੱਖ ਰਾਜ ਸਥਾਪਤ ਕੀਤਾ। ਕਿਵੇਂ ਵਿਕ ਗਏ ਪੰਜਾਬ ਦੇ ਪਾਣੀ ਆਦਿ ਇਸ ਪੁਸਤਕ ਦੇ ਵਿੱਚ ਦਰਜ ਹੈ।[26]

'ਪੋਲੀਟਿਕਸ' ਅਰਸਤੂ ਦੀ ਇਕ ਮਹੱਤਵਪੂਰਨ ਪੁਸਤਕ ਜਿਸਦਾ ਅਨੁਵਾਦ ਦਲੀਪ ਸਿੰਘ ਉੱਪਲ ਨੇ ਕੀਤਾ ਹੈ, ਰਾਜਨੀਤੀ ਸ਼ਾਸਤਰ ਦੇ ਖੇਤਰ ਵਿੱਚ ਸਦੀਆਂ ਤੋਂ ਇਤਿਹਾਸਿਕ ਮਹੱਤਵ ਦੀ ਧਾਰਨੀ ਹੈ ਅਤੇ ਹਰ ਯੁੱਗ ਵਿੱਚ ਪ੍ਰਸੰਗਿਕ ਰਚੀ ਹੈ। ਆਦਰਸ਼ ਰਾਜ ਕਿਹੜਾ ਹੈ? ਜਾਂ ਕਿਹੋ ਜਿਹਾ ਹੋਵੇ? ਰਾਜ ਦੇ ਸੰਵਿਧਾਨ ਦਾ ਉਪਯੋਗ ਕਿਵੇਂ ਹੋ ਸਕਦਾ ਹੈ? ਰਾਜ

ਅਤੇ ਨਾਗਰਿਕ ਦਾ ਸਬੰਧ ਕਿਹੋ ਜਿਹਾ ਹੋਵੇ ਆਦਿ ਬਹੁਤ ਵਿਸਥਾਰ ਨਾਲ ਵਰਣਨ ਕੀਤਾ ਹੈ। ਕਿਸੇ ਵੀਰਾਜ ਵਿੱਚ ਜਾਂ ਰਾਜਨੀਤੀ ਵਿੱਚ ਇਨ੍ਹਾਂ ਵਰਤਾਰਿਆਂ ਨੂੰ ਥਾਹ ਪਾਉਣੀ ਅੱਜ ਵੀ ਏਨੀ ਹੀ ਜਰੂਰੀ ਹੈ।[27]

ਫੌਜਾ ਸਿੰਘ ਦੀ ਪੁਸਤਕ 'ਪੰਜਾਬ ਦੇ ਪਹਿਲੇ ਸੁਤੰਤਰਤਾ ਸੰਗਰਾਮੀ' ਬਹੁਤ ਹੀ ਮਹੱਤਵਪੂਰਨ ਗਿਆਨ ਦਿੰਦੀ ਹੈ। ਇਹ ਸਿਰਫ਼ ਉਨ੍ਹਾਂ ਵਿਅਕਤੀਗਤ ਸ਼ਖਸੀਅਤ ਦੇ ਰੋਲ ਬਾਰੇ ਹੀ ਗਿਆਨ ਨਹੀਂ ਦਿੰਦੀ ਬਲਕਿ ਇਨ੍ਹਾਂ ਦੇ ਪਏ ਪ੍ਰਭਾਵਾਂ ਅਤੇ ਰਾਜਨੀਤੀ ਵਿੱਚ ਆਏ ਉਤਾਰ ਦਾ ਵਰਣਨ ਵੀ ਕਰਦੀ ਹੈ। ਇਨ੍ਹਾਂ ਸੁਤੰਤਰਤਾ ਸੰਗਰਾਮੀਆਂ ਨੇ ਰਾਸ਼ਟਰੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕੀਤਾ ਹੈ ਇਸ ਦਾ ਵਰਣਨ ਵੀ ਕੀਤਾ ਗਿਆ ਹੈ।[28]

ਗੁਰਦੇਵ ਸਿੰਘ ਸਿੱਧੂ ਦੀ ਪੁਸਤਕ 'ਰੋਜ਼ਨਾਮਚਾ ਮੋਰਚਾ ਗੁਰੂ ਕਾ ਬਾਗ' ਪੰਜਾਬ ਦਾ ਇਤਿਹਾਸ ਅਤੇ ਸੰਘਰਸ਼ ਨੂੰ ਹਰ ਪੱਖ ਤੋਂ ਵਾਚਿਆ ਹੈ। ਇਹ ਪੁਸਤਕ ਜਿੱਥੇ ਗੁਰੂ ਕੇ ਬਾਗ ਮੋਰਚੇ ਅਧੀਨ ਲੋਕ ਜਨ ਸੰਘਰਸ਼ ਨੂੰ ਬੜੀ ਸੂਝ ਬੂਝ ਤੇ ਸੁਚੱਜਤਾ ਨਾਲ ਪੁਨਰ ਸੁਰਜੀਤ ਕਰਦੀ ਹੈ, ਉਥੇ ਹੀ ਅਕਾਲੀਆਂ ਦੇ ਸੰਘਰਸ਼ ਵਿਚ ਹਿੱਸੇ ਦਾ ਗੌਰਵਮਈ ਇਤਿਹਾਸ ਚਿਤਰਨ ਬਿਆਨ ਕੀਤਾ ਗਿਆ ਹੈ। ਅਕਾਲੀ ਸਿੱਖਾਂ ਦੀ ਸਹਿਣਸ਼ੀਲਤਾ, ਅਕਾਲੀਆਂ ਤੇ ਅਹਿੰਸਕ ਜ਼ੁਲਮ ਦਾ ਵਰਣਨ ਵੀ ਕੀਤਾ ਗਿਆ ਹੈ।[29]

'ਸਿੱਖ ਜਗਤ ਵਿੱਚ ਫੁੱਟ ਤੇ ਇਸਦੇ ਕਾਰਨ' ਪ੍ਰੋ. ਨਰਿੰਜਨ ਸਿੰਘ ਦੀ ਰਚਨਾ ਹੈ। ਇਸ ਵਿੱਚ ਉਸਨੇ ਦੱਸਿਆ ਹੈ ਕਿ ਜਿਸ ਤਰ੍ਹਾਂ ਬੇਥਵ੍ਹਾ ਖਿੰਡਾਊ ਸਿੱਖ ਰਾਜਨੀਤੀ, ਧਰਮ, ਸਮਾਜ ਅਤੇ ਸਭਿਆਚਾਰ ਪੈਦਾ ਹੋਇਆ ਹੈ ਉਸਨੂੰ ਆਪਾਧਾਪੀ ਜਾਂ ਅਰਾਜਕਤਾ ਦਾ ਨਾਮ ਹੀ ਦਿੱਤਾ ਜਾ ਸਕਦਾ ਹੈ। ਇਸੇ ਕਾਰਨ ਇਸ ਦੇ ਬੁਨਿਆਦੀ ਤੱਤਾਂ ਨਾਲ ਜੁੜੇ ਹੋਏ ਲੋਕ ਬੇਹੱਦ ਪੀੜਤ ਹਨ।[30]

ਬੱਬਰ ਅਕਾਲੀਆਂ ਦਾ ਇਤਿਹਾਸ, ਡਾ. ਬਖਸ਼ੀਸ਼ ਸਿੰਘ ਨਿੱਝਰ ਦੀ ਲਿਖੀ ਹੋਈ ਹੈ। ਇਹ ਪੁਸਤਕ ਦੇਸ਼ ਪਿਆਰਿਆਂ, ਗੁਰ-ਸਿੱਖਾਂ, ਜਾਬਾਜ਼ਾਂ ਦੀਆਂ ਕੁਰਬਾਨੀਆਂ ਦੇ ਲਹੂ ਭਿੱਜੇ ਪੰਨੇ ਹਨ ਜੋ ਆਉਣ ਵਾਲੀਆਂ ਪੀੜ੍ਹੀਆਂ ਦੇ ਨੌਜਵਾਨਾਂ ਨੂੰ ਦੇਸ਼, ਕੌਮ ਅਤੇ ਧਰਮ ਨੂੰ ਕਿਵੇਂ ਅਮਰ ਰੱਖਿਆ ਜਾਵੇ ਰਾਹ ਦਰਸਾਏਗੀ। ਅਣਖੀ ਸੂਰਬੀਰਾਂ ਦਾ ਚਾਨਣ ਮੁਨਾਰਾ ਇਹ ਪੁਸਤਕ ਪੰਜਾਬ ਦੀ ਰਾਜਨੀਤੀ, ਸਮਾਜਿਕ ਤੇ ਆਰਥਿਕ ਸੋਚ ਨੂੰ ਉਪਰ ਚੁੱਕੇਗੀ।[31]

20ਵੀਂ ਸਦੀ ਦਾ ਪੰਜਾਬ, ਭਗਵਾਨ ਸਿੰਘ ਦਾਲੇਵਾਲੀਆ ਦੀ ਇਹ ਪੁਸਤਕ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਰਾਜਨੀਤੀ ਬਾਰੇ ਨਿਆਂਕਾਰੀ ਅਤੇ ਨਿਰਪੱਖ ਲਿਖਤ ਹੈ। ਇਹ ਸਾਰੀ ਮੁਸਲਮਾਨਾਂ ਦੇ ਖਿਲਾਫ਼ ਨਹੀਂ ਅਤੇ ਨਾ ਹੀ ਹਿੰਦੂਆਂ ਤੇ ਸਿੱਖਾਂ ਦੇ ਪੱਖ ਵਿੱਚ ਹੈ। ਰਾਜਨੀਤਿਕਾਂ ਨੇ ਪਿਛਲੇ 100 ਸਾਲ ਦੇ ਇਤਿਹਾਸ ਵਿਚ ਬਹੁਤ ਹੀ ਭਰੋਸੇ ਦਿਵਾਏ ਪਰ ਸਭ ਬਕਵਾਸ ਸੀ। ਪੁਨਰ ਜਨਮ ਦੇ ਨਾਰੇ ਦਿੱਤੇ, ਪਰ ਯਤਨ ਨੂੰ ਨਾ ਟਾਲ ਸਕੇ। ਇਸ ਵਿੱਚ ਇਤਿਹਾਸ ਨੂੰ ਲੈ ਕੇ ਅੱਜ ਨਾਲ ਜੋੜਿਆ ਗਿਆ ਹੈ।[32]

'ਧਰਮ ਦੀ ਉਤਪਤੀ ਅਤੇ ਵਿਕਾਸ' ਐਫ. ਮੈਕਸਮੂਲਰ ਦੀ ਲਿਖੀ ਹੋਈ ਹੈ ਜਿਸ ਦਾ ਪੰਜਾਬੀ ਅਨੁਵਾਦ ਤਾਰਨ ਸਿੰਘ ਨੇ ਕੀਤਾ ਹੈ। ਇਹ ਕਿਤਾਬ ਭਾਰਤੀ ਧਰਮ ਅਧਿਐਨ ਦੇ ਸੰਬੰਧ ਵਿੱਚ ਨਿਸ਼ਚੇ ਹੀ ਬੜੀ ਵਿਸ਼ੇਸ਼ ਹੈ।[33]

ਪ੍ਰੀਤਮ ਸਿੰਘ ਨੇ ਆਪਣੀ ਪੁਸਤਕ 'ਦਾਰਸ਼ਨਿਕ ਸਿੱਖ ਇਤਿਹਾਸ' ਵਿੱਚ ਲਿਖਦਾ ਹੈ ਕਿ ਧਰਮ ਤੇ ਰਾਜਨੀਤੀ ਨੂੰ ਵੱਖਰਾ ਨਹੀਂ ਕਰਨਾ ਚਾਹੀਦਾ। ਧਰਮ ਦੀ ਸੂਝ ਬਿਨਾ ਰਾਜਨੀਤੀ ਜ਼ੁਲਮ ਵਿਚ ਬਦਲ ਜਾਂਦੀ ਹੈ। ਰਾਜਨੀਤਿਕ ਤਾਕਤ ਬਿਨਾ ਕਈ ਵਾਰ ਇਕ ਧਰਮ ਦੇ ਲੋਕ ਆਪਣੀ ਧਾਰਮਕ ਅਜ਼ਾਦੀ ਨੂੰ ਕਾਇਮ ਨਹੀਂ ਰੱਖ ਸਕਦੇ, ਸੋ ਧਰਮ ਅਤੇ ਰਾਜਨੀਤੀ ਨੂੰ ਇਸ ਤਰ੍ਹਾਂ ਮਿਲਾਉਣਾ ਚਾਹੀਦਾ ਹੈ ਕਿ ਸਭ ਨੂੰ ਧਾਰਮਿਕ ਆਜ਼ਾਦੀ ਵੀ ਮਿਲ

ਜਾਏ ਅਤੇ ਸਰਕਾਰ ਧਾਰਮਿਕ ਅਸੂਲਾਂ ਨੂੰ ਆਪਣੀ ਨੀਤੀ ਚਾਲੂ ਕਰਨ ਲੱਗਿਆਂ ਹਰ ਵੇਲੇ ਮੁੱਖ ਰੱਖੇ।[34]

ਲੇਖਕਾਂ ਨੇ ਸਾਂਝੀ ਕਲਮ ਤੋਂ ਆਪਣੀ ਪੁਸਤਕ 'ਪੰਜਾਬੀ ਸੂਬੇ ਦੇ ਮੋਰਚੇ ਦਾ ਇਤਿਹਾਸ' ਵਿੱਚ ਲਿਖਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਥ ਦੀ ਨਾ ਸਿਰਫ਼ ਨੁਮਾਇੰਦਾ ਜੱਥੇਬੰਦੀ ਹੈ, ਸਗੋਂ ਹੱਕ ਤੇ ਸੱਚ ਦੀ ਆਵਾਜ਼ ਉਠਾਉਣ ਲਈ ਦੇਸ਼ ਕੌਮ ਦੀ ਅਲੰਬੜਦਾਰ ਵੀ ਹੈ। ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਜੱਦੋ ਜਹਿਦ ਦਾ ਇਤਿਹਾਸ ਹੈ। ਸੱਚੀ ਗੱਲ ਤਾਂ ਇਹ ਹੈ ਕਿ ਜਿਵੇਂ ਸਿੱਖ ਕੌਮ ਤਲਵਾਰ ਤੋਂ ਪੈਦਾ ਹੋਈ ਹੈ ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਜੱਦੋ ਜਹਿਦ ਤੋਂ ਜੰਮਿਆ ਹੈ।[35]

ਨਿੱਜਲ ਕੁਲੈਂਟ ਨੇ ਆਪਣੀ ਪੁਸਤਕ 'ਦਾ ਬਟਚਰ ਆਫ ਅੰਮ੍ਰਿਤਸਰ: ਜਨਰਲ ਰੈਜ਼ੀਨਾਲਡ ਡਾਇਰ' ਵਿੱਚ 13 ਅਪ੍ਰੈਲ 1919 ਦੇ ਉਸ ਦ੍ਰਿਸ਼ ਦਾ ਵਰਣਨ ਕੀਤਾ ਹੈ ਜਿਸ ਵਿੱਚ ਅੰਮ੍ਰਿਤਸਰ ਵਿੱਚ ਬਿਨਾਂ ਦੱਸੇ ਅੰਨ੍ਹੇਵਾਹ ਫਾਈਰਿੰਗ ਕਰਕੇ ਬਹੁਤ ਸਾਰੇ ਲੋਕਾਂ ਦੀ ਹੱਤਿਆ ਕਰ ਦਿੱਤੀ ਸੀ। ਉਸਦੇ ਇਸ ਕਾਰਨਾਮੇ ਨੇ ਕਿਸ ਤਰ੍ਹਾਂ ਸਿੱਖਾਂ ਅੰਦਰ ਗੁੱਸੇ ਦੀ ਭਾਵਨਾ ਭਰ ਦਿੱਤੀ ਅਤੇ ਸਿੱਖਾਂ ਤੇ ਇਸ ਸਾਕੇ ਦਾ ਕੀ ਪ੍ਰਭਾਵ ਪਿਆ। ਇਸ ਘਟਨਾ ਤੋਂ ਬਾਅਦ ਵਾਪਰੇ ਹਾਦਸੇ ਅਤੇ ਕਾਰਣਾਂ ਦਾ ਵਰਣਨ ਕੀਤਾ ਗਿਆ ਹੈ।[36]

ਜੀ.ਐਸ. ਢਿੱਲੋ ਨੇ ਆਪਣੀ ਪੁਸਤਕ 'ਰੀਸਰਚਜ਼ ਇਨ ਸਿੱਖ ਰਿਲੀਜ਼ਨ ਐਂਡ ਹਿਸਟਰੀ' ਵਿੱਚ ਸ੍ਰੀ ਦਰਬਾਰ ਸਾਹਿਬ, ਸਿੱਖਾਂ ਦੇ ਧਾਰਮਿਕ ਵਿਸ਼ਵਾਸ ਦਾ ਕੇਂਦਰ, ਸਿੰਘ ਸਭਾ ਲਹਿਰ ਦਾ ਵਰਣਨ ਅਤੇ ਐਮਰਜੈਂਸੀ ਦੌਰਾਨ ਅਕਾਲੀ ਦਲ ਦੇ ਰੋਲ ਦਾ ਵਰਣਨ ਕੀਤਾ ਹੈ। ਇਸ ਤੋਂ ਬਿਨਾ ਆਨੰਦਪੁਰ ਸਾਹਿਬ ਦਾ ਮਤਾ, ਪੰਜਾਬ ਵਿੱਚ ਬਗਾਵਤੀ ਦੌਰ ਆਦਿ ਦਾ ਵਰਣਨ ਵੀ ਕੀਤਾ ਹੈ।[37]

ਕੇ.ਪੀ. ਕਰੁਣਾਕਰਨ ਨੇ ਆਪਣੀ ਪੁਸਤਕ 'ਰਿਲੀਜਨ ਐਂਡ ਪੋਲੀਟੀਕਲ ਅਵੇਕਨਿੰਗ ਇਨ ਇੰਡੀਆ' ਵਿੱਚ 19ਵੀਂ ਸਦੀ ਦੇ ਸਮਾਜਿਕ ਸੁਧਾਰਾਂ ਤੇ ਧਾਰਮਿਕ ਸੁਧਾਰਾਂ ਅਤੇ ਰਾਜਨੀਤਿਕ ਮਹੱਤਵ ਤੇ ਚਾਣਨਾ ਪਾਇਆ ਗਿਆ ਹੈ। ਇਨ੍ਹਾਂ ਸਮਾਜਿਕ ਅਤੇ ਧਾਰਮਿਕ ਲਹਿਰਾਂ ਨੇ 19ਵੀਂ ਸਦੀ ਵਿੱਚ ਭਾਰਤੀ ਰਾਜਨੀਤੀ ਉੱਤੇ ਡੂੰਘਾ ਪ੍ਰਭਾਵ ਪਾਇਆ ਤੇ ਇਸ ਜਾਗਰੂਕਤਾ ਕਾਰਨ ਲੋਕ ਰਾਇ ਦਾ ਵਿਕਾਸ ਹੋਇਆ। ਇਸ ਤੋਂ ਬਿਨਾਂ ਭਾਰਤ ਵਿਚ ਧਾਰਮਿਕ ਤੇ ਰਾਜਨੀਤਿਕ ਜਾਗਰੂਕਤਾ ਦਾ ਵਰਣਨ ਵੀ ਕੀਤਾ ਗਿਆ ਹੈ।[38]

ਕੈਲਾਸ਼ ਚੰਦਰਾ ਗੁਲਾਟੀ ਨੇ ਆਪਣੀ ਪੁਸਤਕ 'ਦਾ ਅਕਾਲੀਜ਼ ਪਾਸਟ ਐਂਡ ਪਰੈਜ਼ੈਂਟ' ਵਿੱਚ ਦੱਸਿਆ ਹੈ ਕਿ ਅਕਾਲੀ ਲਹਿਰ ਛੋਟੀ ਜਿਹੀ ਲਹਿਰ ਸੀ ਜੋ ਕਿ ਅੱਜ ਸਿੱਖ ਇਤਿਹਾਸ ਵਿੱਚ ਇਕ ਅਹਿਮ ਸਥਾਨ ਰੱਖਦੀ ਹੈ। ਅੱਜ ਦੀ ਆਧੁਨਿਕ ਸਿੱਖ ਇਤਿਹਾਸ ਵਿੱਚ ਵੀ ਅਕਾਲੀ ਦਲ ਮਹੱਤਵਪੂਰਨ ਸਥਾਨ ਰੱਖਦਾ ਹੈ। ਲੇਖਕ ਨੇ ਆਪਣੀ ਪੁਸਤਕ ਵਿਚ ਅਕਾਲੀ ਦਲ ਦਾ ਧਰਮ ਨੂੰ ਜਾਂ ਸਿੱਖ ਸਿਧਾਂਤਾਂ ਨੂੰ ਨਾਲ-ਨਾਲ ਲੈ ਕੇ ਚੱਲਣ ਦਾ ਹਵਾਲਾ ਦਿੱਤਾ ਹੈ। ਉਹ ਚਾਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਵੇ ਜਾਂ ਪੰਜ ਤਖ਼ਤ ਸਾਹਿਬਾਨ ਹੋਣ। ਭਾਵੇਂ ਕਿ ਅਕਾਲੀ ਦਲ ਵਿੱਚ ਕੁਝ ਨਵੀਆਂ ਪਾਰਟੀਆਂ ਹੋਂਦ ਵਿੱਚ ਆਈਆਂ ਹਨ ਪਰ ਇਸ ਦੇ ਬਾਵਜੂਦ ਵੀ ਇਹ ਪਾਰਟੀ ਕਾਇਮ ਹੈ।[39]

ਡਾ. ਅਜੀਤ ਸਿੰਘ ਨੇ ਆਪਣੀ ਪੁਸਤਕ 'ਸ਼੍ਰੋਮਣੀ ਅਕਾਲੀ ਦਲ ਰਿਲੀਜੀਅਸ-ਪੋਲੀਟੀਕਲ ਸਟੱਡੀ (1947-90)' ਵਿੱਚ ਦੱਸਿਆ ਹੈ ਕਿ ਪੰਜਾਬ ਦੀ ਰਾਜਨੀਤੀ ਨੂੰ ਸਿੱਖ ਰਾਜਨੀਤੀ ਜੋ ਕਿ ਅਸਲ ਵਿੱਚ ਅਕਾਲੀ ਰਾਜਨੀਤੀ ਹੈ, ਕਿਹਾ ਜਾ ਸਕਦਾ ਹੈ। ਕਿਉਂਕਿ ਪੰਜਾਬ ਦੀ ਰਾਜਨੀਤੀ ਤੇ ਅਕਾਲੀ ਦਲ ਦਾ ਪ੍ਰਭਾਵ ਰਿਹਾ ਹੈ। ਅਕਾਲੀ ਦਲ ਨੇ ਧਰਮ ਅਤੇ ਸਿੱਖ ਰਾਜਨੀਤੀ ਨੂੰ ਸੁਰੱਖਿਅਤ ਰੱਖਣ ਲਈ ਸਮੇਂ-ਸਮੇਂ ਤੇ ਮੋਰਚੇ ਲਗਾ

ਕੇ ਸਿੱਖ ਸਿਧਾਂਤਾਂ ਤੇ ਪਹਿਰਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਭਾਰਤ ਦੀ ਸਭ ਤੋਂ ਪੁਰਾਣੀ ਪਾਰਟੀਆਂ ਵਿੱਚ ਇੱਕ ਹੈ ਜੋ ਲਗਭਗ 1920 ਦੇ ਦਹਾਕੇ ਵਿੱਚ ਹੋਂਦ ਵਿੱਚ ਆਈ ਹੈ। ਇਹ ਪਾਰਟੀ ਪਹਿਲਾਂ ਪਹਿਲਾਂ ਸਿੱਖ ਸਿਧਾਂਤਾਂ, ਸਿੱਖ ਸਮੁਦਾਇ ਅਤੇ ਧਾਰਮਿਕ ਲਹਿਰਾਂ ਲਈ ਹੋਂਦ ਵਿਚ ਆਈ ਪਰ ਅੱਜ ਕੇਂਦਰੀ ਸਰਕਾਰਾਂ ਨੂੰ ਪ੍ਰਭਾਵਿਤ ਕਰ ਰਹੀ ਹੈ।[40]

ਐਨ. ਮਿਕਿਆਵਲੀ ਨੇ ਆਪਣੀ ਪੁਸਤਕ 'ਦਾ ਪ੍ਰਿੰਸ' ਵਿੱਚ ਧਰਮ ਅਤੇ ਰਾਜਨੀਤੀ ਵਿੱਚ ਅੰਤਰ ਦੱਸਦੇ ਹੋਇਆਂ ਧਰਮ ਨੂੰ ਰਾਜਨੀਤੀ ਤੋਂ ਵੱਖ ਰੱਖਣ ਦੀ ਸਲਾਹ ਦਿੱਤੀ ਹੈ। ਆਪਣੀ ਪੁਸਤਕ ਵਿੱਚ ਮਿਕਿਆਵਲੀ ਜਦੋਂ ਰਾਜੇ ਨੂੰ ਰਾਜਾ ਭਾਗ ਦੀ ਸੁਰੱਖਿਆ ਲਈ ਸੁਝਾਅ ਦਿੰਦਾ ਹੈ ਤਾਂ ਉਥੇ ਉਹ ਧਰਮ ਅਤੇ ਰਾਜਨੀਤੀ ਵਿਚਲੇ ਅੰਤਰ ਦੀ ਵਿਆਖਿਆ ਵੀ ਕਰਦਾ ਹੈ।[41]

ਧੰਨਾ ਸਿੰਘ ਗੁਲਸ਼ਨ ਨੇ ਆਪਣੀ ਪੁਸਤਕ 'ਅੱਜ ਦਾ ਪੰਜਾਬ ਅਤੇ ਸਿੱਖ ਰਾਜਨੀਤੀ' ਵਿੱਚ 1947 ਤੋਂ ਲੈ ਕੇ 1977 ਤੱਕ ਦੀਆਂ ਹਰ ਘਟਨਾ ਦਾ ਬੜੀ ਬਾਰੀਕੀ ਨਾਲ ਸੱਚ ਤੱਥ ਅਤੇ ਨਿਰਪੱਖਤਾ ਦੇ ਆਧਾਰ ਤੇ ਵਿਆਕਰਨ ਢੰਗ ਨਾਲ ਉਲੀਕਿਆ ਗਿਆ ਹੈ। ਉਨ੍ਹਾਂ ਨੇ ਆਪਣੀ ਪੁਸਤਕ ਵਿਚ ਆਰਥਿਕ, ਰਾਜਨੀਤਿਕ ਤੇ ਸਮਾਜਿਕ ਪੱਖੋਂ ਮਨੁੱਖੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਢੁਕਵੇਂ ਸੁਝਾਓ ਦਿੱਤੇ ਹਨ ਅਤੇ ਪੰਜਾਬ ਦੀ ਸਿੱਖ ਰਾਜਨੀਤੀ ਸੰਬੰਧੀ ਵਿਸਥਾਰ ਸਹਿਤ ਚਾਨਣਾ ਪਾਇਆ ਹੈ।[42]

ਡਾ. ਜਸਪਾਲ ਸਿੰਘ ਨੇ ਆਪਣੀ ਪੁਸਤਕ 'ਰਾਜ ਦਾ ਸਿੰਖ ਸੰਕਲਪ' ਵਿੱਚ ਕਿਹਾ ਹੈ ਕਿ ਵਿਅਕਤੀਗਤ ਰੂਪ ਵਿਚ ਸਿੱਖ ਨਾ ਰਾਜ ਅਤੇ ਨਾ ਮੁਕਤੀ ਦੀ ਕਾਮਨਾ ਰਖਦਾ ਹੈ ਪਰ ਸੰਸਥਾਤਮਿਕ ਰੂਪ ਵਿਚ ਸਿੱਖ ਸਮਾਜ ਕੋਲ ਰਾਜਨੀਤਿਕ ਇੱਛਾ ਅਤੇ ਰਾਜ ਦਾ ਸੰਕਲਪ ਮੌਜੂਦ ਹੈ ਅਤੇ ਅਧਿਆਤਮਿਕ ਕਲਿਆਣਤਾ ਲਈ ਸੰਗਤ ਦਾ ਸੰਕਲਪ ਵੀ ਉਸ ਪਾਸ

ਮੌਜੂਦ ਹੈ।[43]

**ਵਿਸ਼ੇ ਦੀ ਮਹੱਤਤਾ :**

ਰਾਜਨੀਤੀ ਅਤੇ ਧਰਮ ਦਾ ਆਪਸ ਵਿੱਚ ਕੀ ਸੰਬੰਧ ਹੈ ਦਾ ਵਿਸ਼ਾ ਆਪਣੇ ਆਪ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ। ਭਾਰਤੀ ਲੋਕਤੰਤਰ ਵਿੱਚ ਕਾਰਜਸ਼ੀਲ ਰਾਜਨੀਤਿਕ ਦਲ ਇਸ ਵਿਸ਼ੇ ਤੇ ਆਪਣਾ-ਆਪਣਾ ਮੱਤ ਰੱਖਦੇ ਹਨ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਦੀ ਰਾਜਨੀਤੀ ਵਿੱਚ ਧਰਮ ਦੀ ਇੱਕ ਵੱਡੀ ਭੂਮਿਕਾ ਹੈ। ਬਹੁਤ ਸਾਰੇ ਰਾਸ਼ਟਰੀ ਅਤੇ ਖੇਤਰੀ ਦਲ ਭਾਵੇਂ ਧਰਮ ਅਤੇ ਰਾਜਨੀਤੀ ਨੂੰ ਇਕ ਸਮਾਨ ਦ੍ਰਿਸ਼ਟੀ ਨਾਲ ਹੀ ਦੇਖਦੇ ਹਨ, ਪਰ ਜ਼ਾਹਰੇ ਤੌਰ ਤੇ ਉਹ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹਨ। ਇਹ ਦਲ ਧਰਮ ਅਤੇ ਰਾਜਨੀਤੀ ਨੂੰ ਵੱਖੋ-ਵੱਖਰੀ ਦ੍ਰਿਸ਼ਟੀ ਨਾਲ ਦੇਖਦੇ ਹਨ ਅਤੇ ਕਹਿੰਦੇ ਹਨ ਕਿ ਧਰਮ ਅਤੇ ਰਾਜਨੀਤੀ ਦਾ ਆਪਸ ਵਿੱਚ ਸੁਮੇਲ ਨਹੀਂ ਹੋਣਾ ਚਾਹੀਦਾ। ਅਕਾਲੀ ਦਲ ਜਿਹੜਾ ਕਿ ਭਾਰਤੀ ਲੋਕਤੰਤਰ ਦੇ ਵਿੱਚ ਇੱਕ ਬਹੁਤ ਹੀ ਪੁਰਾਣਾ ਖੇਤਰੀ ਰਾਜਨੀਤਕ ਦਲ ਹੈ, ਦੀ ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਇੱਕ ਵੱਡੀ ਭੂਮਿਕਾ ਹੈ, ਦਾ ਵਿਚਾਰ ਹੈ ਕਿ ਰਾਜਨੀਤੀ ਅਤੇ ਧਰਮ ਦਾ ਆਪਸ ਵਿੱਚ ਬੜਾ ਹੀ ਨਿੱਘਾ ਰਿਸ਼ਤਾ ਹੈ। ਇਸ ਕਰਕੇ ਭਾਰਤੀ ਰਾਜਨੀਤਿਕ ਪ੍ਰਣਾਲੀ ਦੇ ਵਿੱਚ ਵੱਖ-ਵੱਖ ਰਾਸ਼ਟਰੀ ਰਾਜਨੀਤਿਕ ਦਲ ਅਤੇ ਖੇਤਰੀ ਦਲ ਇਸ ਮਹੱਤਵਪੂਰਨ ਵਿਸ਼ੇ ਤੇ ਆਪੋ-ਆਪਣਾ ਮੱਤ ਰੱਖਦੇ ਹਨ। ਇਸ ਕਰਕੇ ਇਹ ਵਿਸ਼ਾ ਖੋਜ ਦੇ ਲਈ ਬੜਾ ਹੀ ਮਹੱਤਵਪੂਰਨ ਵਿਸ਼ਾ ਹੈ।

**ਸਕੋਪ**

ਭਾਰਤੀ ਰਾਜਨੀਤੀ ਮੱਤਾਂ ਉੱਤੇ ਅਧਾਰਿਤ ਹੈ ਹਰ ਰਾਜਨੀਤਿਕ ਦਲ ਭਾਵੇਂ ਉਹ ਰਾਸ਼ਟਰੀ ਹੋਵੇ ਜਾਂ ਖੇਤਰੀ ਵੱਧ ਤੋਂ ਵੱਧ ਮੱਤਦਾਤਾਵਾਂ ਨੂੰ ਲੁਭਾਉਣ ਲਈ ਅਤੇ ਭਰਮਾਉਣ

ਲਈ ਕਾਰਜਸ਼ੀਲ ਰਹਿੰਦੇ ਹਨ। ਇਸ ਲੁਭਾਉਣ ਅਤੇ ਭਰਮਾਉਣ ਦੀ ਪ੍ਰਕਿਰਿਆ ਵਿੱਚ ਧਰਮ ਦੀ ਇੱਕ ਵੱਡੀ ਭੂਮਿਕਾ ਹੈ। ਇਹ ਮੰਤਵ ਸਹੀ ਹੈ ਕਿ ਸਾਰੇ ਰਾਜਨੀਤਿਕ ਦਲਾਂ ਦੀ ਰਾਜਨੀਤੀ ਅਤੇ ਧਰਮ ਬਾਰੇ ਭੂਮਿਕਾ ਦੀ ਖੋਜ ਕੀਤੀ ਜਾਵੇ ਇਸ ਕਰਕੇ ਇਸ ਖੋਜ ਨੂੰ ਪੂਰੀ ਤਰ੍ਹਾਂ ਲਾਹੇਵੰਦ ਬਣਾਉਣ ਲਈ ਸਿਰਫ਼ ਅਕਾਲੀ ਦਲ ਦੀ ਧਰਮ ਤੇ ਰਾਜਨੀਤੀ ਦੀ ਭੂਮਿਕਾ ਤੱਕ ਹੀ ਸੀਮਿਤ ਰੱਖਿਆ ਗਿਆ ਹੈ।

**ਵਿਸ਼ੇ ਦਾ ਉਦੇਸ਼ :**

ਸ਼ੁਰੂ ਤੋਂ ਲੈ ਕੇ ਹੁਣ ਤੱਕ ਮਨੁੱਖ ਪ੍ਰਮਾਤਮਾ ਦੀ ਹੋਂਦ ਤੋਂ ਬਿਨਾਂ ਰਹਿ ਸਕਦਾ ਹੈ ਕਿ ਨਹੀਂ ਧਰਮ ਇਹ ਨਿਯਮਿਤ ਕਰਦਾ ਹੈ। ਧਰਮ ਅਤੇ ਰਾਜਨੀਤੀ ਇੱਕ ਦੂਜੇ ਦੇ ਪੂਰਕ ਹਨ ਕਿ ਨਹੀਂ, ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਸ਼ਕਤੀਆਂ ਵਿਚ ਅਤਿ ਵਿਸ਼ੇਸ਼ ਸਥਾਨ ਹੈ। ਵਿਅਕਤੀ ਦੇ ਜਨਮ ਨਾਲ ਹੀ ਧਾਰਮਿਕ ਪਰੰਪਰਾਵਾਂ ਅਤੇ ਰੀਤੀ-ਰਿਵਾਜ਼ ਸ਼ੁਰੂ ਹੋ ਜਾਂਦੇ ਹਨ ਅਤੇ ਉਸ ਦੀ ਮੌਤ ਤੱਕ ਜਾਰੀ ਰਹਿੰਦੇ ਹਨ। ਇਸ ਵਿਸ਼ੇ ਦੇ ਅਧੀਨ ਅਸੀਂ ਹੇਠ ਲਿਖੇ ਵਿਸ਼ਿਆਂ ਦਾ ਆਲੋਚਨਾਤਮਕ ਅਧਿਐਨ ਕਰਾਂਗੇ। ਖੋਜ ਦਾ ਮੁੱਖ ਉਦੇਸ਼ ਧਰਮ ਦਾ ਰਾਜਨੀਤੀ ਤੇ ਕੀ ਪ੍ਰਭਾਵ ਹੈ, ਬਾਰੇ ਜਾਣਨਾ ਹੈ। ਇਸ ਦੇ ਅਧਿਐਨ ਲਈ ਹੇਠ ਲਿਖੇ ਉਦੇਸ਼ ਹਨ :

1. ਸਿੱਖ ਸਭਿਆਚਾਰ ਅਤੇ ਰਾਜਨੀਤੀ ਦੇ ਸੰਬੰਧ ਦੀ ਪੜਚੋਲ ਕਰਨਾ।
2. ਸਿੱਖ ਧਰਮ ਦਾ ਸਾਕਾਰਤਮਕ ਅਤੇ ਨਾਕਾਰਾਤਮਕ ਪੰਜਾਬ ਦੀ ਰਾਜਨੀਤੀ ਤੇ ਪੈਣ ਵਾਲੇ ਪ੍ਰਭਾਵ ਦੀ ਪੜਚੋਲ ਕਰਨਾ।
3. ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਦੀ ਰਾਜਨੀਤੀ ਵਿਚ ਭੂਮਿਕਾ ਦੀ ਪੜਚੋਲ ਕਰਨਾ।
4. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸ਼੍ਰੋਮਣੀ ਅਕਾਲੀ ਦਲ ਦੇ ਵਿਕਾਸ ਸੰਬੰਧੀ

ਭੂਮਿਕਾ ਦੀ ਖੋਜ ਦੀ ਪੜਚੋਲ ਕਰਨਾ।

5. ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਬੰਧ ਵਿਚ ਵਿਸ਼ਲੇਸ਼ਣ ਦਾ ਅਧਿਐਨ।
6. ਅੱਜ ਦੇ ਮੌਜੂਦਾ ਸਿੱਖ ਧਾਰਮਿਕ ਆਗੂਆਂ ਅਤੇ ਸਿੱਖ ਰਾਜਨੇਤਾ ਨਾਲ ਗੱਲਬਾਤ ਕਰਨਾ ਅਤੇ ਉਸਨੂੰ ਪੜਚੋਲਣਾ।

**ਪਰਿਕਲਪਨਾ :**

ਪਰਿਕਲਪਨਾ ਤੋਂ ਭਾਵ ਧਰਮ ਅਤੇ ਰਾਜਨੀਤੀ ਦੇ ਆਪਸ ਵਿਚ ਸੰਬੰਧਾਂ ਦੇ ਕਾਰਨਾਂ ਨੂੰ ਪੜਚੋਲਣਾ ਅਤੇ ਸਿੱਧ ਕਰਨਾ। ਭਾਰਤ ਇੱਕ ਧਰਮ ਨਿਰਪੇਖ ਦੇਸ਼ ਹੁੰਦਿਆਂ ਹੋਇਆ ਵੀ ਧਾਰਮਿਕ ਮੁਲਕ ਹੈ ਭਾਰਤ ਦਾ ਮੁੱਖ ਧਰਮ ਹਿੰਦੂ ਹੈ। ਰਾਜਨੀਤੀ ਦੇ ਪਰਿਪੇਖ ਵਿਚ ਧਰਮ ਨੂੰ ਅਲੱਗ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਭਾਰਤੀ ਚੋਣ ਕਮਿਸ਼ਨ ਵੀ ਧਰਮ ਨੂੰ ਰਾਜਨੀਤੀ ਤੋਂ ਵੱਖ ਰੱਖਦਾ ਹੈ। ਭਾਰਤ ਵਿਚ ਰਾਸ਼ਟਰੀ ਪੱਧਰ ਤੇ ਧਰਮ ਰਾਜਨੀਤੀ ਤੋਂ ਵੱਖ ਹੋਣ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਮੁੱਖ ਰੂਪ ਵਿਚ ਧਰਮ ਵਿਚ ਰੰਗੀ ਨਜ਼ਰ ਆਉਂਦੀ ਹੈ। ਖੇਤਰੀ ਪੱਧਰ ਤੇ ਵੀ ਧਰਮ ਦੀ ਰਾਜਨੀਤੀ ਨੂੰ ਰਾਜਨੀਤਿਕ ਪਾਰਟੀਆਂ ਰਲਗੱਡ ਕਰਦੀਆਂ ਨਜ਼ਰ ਆਉਂਦੀਆਂ ਹਨ। ਮਹਾਰਾਸ਼ਟਰ ਵਿਚ ਸ਼ਿਵ ਸੈਨਾ ਧਰਮ ਅਤੇ ਰਾਜਨੀਤੀ ਨੂੰ ਸੱਤਾ ਉਦੇਸ਼ ਲਈ ਰਲਗੱਡ ਕਰਦੀ ਹੈ। ਪੰਜਾਬ ਵਿਚ ਅਕਾਲੀ ਦਲ ਸਿੱਖ ਧਰਮ ਨੂੰ ਰਾਜਨੀਤੀ ਦਾ ਆਧਾਰ ਬਣਾਉਣ ਲਈ ਕਿਹੜੇ ਕਾਰਨ ਹਨ। ਅਕਾਲੀ ਦਲ ਧਰਮ ਨੂੰ ਰਾਜਨੀਤੀ ਦਾ ਆਧਾਰ ਬਣਾਉਂਦਾ ਹੈ ਅਤੇ ਇਸਦੇ ਸਿੱਟੇ ਧਰਮ ਨੂੰ ਠੇਸ ਪਹੁੰਚਾਉਂਦੇ ਹਨ। ਮੇਰੀ ਖੋਜ ਦਾ ਮੁੱਖ ਵਿਸ਼ਾ ਸਿੱਖ ਧਰਮ ਨੂੰ ਰਾਜਨੀਤੀ ਲਈ ਅਕਾਲੀ ਦਲ ਆਪਣੀ ਸੱਤਾ ਦਾ ਸੁੱਖ ਭੋਗਣ ਲਈ ਵਰਤ ਰਿਹਾ ਹੈ ਜੋ ਕਿ ਸਮਾਜਿਕ ਢਾਂਚੇ ਨੂੰ ਨੁਕਸਾਨ ਪਹੁੰਚ ਰਿਹਾ ਹੈ। ਸਮਾਜਿਕ ਕਦਰਾਂ-ਕੀਮਤਾਂ ਦੀ ਗਿਰਾਵਟ ਦਾ ਕਾਰਨ ਵੀ ਧਰਮ ਦੀ ਰਾਜਨੀਤੀ ਲਈ ਵਰਤੋਂ ਹੈ।

**ਖੋਜ ਦੀ ਵਿਧੀ :**

ਇਸ ਖੋਜ ਨੂੰ ਨੇਪਰੇ ਚਾੜਨ ਲਈ ਇਤਿਹਾਸਕ ਅਤੇ ਤੁਲਨਾਤਮਕ ਖੋਜ ਵਿਧੀ ਦਾ ਸਹਾਰਾ ਲਿਆ ਗਿਆ ਹੈ। ਇਸ ਖੋਜ ਨੂੰ ਪੂਰਾ ਕਰਨ ਦੇ ਲਈ ਪ੍ਰਾਇਮਰੀ ਅਤੇ ਸੈਕੰਡਰੀ ਸਰੋਤਾਂ ਤੇ ਖੋਜ ਸਮੱਗਰੀ ਇਕੱਠੀ ਕੀਤੀ ਗਈ ਹੈ। ਧਾਰਮਿਕ ਗੁਰੂਆਂ, ਧਾਰਮਿਕ ਸੰਸਥਾਵਾਂ ਦੇ ਮੁਖੀਆਂ, ਅਕਾਲੀ ਦਲ ਦੇ ਪ੍ਰਧਾਨ, ਮੁੱਖ ਮੰਤਰੀ ਪੰਜਾਬ ਅਤੇ ਉਪ ਮੁੱਖ ਮੰਤਰੀ ਪੰਜਾਬ ਦੇ ਨਾਲ ਵਾਰਤਾਲਾਪ ਕਰਕੇ ਖੋਜ ਸਮੱਗਰੀ ਪ੍ਰਾਪਤ ਕੀਤੀ ਗਈ ਹੈ।

**ਪਾਠ-ਕ੍ਰਮ :**

ਖੋਜ ਦਾ ਵਿਸ਼ਾ ਧਰਮ ਅਤੇ ਰਾਜਨੀਤੀ ਦਾ ਸੰਬੰਧ ਸ਼੍ਰੋਮਣੀ ਅਕਾਲੀ ਦਲ ਦੇ ਹਵਾਲੇ ਨਾਲ ਹੈ ਇਸ ਨੂੰ ਛੇ ਪਾਠਕ੍ਰਮ ਵਿਚ ਵੰਡ ਕੇ ਅਧਿਐਨ ਕੀਤਾ ਹੈ। ਧਰਮ ਅਤੇ ਰਾਜਨੀਤੀ ਮਨੁੱਖੀ ਸਮਾਜ ਦੇ ਦੋ ਮਹੱਤਵਪੂਰਨ ਅੰਗ ਹਨ:

ਪਹਿਲੇ ਪਾਠਕ੍ਰਮ ਵਿਚ ਮਨੁੱਖ ਦਾ ਧਰਮ ਅਤੇ ਰਾਜਨੀਤੀ ਦੇ ਨਾਲ ਕਿਹੋ ਜਿਹਾ ਸੰਬੰਧ ਹੈ। ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਇਸ ਅਧਿਐਨ ਵਿਚ ਰਾਜਨੀਤੀ ਅਤੇ ਧਰਮ ਅਤੇ ਇਤਿਹਾਸ ਨੂੰ ਵੀ ਪੜਚੋਲਿਆ ਗਿਆ ਹੈ। ਪਹਿਲੇ ਪਾਠਕ੍ਰਮ ਵਿਚ  ਜਨਮ ਤੋਂ ਹੀ ਧਰਮ ਮਨੁੱਖ ਨੂੰ ਪ੍ਰਭਾਵਿਤ ਕਰਦਾ ਹੈ। ਸਮਾਜ ਵਿਚ ਚੱਲ ਰਹੇ ਰੀਤੀ-ਰਿਵਾਜ਼ ਦਾ ਆਧਾਰ ਵੀ ਪ੍ਰਮੁੱਖ ਤੌਰ ਤੇ ਧਰਮ ਹੀ ਹੁੰਦਾ ਹੈ। ਮਨੁੱਖ ਦਾ ਜੀਵਨ ਸੂਖਮ ਅਤੇ ਕ੍ਰਿਆਸ਼ੀਲ ਹੁੰਦਾ ਹੈ। ਧਰਮ ਇੱਕ ਅਜਿਹਾ ਸੋਮਾ ਹੈ ਜੋ ਮਨੁੱਖ ਨੂੰ ਜੀਵਨ ਜਾਂਚ ਸਿਖਾਉਂਦਾ ਹੈ। ਹਰੇਕ ਧਰਮ ਦੀ ਵੱਖਰੀ ਫਿਲਾਸਫ਼ੀ ਹੁੰਦੀ ਹੈ ਜਿਸਦਾ ਆਧਾਰ ਉਸਦੀਆਂ ਪਰੰਪਰਾਵਾਂ ਹੁੰਦੀਆਂ ਹਨ। ਭਾਰਤ ਵਿਚ ਵੱਖ-ਵੱਖ ਧਰਮ ਨੂੰ ਮੰਨਣ ਵਾਲੇ ਲੋਕ ਵਸਦੇ ਹਨ। ਭਾਰਤ ਸਭਿਆਚਾਰਕ ਅਤੇ ਧਾਰਮਿਕ ਪੱਖੋਂ ਏਕਤਾ ਦੀ ਮਿਸਾਲ ਹੈ। ਸਿੱਖ ਧਰਮ ਸੇਵਾ,

ਪਰਉਪਕਾਰ ਅਤੇ ਮਨੁੱਖੀ ਭਾਈਚਾਰਕ ਸਾਂਝ ਦੀ ਇੱਕ ਅਦੁੱਤੀ ਮਿਸਾਲ ਹੈ। ਧਰਮ ਨੂੰ ਅੰਗਰੇਜ਼ੀ ਵਿਚ ਰਿਲੀਜ਼ਨ ਕਹਿੰਦੇ ਹਨ। ਰਿਲੀਜ਼ਨ ਸ਼ਬਦ ਦੀ ਉਤਪਤੀ ਲਾਤੀਨੀ ਭਾਸ਼ਾ ਤੋਂ ਹੋਈ ਹੈ। ਜਿਸਦਾ ਅਰਥ ਕਿਸੇ ਦਾ ਨਾਲ ਬੰਨਣਾ ਹੈ ਪਰੰਤੂ ਭਾਰਤੀ ਸੰਸਕ੍ਰਿਤੀ ਵਿਚ ਧਰਮ ਸ਼ਬਦ ਦੇ ਅਰਥ ਬਹੁਤ ਵਿਆਪਕ ਹਨ। ਧਰਮ ਦਾ ਅਰਥ ਕਰਤੱਵ ਤੋਂ ਲਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਧਰਮ ਦੇ ਅਰਥ ਧਰਮ ਖੰਡ ਵਿਚ ਬੜੀ ਬਾਖੂਬੀ ਨਾਲ ਸਮਝਾਏ ਹਨ। ਭਗਵਦ ਗੀਤਾ ਵੀ ਧਰਮ ਦਾ ਅਰਥ ਕਰਮ ਤੋਂ ਲੈਂਦੀ ਹੈ। ਧਰਮ ਨੂੰ ਅਸੀਂ ਕਰਤੱਵ ਨਿਭਾਉਣ ਦੀ ਕ੍ਰਿਆ ਮੰਨਦੇ ਹਾਂ। ਭਾਰਤੀ ਸੰਸਕ੍ਰਿਤੀ ਕਰਤੱਵ ਵਿਚ ਨੈਤਿਕਤਾ ਨੂੰ ਸ਼ਾਮਿਲ ਕਰਦੀ ਹੈ ਸੋ ਨੈਤਿਕਤਾ ਨੂੰ ਵੀ ਧਰਮ ਦਾ ਕੇਂਦਰ ਬਿੰਦੂ ਮੰਨਿਆ ਜਾਂਦਾ ਹੈ ਇਸ ਪਾਠਕ੍ਰਮ ਵਿਚ ਧਰਮ ਮਨੁੱਖ ਨੂੰ ਅਲੌਕਿਕ ਸ਼ਕਤੀ ਨਾਲ ਜੋੜਦਾ ਹੈ ਅਤੇ ਮਨੁੱਖੀ ਉਸ ਅਲੌਕਿਕ ਸ਼ਕਤੀ ਦੇ ਹੁਕਮ ਵਿਚ ਆਪਣੇ ਜੀਵਨ ਦਾ ਸੰਪੂਰਨ ਵਿਕਾਸ ਕਰਦਾ ਹੈ। ਮਨੁੱਖੀ ਜੀਵਨ ਦੇ ਪੂਰਨ ਵਿਕਾਸ ਦੇ ਲਈ ਧਰਮ ਦੇ ਨਾਲ-ਨਾਲ ਰਾਜਨੀਤੀ ਨੂੰ ਵੀ ਜੋੜ ਕੇ ਦੇਖਣਾ ਪਵੇਗਾ। ਮਨੁੱਖੀ ਸਖ਼ਸ਼ੀਅਤ ਦੇ ਸੰਪੂਰਨ ਵਿਕਾਸ ਦੇ ਨਾਲ-ਨਾਲ ਧਰਮ ਅਤੇ ਰਾਜਨੀਤੀ ਦੋਨੋਂ ਹੀ ਵਿਕਸਿਤ ਹੋਏ ਹਨ। ਰਾਜਨੀਤੀ ਦੀ ਸ਼ੁਰੂਆਤ ਮਨੁੱਖ ਨੇ ਆਪਣੀ ਸੁਰੱਖਿਆ ਵਿਚੋਂ ਵਿਕਸਿਤ ਕੀਤੀ ਹੈ। ਮਨੁੱਖ ਆਪਣੀ ਸੁਰੱਖਿਆ ਅਤੇ ਸਥਾਪਤੀ ਲਈ ਰਾਜਨੀਤੀ ਕਰਦਾ ਹੈ। ਸਭ ਤੋਂ ਪਹਿਲਾਂ ਰਾਜਨੀਤੀ ਦੀ ਸ਼ੁਰੂਆਤ ਕਬੀਲੇ ਦੇ ਮੁੱਖੀ ਦੀ ਚੋਣ ਤੋਂ ਹੋਈ। ਜੇਕਰ ਗਹੁ ਨਾਲ ਵੇਖਿਆ ਜਾਵੇ ਰਾਜਨੀਤੀ ਦਾ ਆਧਾਰ ਵੀ ਧਰਮ ਹੀ ਹੁੰਦਾ ਹੈ। ਪਲੈਟੋ ਅਤੇ ਅਰਸਤੂ ਦੀ ਲਿਖਤਾਂ ਵਿਚ ਆਦਰਸ਼ ਰਾਜ ਦੀ ਕਲਪਨਾ ਕੀਤੀ ਗਈ ਸੀ। ਆਦਰਸ਼ ਰਾਜ ਦਾ ਆਧਾਰ ਵੀ ਧਾਰਮਿਕ ਪਰੰਪਰਾਵਾਂ ਅਤੇ ਰੀਤੀ-ਰਿਵਾਜ਼ ਸਨ। ਰਾਜਨੀਤੀ ਨਿਰੰਤਰ ਰੂਪ ਵਿਚ ਚੱਲਣ ਵਾਲੀ ਇੱਕ ਸਰਬਵਿਆਪਕ ਕਿਰਿਆ ਹੈ। ਹਰੇਕ ਵਿਅਕਤੀ ਇਸ ਵਿਚ ਰੁਚੀ ਰੱਖਦਾ ਹੈ। ਛੋਟੀ ਤੋਂ ਛੋਟੀ ਇਕਾਈ ਤੋਂ ਲੈ ਕੇ ਅੰਤਰਰਾਸ਼ਟਰੀ ਸੰਸਥਾਵਾਂ ਵਿਚ ਰਾਜਨੀਤੀ

ਪਾਈ ਜਾਂਦੀ ਹੈ। ਅਸਲ ਵਿਚ ਮਨੁੱਖਾਂ ਦੇ ਆਪਸੀ ਸੰਬੰਧਾਂ ਨੂੰ ਨਿਯਮਿਤ ਕਰਨਾ ਹੀ ਰਾਜਨੀਤੀ ਹੈ।

ਦੂਸਰੇ ਪਾਠਕ੍ਰਮ ਵਿਚ ਸਿੱਖ ਸੱਭਿਆਚਾਰ ਅਤੇ ਸਿੱਖ ਕੌਮ ਸਿੱਖਾਂ ਦੀ ਪਹਿਚਾਣ ਦੇ ਇਤਿਹਾਸ ਦੀ ਪੜਚੋਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਧਰਮ ਅਤੇ ਰਾਜਨੀਤੀ ਦੇ ਵਿਸ਼ੇ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ ਪਾਠਕ੍ਰਮ ਵਿਚ ਖਾਲਸੇ ਰਾਜ ਸਮੇਂ ਸਿੱਖਾਂ ਦੀ ਹਸਤੀ ਅਤੇ ਖ਼ਾਲਸਾ ਰਾਜ ਤੋਂ ਬਾਅਦ ਸਿੱਖਾਂ ਦੀ ਸਥਿਤੀ ਬਾਰੇ ਸੰਖੇਪ ਵਿਚ ਪੜਚੋਲ ਹੋਇਆ ਹੈ।ਇਸ ਪਾਠਕ੍ਰਮ ਵਿਚ ਮੌਜੂਦਾ ਸਮੇਂ ਸਿੱਖ ਰਾਜਨੀਤੀ ਦੇ ਨਿਘਾਰ ਨੂੰ ਵੇਖਣ ਦੀ ਕੋਸ਼ਿਸ਼ ਕੀਤੀ ਗਈ।

ਤੀਜੇ ਪਾਠਕ੍ਰਮ ਵਿਚ ਧਰਮ ਅਤੇ ਰਾਜਨੀਤੀ ਦੇ ਇਤਿਹਾਸਕ ਦ੍ਰਿਸ਼ਟੀਕੋਣ ਦੇ ਪੜਚੋਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਮਨੁੱਖੀ ਸਮਾਜ ਵਿਚ ਧਰਮ ਅਤੇ ਰਾਜਨੀਤੀ ਦੋ ਮਹੱਤਵਪੂਰਨ ਪੱਖ ਹਨ। ਜਿਨ੍ਹਾਂ ਦੀ ਨੇੜਤਾ ਸਪੱਸ਼ਟ ਤੌਰ ਤੇ ਦਿੱਸਦੀ ਹੈ। ਇਸ ਪਾਠਕ੍ਰਮ ਵਿਚ ਸਿੱਖ ਧਰਮ ਅਤੇ ਸਿੱਖ ਰਾਜਨੀਤੀ ਦੇ ਸੰਬੰਧਾਂ ਦੀ ਪੜਚੋਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਮਨੁੱਖ ਦੇ ਵਿਕਾਸ ਦੇ ਨਾਲ-ਨਾਲ ਧਰਮ ਅਤੇ ਰਾਜਨੀਤੀ ਦੇ ਨਿਖਾਰ ਦੀ ਚਰਚਾ ਹੁੰਦੀ ਰਹੀ ਹੈ। ਮਨੁੱਖ ਦਾ ਵਿਕਾਸ ਕੁਦਰਤੀ ਪ੍ਰਵਿਰਤੀ ਦੇ ਪੱਧਰ ਤੋਂ ਪ੍ਰਥਾਗਤ-ਨੈਤਿਕਤਾ ਦੇ ਪੱਧਰ ਤੇ ਗੁਜ਼ਰਦਾ ਹੋਇਆ ਵਿਚਾਰਗਤ ਨੈਤਿਕਤਾ ਤੇ ਪਹੁੰਚਿਆ। ਵਿਚਾਰਕਤਾ ਨੈਤਿਕਤਾ ਤੇ ਪਹੁੰਚਦੇ-ਪਹੁੰਚਦੇ ਮਨੁੱਖ ਧਰਮ ਅਤੇ ਰਾਜਨੀਤੀ ਨੂੰ ਇੱਕ ਦੂਜੇ ਨਾਲ ਮਿਲਾ ਕੇ ਵੇਖਣ ਲੱਗ ਗਿਆ। ਅਸੀਂ ਇਥੋਂ ਤੱਕ ਕਹਿ ਸਕਦੇ ਹਾਂ ਕਿ ਮਨੁੱਖ ਧਰਮ ਦੀ ਵਰਤੋਂ ਆਪਣੇ ਹਿੱਤ ਲਈ ਕਰਨ ਲੱਗ ਗਿਆ। ਅੱਜ ਦੇ ਸਮੇਂ ਵਿਚ ਸਮੁੱਚੀਆਂ ਰਾਜਨੀਤਿਕ ਪਾਰਟੀਆਂ ਸੱਤਾ ਦੀ ਪ੍ਰਾਪਤੀ ਲਈ ਧਰਮ ਦੀ ਵਰਤੋਂ ਕਰਦੀਆਂ ਹਨ। ਸਿੱਖ ਰਾਜਨੀਤੀ ਦਾ ਆਧਾਰ ਹੀ ਧਰਮ ਹੈ। ਮੌਜੂਦਾ ਸ਼੍ਰੋਮਣੀ ਅਕਾਲੀ ਦਾ ਜਨਮ ਗੁਰਦੁਆਰਾ

ਸੁਧਾਰ ਲਹਿਰ ਵਿਚੋਂ ਹੋਇਆ ਜੋ ਕਿ ਨਿਰੋਲ ਧਾਰਮਿਕ ਲਹਿਰ ਸੀ। ਮਨੁੱਖੀ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਮਨੁੱਖ ਦੇ ਜਨਮ ਦੇ ਨਾਲ ਹੀ ਧਰਮ ਦਾ ਜਨਮ ਹੋਇਆ ਲੱਗਦਾ ਹੈ।

ਰਾਜਨੀਤੀ ਦੀਆਂ ਜੜ੍ਹਾਂ ਵੀ ਪ੍ਰਾਚੀਨ ਯੂਨਾਨੀ ਸੱਭਿਅਤਾ ਵਿਚ ਹਨ ਯੂਨਾਨੀ ਸੱਭਿਅਤਾ ਨੂੰ ਸਮਝ ਕੇ ਹੀ ਪੱਛਮੀ ਦੁਨੀਆਂ ਨੂੰ ਸਮਝਿਆ ਜਾ ਸਕਦਾ ਹੈ। ਧਰਮ ਦੀ ਤਰ੍ਹਾਂ ਰਾਜਨੀਤਿਕ ਸੰਚਲਨ ਵਿਚ ਵੀ ਇਕਸੁਰਤਾ ਅਤੇ ਅਸੂਲਾਂ ਦੀ ਮਹੱਤਤਾ ਹੈ। ਸੁਕਰਾਤ ਹੀ ਠੀਕ ਹੀ ਕਹਿੰਦਾ ਹੈ ਕਿ ਵਧੀਆ ਮਨ ਜਾਂ ਸਮਾਜ ਵਿਚ ਮੇਰਾ ਤੇਰਾ ਦਾ ਭੇਦ ਖ਼ਤਮ ਹੋ ਜਾਂਦਾ ਹੈ। ਅਰਸਤੂ ਸ਼ਹਿਰੀਆਂ ਵਿਚ ਆਪਸੀ ਪਿਆਰ ਨੂੰ ਰਾਜ ਦੀ ਸ਼ਕਤੀ ਮੰਨਦਾ ਹੈ। ਇਹ ਸੰਕਲਪ ਸਿੱਖ ਧਰਮ ਦੀ ਸਦਾਚਾਰਕ ਭਾਵਨਾ ਦੇ ਨਾਲ ਬਿਲਕੁਲ ਮਿਲਦੇ ਪ੍ਰਤੀਤ ਹੁੰਦੇ ਹਨ। ਰਾਜ ਵਿਚ ਰਹਿਣ ਵਾਲੇ ਹਰੇਕ ਵਿਅਕਤੀ ਦਾ ਕਿਸੇ ਨਾ ਕਿਸੇ ਰੂਪ ਵਿਚ ਰਾਜਨੀਤੀ ਨਾਲ ਸੰਬੰਧ ਹੁੰਦਾ ਹੈ। ਵਧੀਆ ਸਮਾਜ ਜਾਂ ਰਾਜ ਲਈ ਮਨੁੱਖੀ ਅਧਿਕਾਰਾਂ, ਸੁਤੰਤਰਤਾ, ਸਮਾਨਤਾ ਅਤੇ ਨਿਆਂ ਮਹੱਤਵਪੂਰਨ ਥੰਮ ਹਨ। ਸੋ ਧਰਮ ਅਤੇ ਰਾਜਨੀਤੀ ਦੋਵੇਂ ਹੀ ਮਨੁੱਖੀ ਕਦਰਾਂ-ਕੀਮਤਾਂ ਅਤੇ ਸਦਾਚਾਰ ਦੀ ਗੱਲ ਕਰਦੇ ਹਨ। ਸਮਾਜ ਦੇ ਕਲਿਆਣ ਦਾ ਆਧਾਰ ਮਨੁੱਖ ਲਈ ਅਧਿਆਤਮਕ ਉਨਤੀ ਹੀ ਪ੍ਰਮੁੱਖ ਰੋਲ ਅਦਾ ਕਰਦੀ ਹੈ।

ਚੌਥੇ ਪਾਠਕ੍ਰਮ ਵਿਚ ਸਿੱਖ ਧਰਮ ਵਿਚੋਂ ਪੈਦਾ ਹੋਈ ਅਕਾਲੀ ਰਾਜਨੀਤੀ ਦੀ ਪੜਚੋਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਦੁਆਰਾ ਸੁਧਾਰ ਲਹਿਰ ਹੀ ਅਕਾਲੀ ਲਹਿਰ ਅਖਵਾਉਣ ਲੱਗੀ। ਅਕਾਲੀ ਦਾ ਅਰਥ ਖੁਦ ਅਕਾਲ ਪੁਰਖ ਦੁਆਰਾ ਸਾਜਿਆ ਹੋਇਆ ਸਖਸ਼ ਹੈ। ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਅਕਾਲ ਪੁਰਖ ਦਾ ਬੰਦਾ ਐਲਾਨਿਆ। ਜਿਹੜੀ ਜੋਤ ਨੌ ਜਾਮਿਆਂ ਵਿਚ ਪ੍ਰਗਟ ਹੋਈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕਰਕੇ ਹਰ ਸਿੱਖ ਨੂੰ ਅਕਾਲੀ ਅਖਵਾਉਣ ਦਾ ਮਾਣ ਬਖਸ਼ਿਆ। ਸ਼੍ਰੋਮਣੀ ਅਕਾਲੀ ਦਲ ਬਣਾਏ ਜਾਣ ਦਾ ਗੁਰਮਤਾ 14

ਦਸੰਬਰ 1920 ਵਿਚ ਪਾਇਆ ਅਤੇ ਜਥੇਬੰਦੀ ਦੀ ਪਹਿਲੀ ਚੋਣ 23-24 ਜਨਵਰੀ 1921 ਨੂੰ ਹੋਈ। ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਪਹਿਲਾ ਉਦੇਸ਼ ਬਦਇਖਲਾਕ, ਬੇਈਮਾਨ ਅਤੇ ਅਯਾਸ ਲੋਕਾਂ ਤੋਂ ਗੁਰਦੁਆਰਿਆਂ ਦੀ ਮੁਕਤੀ ਕਰਵਾਉਣਾ ਸੀ। ਗੁਰਦੁਆਰਾ ਸ਼ਬਦ ਤੋਂ ਭਾਵ ਗੁਰੂ ਦਾ ਘਰ ਹੈ ਸਿੱਖ ਧਾਰਮਿਕ ਸਥਾਨਾਂ ਵਾਸਤੇ ਸਭ ਤੋਂ ਪਹਿਲਾਂ ਲਗਭਗ 19ਵੀਂ ਸਦੀ ਦੇ ਸ਼ੁਰੂ ਵਿਚ ਵਰਤਿਆ ਜਾਣਾ ਸ਼ੁਰੂ ਹੋਇਆ। ਗੁਰਦੁਆਰਾ ਸੇਵਾ ਸੰਭਾਲ ਵਿਚੋਂ ਹੀ ਅਕਾਲੀ ਦਲ ਦਾ ਜਨਮ ਹੋਇਆ। ਸਭ ਤੋਂ ਪਹਿਲਾ ਅਕਾਲੀ ਦਲ ਦੀ ਸੈਂਟਰਲ ਬਾਡੀ ਨੂੰ ਗੁਰਦੁਆਰਾ ਸੇਵਕ ਦਲ ਕਿਹਾ ਗਿਆ। 24 ਮਾਰਚ 1922 ਨੂੰ ਜਥੇਬੰਦੀ ਦਾ ਨਾਂ ਅਕਾਲੀ ਦਲ ਤੋਂ ਬਦਲ ਕੇ ਸ਼੍ਰੋਮਣੀ ਅਕਾਲ ਦਲ ਰੱਖ ਦਿੱਤਾ ਗਿਆ ਅਤੇ ਸਰਮੁੱਖ ਸਿੰਘ ਝਬਾਲ ਪਹਿਲੇ ਪ੍ਰਧਾਨ ਬਣੇ।

ਪੰਜਵੇਂ ਪਾਠਕ੍ਰਮ ਵਿਚ ਧਰਮ ਨੂੰ ਅਕਾਲੀ ਦੇ ਸੰਦਰਭ ਵਿਚ ਪੜਚੋਲਿਆ ਗਿਆ ਹੈ। ਧਰਮ ਦਾ ਮਨੁੱਖ ਨਾਲ ਅਟੁੱਟ ਰਿਸ਼ਤਾ ਹੈ ਹਰੇਕ ਧਰਮ ਮਨੁੱਖ ਨੂੰ ਜਨਮ ਮਰਨ ਦੇ ਗੇੜ ਵਿਚੋਂ ਕੱਢ ਕੇ ਮੁਕਤੀ ਦਾ ਰਾਹ ਦਿਖਾਉਣਾ ਚਾਹੁੰਦਾ ਹੈ। ਸ਼੍ਰੋਮਣੀ ਅਕਾਲੀ ਦਲ ਸਿੱਖ ਰਾਜਨੀਤੀ ਦੇ ਆਧਾਰ ਵਾਲੀ ਰਾਜਨੀਤਿਕ ਪਾਰਟੀ ਹੈ। ਸ਼੍ਰੋਮਣੀ ਅਕਾਲੀ ਦਲ ਸਿੱਖ ਧਰਮ ਅਤੇ ਰਾਜਨੀਤੀ ਨੂੰ ਨਾਲ-ਨਾਲ ਲੈ ਕੇ ਚੱਲਦਾ ਹੈ। ਸ਼੍ਰੋਮਣੀ ਅਕਾਲੀ ਦਲ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਸਥਾਪਿਤ ਕੀਤੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈ ਕੇ ਰਾਜਨੀਤੀ ਕਰਦਾ ਹੈ। ਪੰਜਾਬ ਦੀ ਰਾਜਨੀਤੀ ਸਿੱਖ ਰਾਜ ਦਾ ਮਹੱਤਵਪੂਰਨ ਰੋਲ ਹੈ। ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਵਿਕਾਸ ਤੇ ਸੱਤਾ ਪੂਰਨ ਤੌਰ ਤੇ ਸਿੱਖ ਧਰਮ ਤੇ ਆਧਾਰਿਤ ਹੈ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ।

ਛੇਵੇਂ ਪਾਠਕ੍ਰਮ ਵਿਚ ਧਰਮ ਅਤੇ ਰਾਜਨੀਤੀ ਤੇ ਮੁੱਦੇ ਤੇ ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨਾਲ ਗੱਲਬਾਤ ਕੀਤੀ ਗਈ ਧਰਮ ਅਤੇ ਰਾਜਨੀਤੀ ਦੇ ਮੁੱਦੇ ਉੱਤੇ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਨਾਲ ਧਰਮ ਤੇ ਰਾਜਨੀਤੀ ਕਿਉਂ ਭਾਰੂ ਹੋ ਰਹੀ ਹੈ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਗਈ। ਇਸ ਪਾਠਕ੍ਰਮ ਵਿਚ ਮੌਜੂਦਾ ਰਾਜਨੀਤਿਕ ਆਗੂਆਂ ਸਰਪ੍ਰਸਤ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਦੇ ਮੌਜੂਦਾ ਉਪ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ ਨਾਲ ਧਰਮ ਦੀ ਰਾਜਨੀਤੀ ਦੀ ਵਰਤੋਂ ਜਾਇਜ਼ ਹੈ। ਵਿਸ਼ੇ ਤੇ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਪਾਠਕ੍ਰਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਤੋਂ ਸਿੱਖ ਧਰਮ ਅਤੇ ਸਿੱਖ ਰਾਜਨੀਤੀ ਦੇ ਸੰਤੁਲਨ ਬਾਰੇ ਸੇਧ ਲੈਣ ਲਈ ਉਪਰਾਲਾ ਕੀਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਸਿੱਖ ਰਾਜਨੀਤੀ ਦੇ ਆਧਾਰ ਵਾਲੀ ਰਾਜਨੀਤਿਕ ਪਾਰਟੀ ਹੈ। ਸ਼੍ਰੋਮਣੀ ਅਕਾਲੀ ਦਲ ਸਿੱਖ ਧਰਮ ਅਤੇ ਰਾਜਨੀਤੀ ਨੂੰ ਨਾਲ ਲੈ ਕੇ ਚੱਲਦਾ ਹੈ। ਸ਼੍ਰੋਮਣੀ ਅਕਾਲੀ ਦਲ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਸਥਾਪਿਤ ਕੀਤੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈ ਕੇ ਰਾਜਨੀਤੀ ਕਰਦਾ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਦੀ ਸਥਾਪਨਾ ਭਗਤੀ ਤੇ ਸ਼ਕਤੀ ਦੇ ਮਾਰਗ ਤੇ ਚੱਲਣ ਲਈ ਪ੍ਰੇਰਨਾ ਸਦਕਾ ਹੀ ਕੀਤੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਖ਼ਾਲਸਾ ਪੰਥ ਦੀ ਸਥਾਪਨਾ ਕਰਨਾ ਇਸ ਪ੍ਰਕਿਰਿਆ ਨੂੰ ਅੱਗੇ ਤੋਰਨਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸੱਚ ਲਈ ਸ਼ੀਸ਼ ਵਾਰਨ ਦਾ ਉਪਦੇਸ਼ ਦਿੱਤਾ ਅਤੇ ਖ਼ਾਲਸਾ ਪੰਥ ਨੂੰ ਅਕਾਲ ਪੁਰਖ ਦੀ ਫੌਜ ਕਿਹਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਰੂ ਕੀਤੇ ਪੰਥ ਵਿਚ ਇਹ ਦੋ ਵੱਡੀਆਂ ਘਟਨਾਵਾਂ ਸਨ ਜਿਨ੍ਹਾਂ ਦਾ ਉਦੇਸ਼ ਸਮਾਜ ਮੁਕਤੀ ਦੇ ਮਾਰਗ ਦੇ ਚੱਲਦਿਆਂ ਆਤਮਿਕ ਮੁਕਤੀ ਦੀ ਮੰਜ਼ਿਲ ਪਾਉਣਾ ਹੈ। ਸਿੱਖ ਫਲਸਫੇ

ਵਿਚ ਨੈਤਿਕ-ਅਧਿਆਤਮਕ ਉਨਤੀ ਪ੍ਰਾਪਤ ਕਰਨਾ ਆਖਰੀ ਮੰਜ਼ਿਲ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਆਪਸੀ ਆਨ ਅਤੇ ਸ਼ਾਨ ਲਈ ਹਮੇਸ਼ਾ ਕੁਰਬਾਨੀਆਂ ਲਈ ਤਿਆਰ ਰਹਿਣ ਦੀ ਪ੍ਰੇਰਨਾ ਦਿੱਤੀ। ਇਸੇ ਫਲਸਫੇ ਤੇ ਆਧਾਰਿਤ ਹੀ ਮਹਾਰਾਜਾ ਰਣਜੀਤ ਸਿੰਘ ਦਾ ਪਹਿਲਾ ਸਿੱਖ ਰਾਜ ਜਿਸ ਵਿਚ ਮਨੁੱਖਤਾ ਦਾ ਕਲਿਆਣ ਪ੍ਰਮੁੱਖ ਉਦੇਸ਼ ਸੀ ਅਤੇ ਸਾਰੇ ਹੀ ਧਰਮਾਂ ਦੇ ਲੋਕ ਜਿਸ ਵਿਚ ਹਿੰਦੂ, ਮੁਸਲਿਮ, ਸਿੱਖ, ਈਸਾਈ ਸਭ ਖੁਸ਼ ਸਨ ਅਤੇ ਸਾਰੇ ਹੀ ਵਰਗ ਦੇ ਲੋਕ ਸਮਾਜਿਕ ਸਮਾਨਤਾ ਦਾ ਜੀਵਨ ਜਿਉ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਰਾਜਨੀਤੀ ਦਾ ਆਧਾਰ ਸਿੱਖ ਧਰਮ ਸੀ। ਮਹਾਰਾਜੇ ਨੇ ਹਮੇਸ਼ਾ ਹੀ ਆਪਣੇ ਆਪ ਨੂੰ ਵਜੀਰ ਕਿਹਾ ਅਤੇ ਗੁਰੂ ਨਾਨਕ ਨੂੰ ਸੱਚਾ ਪਾਤਸ਼ਾਹ ਕਹਿ ਕੇ ਸਮਾਜਿਕ ਭਲਾਈ ਦੇ ਕੰਮ ਕੀਤੇ ਅੱਜ ਦਾ ਸ਼੍ਰੋਮਣੀ ਅਕਾਲੀ ਦਲ ਵੀ ਸਿੱਖ ਧਰਮ ਦੇ ਆਧਾਰ ਤੇ ਰਾਜਨੀਤੀ ਕਰਦਾ ਹੈ ਪਰੰਤੂ ਉਸਦੀ ਰਾਜਨੀਤੀ ਵਿਚ ਹਲੀਮੀ, ਨਿਮਰਤਾ, ਮਾਨਵਤਾ ਦਾ ਕਲਿਆਣ, ਨਿਆਂ ਅਤੇ ਸਮਾਜਿਕ ਸਮਾਨਤਾ ਵਰਗੇ ਸਿੱਖ ਸਦਗੁਣ ਅਲੋਪ ਹਨ ਅੱਜ ਦਾ ਅਕਾਲੀ ਦਲ ਸੱਤਾ ਹਾਸਿਲ ਕਰਨ ਤੱਕ ਸਿੱਖ ਕੌਮ ਦੇ ਆਰਥਿਕ, ਧਾਰਮਿਕ ਅਤੇ ਰਾਜਸੀ ਹੱਕਾਂ ਦੀ ਗੱਲ ਕਰਦਾ ਹੈ। ਸੱਤਾ ਮਿਲਦੇ ਸਾਰ ਹੀ ਇਹ ਲੜਾਈ ਲੜਨੀ ਭੁੱਲ ਜਾਂਦਾ ਹੈ। ਸਿੱਖ ਕੌਮ ਦੀ ਪਹਿਚਾਣ ਹਮੇਸ਼ਾ ਆਪਣਾ ਹੱਕ ਬਣਾਈ ਰੱਖਣਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਇਹੋ ਹੀ ਧਰਮ ਹੈ ਕ ਸਿੱਖ ਧਰਮ ਦੀ ਹੱਕਾਂ ਦੀ ਰਾਖੀ ਕੀਤੀ ਜਾਵੇ ਸਿੱਖ ਕੌਮ ਦੇ ਧਰਮ ਅਤੇ ਸੱਭਿਆਚਾਰ ਨੂੰ ਪ੍ਰਫੁਲਿਤ ਕੀਤਾ ਜਾਵੇ। ਬਿਨ੍ਹਾਂ ਸ਼ੱਕ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਖ ਸੱਭਿਆਚਾਰ ਸਿਰਜਣ ਲਈ ਬਹੁਤ ਲੜਾਈਆਂ ਲੜਨੀਆਂ ਪਈਆਂ ਅਤੇ ਜਿੱਤਾਂ ਵੀ ਪ੍ਰਾਪਤ ਕੀਤੀਆਂ। ਅੱਜ ਦੇ ਸਮੇਂ ਵਿਚ ਸਿੱਖ ਸੱਭਿਆਚਾਰ ਬਦਲ ਰਿਹਾ ਹੈ। ਜਿਵੇਂ ਕਿ ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਿਹ ਸਿੰਘ ਸਮੇਂ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਗਰਮੀਆਂ ਰਾਜਨੀਤਿਕ ਹੋਣ ਦੇ ਬਾਵਜੂਦ ਧਾਰਮਿਕ ਸਰੂਪ ਵਿਚ ਨਜ਼ਰ ਆਉਂਦੀਆਂ ਸਨ ਪਰੰਤੂ ਅੱਜ

ਧਾਰਮਕ ਸਰਗਰਮੀਆਂ ਵੀ ਰਾਜਨੀਤਿਕ ਵਧੇਰੇ ਲੱਗਦੀਆਂ ਹਨ। ਪੰਜਾਬੀ ਸੂਬਾ ਹੋਂਦ ਵਿਚ ਆਉਣ ਨਾਲ ਪੰਜਾਬ ਦੀ ਰਾਜਨੀਤੀ ਡੂੰਘਾ ਪ੍ਰਭਾਵ ਪਿਆ। ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਵਿਚ ਸਿੱਖ ਰਾਜ ਦੀ ਮੰਗ ਛੋਟੀ ਹੋਈ ਸੀ। ਆਜ਼ਾਦੀ ਮਿਲਣ ਤੋਂ ਤੁਰੰਤ ਬਾਅਦ ਅਤੇ ਪੰਜਾਬੀ ਸੂਬੇ ਦੇ ਗਠਨ ਤੱਕ ਸ਼੍ਰੋਮਣੀ ਅਕਾਲੀ ਦਲ ਦਾ ਰਾਜਨੀਤਿਕ ਨਿਸ਼ਾਨਾ ਪੂਰਨ ਤੌਰ ਤੇ ਬਦਲ ਗਿਆ ਸੀ। ਇਥੋਂ ਤੱਕ ਸ਼੍ਰੋਮਣੀ ਅਕਾਲੀ ਦਲ ਮੁੱਖ ਨੇਤਾ ਮਾਸਟਰ ਤਾਰਾ ਸਿੰਘ ਨੇ ਇਹ ਕਹਿ ਦਿੱਤਾ ਕਿ ਸਿੱਖ ਰਾਜ ਦੀ ਕੋਈ ਮੰਗ ਹੀ ਨਹੀਂ ਸਿੱਖ ਰਾਜ ਮੰਗਣਾ ਤਾਂ ਨਿਰਾ ਪਾਗਲਪਣ ਹੈ। ਸਿੱਖ ਵਿਚਾਰਧਾਰਾ ਦਾ ਮੁੱਖ ਸਿਧਾਂਤ ਧਰਮ ਅਤੇ ਰਾਜਨੀਤੀ ਨੂੰ ਇਕੱਠੇ ਲੈ ਕੇ ਚੱਲਣਾ ਹੈ। ਸਿੱਖ ਹਰ ਵਾਰੀ ਆਪਣੀ ਰਾਜਨੀਤਿਕ ਲੜਾਈ ਧਰਮ ਦੇ ਆਧਾਰ ਤੇ ਹੀ ਲੜਦੇ ਹਨ। ਸੋ ਸ਼੍ਰੋਮਣੀ ਅਕਾਲੀ ਦਲ ਰਾਜਨੀਤਿਕ ਸਮੱਸਿਆ ਦੇ ਹੱਲ ਲਈ ਧਰਮ ਨੂੰ ਸਾਧਨ ਦੇ ਤੌਰ ਤੇ ਵਰਤਦਾ ਹੈ। ਪੰਜਾਬੀ ਸੂਬੇ ਦੀ ਸਥਾਪਨਾ ਨਾਲ ਸਿੱਖ ਬਹੁਗਿਣਤੀ ਹੋਣ ਕਰਕੇ ਰਾਜਨੀਤਿਕ ਦੇ ਖੇਤਰ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਵਧੇਰੇ ਲਾਭ ਹੋਇਆ ਜੋ ਕਿ 1967 ਤੋਂ ਹੁਣ ਤੱਕ ਸੱਤਾ ਦਾ ਆਨੰਦ ਭੋਗਦਾ ਆ ਰਿਹਾ ਹੈ। ਸੱਤਾ ਪ੍ਰਾਪਤ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੜਾਈ ਸੀਮਿਤ ਹੋ ਕੇ ਰਹਿ ਗਈ ਹੈ ਪਰੰਤੂ ਸਿੱਖ ਧਰਮ ਅਤੇ ਸਿੱਖ ਫਲਸਫੇ ਦਾ ਕੋਈ ਵਿਸ਼ੇਸ਼ ਵਿਕਾਸ ਨਹੀਂ ਹੋਇਆ। ਪੰਜਾਬ ਦੀ ਰਾਜਨੀਤੀ ਵਿਚ ਸਿੱਖ ਧਰਮ ਦਾ ਮਹੱਤਵਪੂਰਨ ਰੋਲ ਹੈ ਪੰਜਾਬੀਆਂ ਦਾ ਰਾਜਨੀਤਿਕ ਵਿਕਾਸ ਧਾਰਮਿਕ ਸੋਚ ਤੇ ਪ੍ਰਭਾਵਿਤ ਹੈ।

# ਹਵਾਲੇ ਤੇ ਟਿੱਪਣੀਆਂ


1. ਐਫ. ਮੈਕਸਮੂਲਰ, ਧਰਮ ਦੀ ਉਤਪੱਤੀ ਅਤੇ ਵਿਕਾਸ, ਅਨੁਵਾਦਕ ਤਾਰਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
2. ਉਹੀ।
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 7.
4. ਅਰਸਤੂ, ਪੋਲੀਟਿਕਸ, ਅਨੁਵਾਦਕ ਦਲੀਪ ਸਿੰਘ ਉੱਪਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
5. ਉਹੀ।
6. C.L. Waper, Political Thought, Hodder & Stoughton Ltd., London, 1954.
7. Aradhna Singh, Akali Politics of Punjab, Gautam Book Company, Punjab (India), 2008.
8. Davinder Singh, Akali Politics in Punjab, National Book Organization, New Delhi, 1993.
9. ਡਾ. ਜਸਪਾਲ ਸਿੰਘ, ਸਿੱਖ ਧਰਮ ਤੇ ਰਾਜਨੀਤੀ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1997.
10. ਡਾ. ਏ.ਸੀ. ਅਰੋੜਾ, ਪੰਜਾਬ ਦੀ ਲੋਕ ਲਹਿਰਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.
11. Rajini Kothari, Politics in India, Orient Longman, New Delhi, 1970.
12. ਡਾ. ਸੁਖਦਿਆਲ ਸਿੰਘ, ਖਾਲਸਾ ਰਾਜ ਦਾ ਸੰਕਲਪ ਅਰਥਾਤ ਸਿੱਖ ਧਰਮ ਦੀ ਰਾਜਨੀਤਿਕ ਵਿਚਾਰਧਾਰਾ, ਫੋਰ ਸਟਾਰ ਪਬਲਿਸ਼ਰਜ, ਸਰਹਿੰਦੀ ਗੇਟ, ਪਟਿਆਲਾ,

1988.

13. ਰੂਪ ਸਿੰਘ, ਪੰਥ ਸੇਵਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.

14. ਡਾ. ਹਰਿੰਦਰ ਸਿੰਘ ਬਲਬੀਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2000.

15. ਰੂਪ ਸਿੰਘ, ਹੁਕਮਨਾਮੇ ਅੰਦੇਸ਼ ਸੰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, 2003.

16. ਹਰਸਿਮਰਨ ਸਿੰਘ, ਸਿੱਖ ਵਿਯਨ 2025, ਲੋਕਗੀਤ ਪ੍ਰਕਾਸ਼ਕ, ਚੰਡੀਗੜ੍ਹ, 2006.

17. ਸੋਹਣ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, ਆਰਸੀ ਪਬਲਿਸ਼ਰਜ਼, ਦਿੱਲੀ, 1991.

18. ਕਿਰਪਾਲ ਸਿੰਘ, ਪੰਜਾਬ ਦਾ ਬਟਵਾਰਾ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

19. ਹਰਜਿੰਦਰ ਸਿੰਘ ਦਿਲਗੀਰ, ਸ਼੍ਰੋਮਣੀ ਅਕਾਲੀ ਦਲ, ਮਾਡਰਨ ਪਬਲਿਸ਼ਰਜ, ਚੰਡੀਗੜ੍ਹ, 1980.

20. ਹਰਬੰਸ ਸਿੰਘ, ਸਾਡਾ ਵਿਰਸਾ, ਨਵਯੁਗ ਪਬਲੀਕੇਸ਼ਨ, ਨਵੀਂ ਦਿੱਲੀ, 1997.

21. ਸੁਰਿੰਦਰ ਸਿੰਘ ਜੋਹਰ, ਪੰਜਾਬ ਦਾ ਸੰਕਟ, ਆਰਸੀ ਪਬਲੀਕੇਸ਼ਨ ਬਿਊਰੋ, ਚਾਂਦਨੀ ਚੌਂਕ, ਦਿੱਲੀ, 2006.

22. ਮਹਿੰਦਰ ਸਿੰਘ ਪੱਤਰਕਾਰ, ਨੀਂਹ ਰੱਖੀ ਗਈ, ਪੰਥ ਖਾਲਸਾ ਪ੍ਰਕਾਸ਼ਨ, ਜਲੰਧਰ, 2009.

23. ਖੁਸ਼ਵੰਤ ਸਿੰਘ, ਸਿੱਖਾਂ ਦਾ ਇਤਿਹਾਸ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, ਦਿੱਲੀ,

1977.

24. ਸੀ.ਈ.ਐਮ. ਜੋਡ, ਆਧੁਨਿਕ ਰਾਜਨੀਤਿਕ ਸਿਧਾਂਤ ਦੀ ਜਾਣ ਪਛਾਣ, ਕਲਰੈਡਨ ਪ੍ਰੈਸ, ਆਕਸਫੋਰਡ, 1959.

25. ਸ੍ਰ. ਪਿਆਰਾ ਸਿੰਘ ਪਦਮ, ਸੰਖੇਪ ਸਿੱਖ ਇਤਿਹਾਸ, ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1963.

26. ਡਾ. ਕਿਰਪਾਲ ਸਿੰਘ, ਸਿੱਖ ਅਤੇ ਸ਼ਕਤੀ ਦਾ ਬਦਲਾਅ, ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਸੰਧੂ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

27. ਅਰਸਤੂ, ਪੋਲੀਟਿਕਸ, ਅਨੁਵਾਦਕ ਦਲੀਪ ਸਿੰਘ ਉੱਪਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

28. ਫੌਜਾ ਸਿੰਘ, ਪੰਜਾਬ ਦੇ ਪਹਿਲੇ ਸੁਤੰਤਰਤਾ ਸੰਗਰਾਮੀ, ਸਰਦਾਰ ਗੁਰਚਰਨ ਸਿੰਘ, ਐਮ.ਏ., ਪੀ.ਈ.ਐਸ.(ਯੂ), ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

29. ਗੁਰਦੇਵ ਸਿੰਘ ਸਿੱਧੂ, ਰੋਜ਼ਨਾਮਚਾ ਮੋਰਚਾ ਗੁਰੂ ਕਾ ਬਾਗ, ਡਾ. ਐਸ.ਐਸ. ਖਹਿਰਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

30. ਪ੍ਰੋ. ਨਰਿੰਜਨ ਸਿੰਘ, ਸਿੱਖ ਜਗਤ ਵਿੱਚ ਫੁੱਟ ਤੇ ਇਸਦੇ ਕਾਰਨ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1988.

31. ਡਾ. ਬਖਸ਼ੀਸ਼ ਸਿੰਘ ਨਿੱਝਰ, ਬੱਬਰ ਅਕਾਲੀਆਂ ਦਾ ਇਤਿਹਾਸ, ਲਾਹੌਰ ਬੁੱਕ ਡਿਪੂ, ਲੁਧਿਆਣਾ, 1991.

32. ਭਗਵਾਨ ਸਿੰਘ ਦਾਨੇਵਾਲੀਆ, 20ਵੀਂ ਸਦੀ ਦਾ ਪੰਜਾਬ, ਮੈਸ. ਔਰਿਅਨ ਪਬਲਿਸ਼ਰਜ਼, ਚੰਡੀਗੜ੍ਹ, 1999.

33. ਐਫ. ਮੈਕਸਮੂਲਰ, ਅਨੁਵਾਦਕ ਤਾਰਨ ਸਿੰਘ, ਧਰਮ ਦੀ ਉਤਪਤੀ ਅਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

34. ਪ੍ਰੀਤਮ ਸਿੰਘ, ਦਾਰਸ਼ਨਿਕ ਸਿੱਖ ਇਤਿਹਾਸ, ਨਿਊ ਬੁੱਕ ਕੰਪਨੀ, ਜਲੰਧਰ, 1962.

35. ਲੇਖਕਾਂ ਦੀ ਸਾਂਝੀ ਕਲਮ ਤੋਂ, ਪੰਜਾਬੀ ਸੂਬੇ ਦੇ ਮੋਰਚੇ ਦਾ ਇਤਿਹਾਸ, ਮੇਹਰ ਸਿੰਘ ਸੁਰਿੰਦਰ ਸਿੰਘ, ਅਮ੍ਰਿਤਸਰ, 1960.

36. Nigel Collett, The Butcher of Amritsar: General Reginald Dyer, A&C Black, Reprint, 2006.

37. G.S. Dhillon, Researches in Sikh Religion & History, Sumeet Parkashan, Chandigarh, 1989H

38. K.P. Karunakaran, Religion & Political Awakening in India, Meenakshi Parkashan, Delhi, 1965.

39. Kailash Chander Gulati, The Akalis Past & Present, Ashajanak Publication, New Delhi, 1974.

40. Dr. Ajit Singh, Shiromani Akali Dal (Religious-Political Study (1947-90), Aman Publication, Kapurthala, 2005.

41. N. Machivelli, The Prince, Wordsworth Editions, Hertfordshine, 1997.

42. ਧੰਨਾ ਸਿੰਘ ਗੁਲਸ਼ਨ, ਅੱਜ ਦਾ ਪੰਜਾਬ ਅਤੇ ਸਿੱਖ ਰਾਜਨੀਤੀ, ਧਾਲੀਵਾਲ ਪਬਲਿਸ਼ਿੰਗ ਹਾਊਸ, ਰਾਮਪੁਰਾ ਫੂਲ, 1978.

43. ਜਸਪਾਲ ਸਿੰਘ (ਡਾ.), ਰਾਜ ਦਾ ਸਿੱਖ ਸੰਕਲਪ, ਨਵਯੁਗ ਪਬਲਿਸ਼ਰਜ਼, ਦਿੱਲੀ, 1990.

# ਪਾਠ ਦੂਜਾ

# ਸਿੱਖ ਸੱਭਿਆਚਾਰ ਅਤੇ ਰਾਜਨੀਤੀ

ਸਿੱਖ ਕੌਮ ਦੀ ਸੱਭਿਆਚਾਰਕ ਉਸਾਰੀ ਲਈ ਦੋ ਤੱਥ ਬਹੁਤ ਮਹੱਤਵਪੂਰਨ ਹਨ। ਪਹਿਲਾ ਇਹ ਕਿ ਮੱਧ ਕਾਲ ਅੰਦਰ ਪੰਜਾਬ ਦੀ ਭੂਗੋਲਿਕ-ਯੁੱਧ ਨੀਤਿਕ ਸਥਿਤੀ ਦੂਜੀ ਸਿੱਖਾਂ ਦਾ ਬਹੁਤ ਘੱਟ ਗਿਣਤੀ ਵਿਚ ਹੋਣ ਕਰਕੇ ਲਗਾਤਾਰ ਹਮਲਾਵਰਾਂ ਵਿਚ ਘਿਰੇ ਰਹਿਣਾ। ਖੈਬਰ ਦਰੇ ਤੋਂ ਲੈ ਕੇ ਯਮੁਨਾ ਦਰਿਆ ਦਾ ਇਲਾਕਾ ਕਰੀਬ ਤਿੰਨ ਹਜਾਰ ਸਾਲ ਹਮਲਾਵਰਾਂ ਦਾ ਲਾਂਘਾ ਹੀ ਬਣਿਆ ਰਿਹਾ। 18ਵੀਂ ਸਦੀ ਤੱਕ ਦਿੱਲੀ ਦੇ ਮੁਗਲ ਬਾਦਸ਼ਾਹ ਬਹੁਤ ਸ਼ਕਤੀਸ਼ਾਲੀ ਹੋ ਗਏ। ਮੁਗਲ ਬਾਦਸ਼ਾਹਤ ਨੇ ਸਿੱਖ ਕੌਮ ਦੇ ਵਿਕਾਸ ਅਤੇ ਸੱਭਿਆਚਾਰ ਨੂੰ ਬੁਰੀ ਤਰ੍ਹਾਂ ਰੋਕਿਆ। ਸਿੱਖਾਂ ਦੀ ਗਿਣਤੀ ਘੱਟ ਹੀ ਨਹੀਂ ਸੀ ਸਗੋਂ ਇਹ ਅਟਕ ਤੋਂ ਲੈ ਕੇ ਯਮੁਨਾ ਤੱਕ ਦੇ ਇਲਾਕੇ ਵਿਚ ਦੂਰ ਦੂਰ ਤੱਕ ਬਿਖਰੇ ਹੋਏ ਸਨ, ਜਿਸ ਕਰਕੇ ਇਨ੍ਹਾਂ ਦੀਆਂ ਸਮੱਸਿਆਵਾਂ ਵੱਧਦੀਆਂ ਹੀ ਗਈਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਖ਼ਾਲਸਾ ਪੰਥ ਦੀ ਸਿਰਜਨਾ ਤੋਂ ਤੁਰੰਤ ਬਾਅਦ ਹੀ ਸਿੱਖ ਸੱਭਿਆਚਾਰ ਨੂੰ ਮੁਗਲ ਹਕੂਮਤ ਦੇ ਜ਼ੁਲਮਾਂ ਦਾ ਸਾਹਮਣਾ ਕਰਨਾ ਪਿਆ।ਇੱਕ ਪਾਸੇ ਖ਼ਾਲਸਾ ਪੰਥ ਦੀ ਸਿਰਜਨਾ ਨਾਲ ਸਿੱਖ ਸੱਭਿਆਚਾਰ ਆਪਣੀਆਂ ਬੁਲੰਦੀਆਂ ਵੱਲ ਵੱਧ ਰਿਹਾ ਸੀ, ਉਸੇ ਸਮੇਂ ਹੀ ਮੁਗਲ ਹਕੂਮਤ ਨੇ ਖ਼ਾਲਸਾ ਪੰਥ ਦਾ ਖੁਰਾ-ਖੋਜ ਮਿਟਾਉਣ ਲਈ ਜਬਰਦਸਤ ਲਹਿਰ ਚਲਾਈ। ਸਿੱਖ ਪੰਥ ਦੀ ਨਿਸ਼ਾਨੀ ਖ਼ਤਮ ਕਰਨ ਲਈ ਲਾਹੌਰ ਦੀ ਸੂਬੇਦਾਰੀ ਲਈ ਜਾਲਮ ਬਿਰਤੀਆਂ ਦੀ ਚੋਣ ਕੀਤੀ ਜਾਣ ਲੱਗ ਪਈ। ਇੱਥੋਂ ਤੱਕ ਕਿ ਯਾਹੀਆ ਖਾਨ ਦੇ ਹਿੰਦੂ ਦੀਵਾਨ ਲਖਪਤ ਰਾਏ ਨੂੰ ਮੁਗਲਾਂ ਦੇ ਜੁਲਮਾਂ ਨੂੰ ਪਿੱਛੇ ਛੱਡਦਿਆਂ ਹੋਇਆਂ 1746ਈ: ਵਿਚ ਗਰਮੀਆਂ ਵਿਚ ਕਾਹਨੂਵਾਨ ਦੇ ਸ਼ੰਭ ਅੰਦਰ ਲਗਭਗ ਦਸ ਹਜਾਰ ਸਿੰਘਾਂ ਦਾ ਕਤਲੇਆਮ

ਕਰਕੇ ਖ਼ੂਨ ਦੀਆਂ ਨਦੀਆਂ ਵਹਾ ਦਿੱਤੀਆਂ। ਜਿਸਨੂੰ ਛੋਟੇ ਘੱਲੂਘਾਰੇ ਦੇ ਨਾਂ ਨਾਲ ਜਾਣਿਆ ਜਾਂਦਾ ਹੈ। 1753ਈ: ਵਿਚ ਮੀਰ ਮਨੂੰ ਦੀ ਮੌਤ ਤੋਂ ਬਾਅਦ ਸਿੱਖਾਂ ਨੂੰ ਥੋੜੀ ਰਾਹਤ ਜੰਗਲਾਂ ਤੋਂ ਮਿਲੀ ਹੀ ਸੀ ਇਸ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਸਿੰਘਾਂ ਲਈ ਇੱਕ ਨਵੀਂ ਆਫ਼ਤ ਲੈ ਕੇ ਆਏ। ਸਿੰਘਾਂ ਨੂੰ 1757ਈ: ਤੋਂ ਲੈ ਕੇ 1764ਈ: ਤੱਕ ਬਿਨਾਂ ਸਾਹ ਲਏ ਅਹਿਮਦ ਸ਼ਾਹ ਅਬਦਾਲੀ ਨਾਲ ਲੜਨਾ ਪਿਆ। ਇਸ ਸਮੇਂ ਦੌਰਾਨ ਉਸ ਨੇ ਚਾਰ ਹਮਲੇ ਕਰਕੇ ਪੰਜਾਬ ਦੀ ਧਰਤੀ ਤੇ ਸਿੰਘਾਂ ਦਾ ਬੇਹਿਸਾਬਾ ਖ਼ੂਨ ਡੋਲਿਆ। ਇਸੇ ਸਮੇਂ ਦੌਰਾਨ ਹੀ ਅਹਿਮਦ ਸ਼ਾਹ ਅਬਦਾਲੀ ਨੇ ਮਾਲੇਰਕੋਟਲਾ ਨੇੜੇ ਇਕੋ ਦਿਨ ਵਿਚ ਵੀਹ ਹਜਾਰ ਤੋਂ ਵਧੇਰੇ ਸਿੰਘਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਸਾਕੇ ਨੂੰ ਵੱਡਾ ਘੱਲੂਘਾਰਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੰਘਾਂ ਦੀ ਜ਼ਿੰਦਗੀ ਬੜੀ ਜੋਖਿਮ ਭਰੀ ਅਤੇ ਜੱਦੋਜ਼ਹਿਦ ਰਹੀ ਹੈ। ਪੰਜਾਬੀ ਸਮਾਜ ਵਿਚ ਰਹਿ ਰਹੇ ਗੈਰ ਸਿੱਖਾਂ ਨੇ ਵੀ ਸਿੱਖਾਂ ਵਿਰੁੱਧ ਮੁਗਲ ਹਾਕਮਾਂ ਦਾ ਹੀ ਸਾਥ ਦਿੱਤਾ। 1731ਈ: ਵਿਚ ਜਕਰੀਆ ਖਾਨ ਨੇ ਲਾਹੌਰ ਦੀ ਈਦਗਾਹ ਵਿਚ ਝੰਡਾ ਗਡਵਾ ਕੇ ਆਮ ਮੁਸਲਿਮ ਜਨਤਾ ਨੂੰ ਸਿੱਖਾਂ ਵਿਰੁੱਧ ਜੰਗ ਲਈ ਲਾਮਬੱਧ ਹੋਣ ਦੀ ਡੌਂਡੀ ਫਿਰਾ ਦਿੱਤੀ ਸੀ। ਇਸ ਸੱਦੇ ਉੱਤੇ ਲੱਖਾਂ ਦੀ ਗਿਣਤੀ ਵਿਚ ਮੁਸਲਮਾਨ ਹੈਦਰੀ ਝੰਡੇ ਥੱਲੇ ਇਕੱਠੇ ਹੋ ਕੇ ਸਿੰਘਾਂ ਦੇ ਦਲਾਂ ਤੇ ਟੁੱਟ ਪਏ ਸਨ।[1] ਸਿਰਫ਼ ਮੁਸਲਮਾਨ ਹੀ ਨਹੀਂ, ਇਸ ਮੁਹਿੰਮ ਵਿਚ ਕਾਫੀ ਤਾਦਾਦ ਵਿਚ ਹਿੰਦੂ ਵੀ ਹੁੰਮਹੁਮਾ ਕੇ ਸ਼ਾਮਲ ਹੋਏ। ਟੋਡਰਮੱਲ ਖਤਰੀ ਦੇ ਪੋਤਰੇ ਪਹਾੜਮੱਲ ਨੇ ਇਸ ਮੁਹਿੰਮ ਲਈ ਜੀ ਭਰ ਕੇ ਦਾਨ ਦਿੱਤਾ ਸੀ।[2] ਚੌਧਰੀ ਸਾਹਿਬ ਰਾਏ ਨੌਸ਼ਹਿਰੇ ਵਾਲਾ, ਅਕਲਦਾਸ ਜੰਡਿਆਲੀਆ ਤੇ ਧਰਮਦਾਸ ਆਦਿ ਅਨੇਕਾਂ ਹਿੰਦੂ ਇਸ ਖੁਦਾਈ ਲਸ਼ਕਰ ਦੇ ਸਹਾਇਕ ਬਣੇ।[3]

ਮੁਸਲਮਾਨਾਂ ਦੇ ਨਾਲ ਹੀ ਹਿੰਦੂਆਂ ਦੇ ਕੁੱਝ ਵਰਗਾਂ ਵੱਲੋਂ ਵੀ ਸਿੱਖਾਂ ਖਿਲਾਫ਼ ਦੁਸ਼ਮਣੀ ਪੁਗਾਉਣ ਦੇ ਤੱਥ ਦੀ ਪੁਸ਼ਟੀ ਹਰੀਰਾਮ ਗੁਪਤਾ ਦੀਆਂ ਲਿਖਤਾਂ ਵਿਚੋਂ ਵੀ ਹੁੰਦੀ ਹੈ। ਇਸ

ਦੌਰ ਦਾ ਜਿਕਰ ਕਰਦਿਆਂ ਉਸ ਨੇ ਸਾਫ ਲਿਖਿਆ ਹੈ ਕਿ, "ਜਦ ਸਿੱਖ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਸਨ ਤਾਂ ਜਨਤਾ ਨੇ ਉਨ੍ਹਾਂ ਨਾਲ ਹਮਦਰਦੀ ਨਾਂ ਜਤਵਾਈ"।[4] ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਅਬਦੁ ਸਮੱਧ ਖਾਨ ਨੇ ਸਾਰੇ ਪੰਜਾਬ ਵਿਚ ਇਹ ਡੌਂਡੀ ਫਿਰਾ ਦਿੱਤੀ ਕਿ ਬੰਦੇ ਬਹਾਦਰ ਵਕਤ ਜਿਸ ਕਿਸੇ ਦਾ ਨੁਕਸਾਨ ਸਿੰਘਾਂ ਹੱਥੋਂ ਹੋਇਆ ਹੈ ਜਾਂ ਕਿਸੇ ਦੀ ਕੋਈ ਜਾਇਦਾਦ ਕਿਸੇ ਸਿੰਘ ਨੇ ਦਬਾ ਲਈ ਹੈ, ਉਹ ਦਾਅਵਾ ਕਰੇਗਾ ਤਾਂ ਮੋੜ ਕੇ ਦਿਵਾਈ ਜਾਊ। ਇਹ ਡੌਂਡੀ ਸੁਣ ਕੇ ਹਿੰਦੂ-ਮੁਸਲਮਾਨ ਸਭ ਸਿੰਘਾਂ ਉੱਤੇ ਉਲਟ ਪਏ। ਭਲਾ ਤੁਰਕਾਂ ਨੇ ਤਾਂ ਝੂਠੇ ਮੂਠੇ ਦਾਅਵੇ ਕਰਨੇ ਹੀ ਸਨ ਪਰ ਹਿੰਦੂਆਂ ਦੁਸ਼ਟਾਂ ਨੇ ਵੀ (ਜਿਨ੍ਹਾਂ ਦਾ ਧਰਮ ਰੱਖਣ ਵਾਸਤੇ ਆਪਣਾ ਖੂਨ ਡੋਲ ਰਹੇ ਸਨ) ਬੇਅੰਤ ਚਿੱਠੀਆਂ ਪਾ ਦਿੱਤੀਆਂ। ਐਸਾ ਸਿੰਘ ਕੋਈ ਪੰਜਾਬ 'ਚ ਨਾ ਰਿਹਾ ਜਿਸ ਉੱਤੇ ਛੇ ਜਾਂ ਸੱਤ ਦਾਅਵੇ ਨਾ ਹੋਏ ਹੋਣ।[5] "ਗੁਰੂ ਦੇ ਸੱਚੇ ਪੈਰੋਕਾਰਾਂ ਨੂੰ ਇਤਿਹਾਸ ਦੇ ਸਭ ਤੋਂ ਭੈੜੇ ਦਿਨ ਦੇਖਣੇ ਪਏ। ਉਹ ਹਕੂਮਤ ਦੇ ਕਹਿਰ ਤੋਂ, ਮੁਸਲਿਮ ਜਨਤਾ ਦੀ ਦੁਸ਼ਮਣੀ ਤੋਂ ਅਤੇ ਮੁਗਲ ਹਕੂਮਤ ਦੇ ਝੋਲੀ ਚੁੱਕ ਹਿੰਦੂਆਂ ਦੇ ਲੋਭ ਲਾਲਚ ਤੋਂ ਆਪਣਾ ਬਚਾਅ ਕਰਨ ਲਈ ਮਾਰੇ-ਮਾਰੇ ਘੁੰਮਦੇ ਰਹੇ।"[6]

ਸਿੰਘਾਂ ਦੀ ਬੇਸ਼ਕ ਗਿਣਤੀ ਘੱਟ ਸੀ, ਪਰੰਤੂ ਉਨ੍ਹਾਂ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਤੇ ਮਾਣ ਸੀ। ਸਿੰਘਾਂ ਦੀ ਲੜਾਈ ਦਾ ਆਦਰਸ਼ ਉੱਚਾ ਹੋਣ ਕਰਕੇ ਉਨ੍ਹਾਂ ਨੂੰ ਆਤਮ ਪ੍ਰੇਰਣਾ ਮਿਲਦੀ ਸੀ। ਸਿੰਘਾ ਦੀ ਲੜਾਈ ਮਨੁੱਖੀ ਭਾਈਚਾਰਕ ਸਾਂਝ ਅਤੇ ਮਨੁੱਖਤਾ ਲਈ ਸੀ। ਗੁਰੂ ਵਿਚ ਅਥਾਹ ਸ਼ਰਧਾ ਅਤੇ ਵਿਸ਼ਵਾਸ ਖਾਲਸੇ ਦੀ ਸਿਦਕ ਅਤੇ ਪ੍ਰੇਰਣਾ ਦਾ ਪ੍ਰਮੁੱਖ ਸਰੋਤ ਸੀ। ਗੁਰੂ ਸਾਹਿਬਾਨ ਨੇ ਵਿਅਕਤੀ ਦੀ ਜਾਤ ਨਾਲੋਂ ਉਸਦੇ ਅਮਲ ਨੂੰ ਹਮੇਸ਼ਾ ਉੱਚਾ ਰੱਖਿਆ। ਖਾਲਸੇ ਦੀ ਗੁਰੂ ਵਿਚ ਸ਼ਰਧਾ ਅੱਜ ਦੇ ਲੋਕਾਂ ਦੀ ਧਰਮ ਦੀ ਸ਼ਰਧਾ ਤੋਂ ਕਿਤੇ ਵੱਖਰੀ ਸੀ। ਦੱਸ ਗੁਰੂ ਸਾਹਿਬਾਨ ਨੇ ਮਨੁੱਖਤਾ ਦੀ ਭਲਾਈ ਲਈ ਨਿਰੰਤਰ ਅਤੇ ਸਚੇਤ ਤੌਰ ਤੇ ਲੋਕਾਂ ਨੂੰ ਅਕਾਲ ਪੁਰਖ ਦੇ ਨਾਲ ਜੋੜਨ ਲਈ ਪਰੇਰਿਆ। ਗੁਰੂ ਸਾਹਿਬਾਨ

ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਖਾਲਸੇ ਦਾ ਪਹਿਲਾ ਧਰਮ ਸੀ। ਇਸੇ ਵਿਸ਼ਵਾਸ ਕਰਕੇ ਖਾਲਸੇ ਦੀ ਨਿਸ਼ਾਨੀ ਅਤੇ ਮਨੋਰਥ ਯਕੀਨ ਵਿਚ ਬਦਲ ਗਏ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਕੇ ਖਾਲਸੇ ਨੂੰ ਉਦੇਸ਼ ਦਿੱਤਾ ਕਿ ਇਹ ਹੁਣ ਸਦੀਵੀ ਗੁਰੂ ਹੈ। ਗੁਰੂ ਦੀ ਸਦੀਵੀ ਬਖਸ਼ ਅਤੇ ਨੇੜ੍ਹਤਾ ਦਾ ਅਹਿਸਾਸ ਖਾਲਸੇ ਅੰਦਰ ਬੇਮਿਸਾਲ ਜੋਸ਼ ਭਰਦਾ ਹੈ। ਸਿੱਖ ਧਰਮ ਦੀ ਵਿਲੱਖਣਤਾ ਸਮਝਣ ਲਈ ਸਾਨੂੰ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਬਹੁਤ ਬਰੀਕੀ ਨਾਲ ਸਮਝਣਾ ਪਵੇਗਾ। ਸਿੱਖ ਸੱਭਿਆਚਾਰ ਵਿਚ ਰਾਜਨੀਤੀ ਦੀ ਵਿਲੱਖਣਤਾ ਇਹ ਹੈ ਕਿ ਜਦੋਂ ਖਾਲਸੇ ਅੰਦਰ ਗੁਰੂ ਦੀ ਨੇੜ੍ਹਤਾ ਆਪਣੀ ਸਿਖਰ ਤੇ ਪਹੁੰਚ ਜਾਂਦੀ ਹੈ, ਉਸ ਵਖਤ ਕਿਸੇ ਵੀ ਦੁਨਿਆਵੀ ਲਾਲਸਾ ਨੂੰ ਅਧਿਆਤਮਵਾਦ ਉੱਤੇ ਭਾਰੂ ਨਹੀਂ ਹੋਣ ਦਿੱਤਾ ਜਾਂਦਾ। ਖਾਲਸੇ ਦਾ ਰਾਜ ਦੀ ਪ੍ਰਾਪਤੀ ਲਈ ਨਿਸ਼ਾਨਾ ਜਰੂਰੀ ਸੀ ਪਰੰਤੂ ਇਸ ਨਿਸ਼ਾਨੇ ਪਿੱਛੇ ਕਬਜ਼ੇ ਦੀ ਕੋਈ ਵੀ ਦੁਨਿਆਵੀ ਲਾਲਸਾ ਕੰਮ ਨਹੀਂ ਸੀ ਕਰਦੀ। ਰਾਜ ਦੀ ਪ੍ਰਾਪਤੀ ਅਧਿਆਤਮਵਾਦ (ਧਰਮ) ਦੀ ਇੱਕ ਮੰਜ਼ਿਲ ਸੀ।" ਬੁੱਧੀ ਤੇ ਪ੍ਰਚਲਿਤ ਰਿਵਾਜ਼ਾਂ ਦੇ ਮਾਹੌਲ ਤੋਂ ਪ੍ਰਭਾਵਿਤ ਸਿੱਖ ਇਤਿਹਾਸਕਾਰ ਗੁਰੂ ਸਾਹਿਬ ਦੀ ਹਰ ਗੱਲ ਨੂੰ "ਸੁਧਾਰ" ਨਾਲ ਜੋੜ ਦਿੰਦੇ ਹਨ। ਉਹ ਇਹ ਨਹੀਂ ਦੇਖਦੇ ਕਿ ਗੁਰੂ ਸਾਹਿਬ ਦੇ ਅੰਦਾਜ਼ ਵਿਚ ਅਨੇਕਾਂ ਤੈਹਾਂ ਵਾਲੀਆਂ ਅਧਿਆਤਮਕ ਰਮਜਾਂ ਹਨ। ਜਿਨ੍ਹਾਂ ਨੂੰ ਸਮਝਣ ਲਈ ਗੁਰੂ ਚੇਤਨਾ ਦੇ ਮਾਹੌਲ ਨਾਲ ਇੱਕ ਸੁਰ ਹੋਣਾ ਜਰੂਰੀ (ਸ਼ਰਤ) ਹੈ। ਗੁਰੂ ਸਾਹਿਬ ਦੇ ਕਿਸੇ ਵੀ ਕਥਨ, ਵਿਚਾਰ, ਦਲੀਲ ਅਥਵਾ ਅਮਲ ਨੂੰ ਗੁਰੂ ਚੇਤਨਾ ਦੀ ਅਸਲੀਅਤ ਦੇ ਅਖੰਡ ਚਾਨਣ ਵਿਚ ਹੀ ਠੀਕ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇਸਨੂੰ ਸਮਝਣ ਲਈ ਬੌਧਿਕ ਪ੍ਰਤਿਭਾ ਦੀ ਲਿਸ਼ਕੋਰ ਨਾਂਕਾਫੀ ਹੈ। ਸਿੱਖ ਧਰਮ ਦੀ ਕੇਂਦਰੀ ਲਿਵ ਤੋਂ ਪਾਸੇ ਹੋ ਕੇ, ਇਸਦੇ ਪੈਗੰਬਰੀ ਰਹੱਸਾਂ ਦਾ ਥਾਹ ਪਾਏ ਬਿਨਾਂ ਅਤੇ ਇਸਦੀ ਇਤਿਹਾਸਕ ਤਸਵੀਰ ਨੂੰ ਦ੍ਰਿਸ਼ਟੀ ਅਤੇ ਸਿਮ੍ਰਤੀ ਤੋਂ ਲਾਂਭੇ ਕਰਕੇ ਇਸਦੀ ਵਿਆਖਿਆ ਕਦੇ ਵੀ ਦਰੁਸਤ ਨਹੀਂ ਹੋ ਸਕਦੀ। ਆਧੁਨਿਕ

ਰਾਜਸੀ ਤੇ ਸਮਾਜਿਕ ਸਸਤਰਾਂ ਦੇ ਬੱਝਵੇਂ ਕਾਇਦੇ ਕਾਨੂੰਨਾਂ ਵਿਚ ਕੈਦ ਹੋਈ ਦ੍ਰਿਸ਼ਟੀ ਗੁਰੂ ਸਾਹਿਬ ਦੇ ਦਿਬ ਵਿਵੇਕ ਦੀ ਥਾਹ ਨਹੀਂ ਪਾ ਸਕਦੀ। ਗੁਰੂ ਨਾਨਕ ਸਾਹਿਬ ਕੋਈ ਸੁਧਾਰਕ, ਕ੍ਰਾਂਤੀਕਾਰੀ, ਚਿੰਤਕ ਜਾਂ ਦੇਸ਼ ਭਗਤ ਦੇ ਤੌਰ ਤੇ ਦੁਨੀਆ ਉੱਤੇ ਨਹੀਂ ਸਨ ਆਏ। ਇਸ ਕਿਸਮ ਦੇ ਵਿਸਲੇਸ਼ਣ, ਆਦਰਯੋਗ ਨਾਂ ਅਤੇ ਇਨ੍ਹਾਂ ਨਾਲ ਸਬੰਧਿਤ ਇਸਤਲਾਹਾਂ ਗੁਰੂ ਸਾਹਿਬ ਦੀ ਸ਼ਾਨ ਲਈ ਵਰਤਣੀਆਂ ਕਿਸੇ ਅੰਧ ਮੂਰਖਤਾ ਦੀ ਪ੍ਰਦਰਸ਼ਨੀ ਕਰਨ ਤੋਂ ਵੱਧ ਕੁਝ ਨਹੀਂ। ਗੁਰੂ ਸਾਹਿਬ ਨੇ ਕਿਸੇ ਇਕਹਿਰੇ ਵਿਰੋਧ ਦੀ ਵੰਗਾਰ ਨੂੰ ਆਪਣੇ ਅਮਲ ਦਾ ਧੁਰਾ ਨਹੀਂ ਬਣਾਇਆ। ਇੱਕ ਮਾਮੂਲੀ ਫਕੀਰ ਤੋਂ ਲੈ ਕੇ ਰੱਬੀ ਅਜਮਤਾਂ ਵਾਲੇ ਪੀਰ ਤੱਕ, ਕਿਸੇ ਖਾਣ ਸਲਾਰ ਤੋਂ ਲੈ ਕੇ ਬਾਬਰ ਦੀ ਬੇਮਿਸਾਲ ਸਹਿਨਸ਼ਾਹੀ ਤੱਕ, ਅਤੇ ਦੱਖਣ ਦੇ ਸ਼ਿਵਲਿੰਗ ਪੂਜਾ ਦੇ ਮੂਰਖ ਦੰਭ ਤੋਂ ਲੈ ਕੇ ਸੁਮੇਰ ਪਰਬਤ ਦੇ ਬਲਵਾਨ ਜੋਗੀਆਂ ਤੱਕ, ਜਿੱਥੇ ਵੀ ਸੰਸਾਰਿਕ ਹਉਮੈ ਦਾ ਗੜ੍ਹ ਨਜਰ ਪਿਆ, ਬੇਸ਼ੱਕ ਮਨ ਵਿਚ ਲੁਕਿਆ ਸੀ, ਬੇਸ਼ੱਕ ਬਾਹਰ ਦਿਸਦਾ ਸੀ, ਗੁਰੂ ਨਾਨਕ ਸਾਹਿਬ ਨੇ ਤੋੜ ਕੇ ਨਾਸ਼ਵਾਨਤਾ ਦੇ ਥਲ ਵਿਚ ਸੁੱਟ ਦਿੱਤਾ।[7]

ਗੁਰੂ ਨਾਨਕ ਸਾਹਿਬ ਦੇ ਧਰਮ ਦਾ ਮਨੋਰਥ ਲੋਕਾਂ ਦੇ ਅੰਦਰ ਮਰ ਚੁੱਕੀ ਰੁਹਾਨੀਅਤ ਨੂੰ ਜਿੰਦਾ ਕਰਨਾ ਸੀ। ਰੁਹਾਨੀ ਜੋਸ਼ ਤੋਂ ਬਿਨਾਂ ਕੋਈ ਵੀ ਵਿਅਕਤੀ ਸਿਰ ਉਠਾ ਕਿ ਨਹੀਂ ਜਿਉਂ ਸਕਦਾ। ਸੋ ਗੁਰੂ ਨਾਨਕ ਸਾਹਿਬ ਨੇ ਲੋਕਾਂ ਵਿਚ ਰੁਹਾਨੀ ਜੋਸ਼ ਭਰਕੇ ਨਿਰਵੈਰਤਾ ਅਤੇ ਨਿਰਭੈਅਤਾ ਦਾ ਜ਼ਜ਼ਬਾ ਪੈਦਾ ਕੀਤਾ। ਗੁਰੂ ਨਾਨਕ ਦੇਵ ਜੀ ਦੇ ਨਵੇਂ ਧਰਮ ਦਾ ਮੁੱਖ ਨਿਸ਼ਾਨਾ ਲੋਕਾਂ ਨੂੰ ਰੁਹਾਨੀਅਤ ਜੀਵਨ ਵਿਚ ਲਿਆਉਣਾ ਸੀ। ਭਾਈ ਗੁਰਦਾਸ ਜੀ ਨੇ ਇਸਨੂੰ ਤੀਸਰੇ ਪੰਥ ਦਾ ਨਾਂ ਦਿੱਤਾ। ਸਿੱਖ ਧਰਮ ਆਪਣੇ ਆਪ ਵਿਚ ਮੁਕੰਮਲ ਹੈ। ਇਸਦਾ ਮੁੱਖ ਫਲਸਫਾ ਮੌਲਿਕ, ਸੁਤੰਤਰ ਅਤੇ ਅਸਲੀ ਹੈ। ਸਿੱਖ ਧਰਮ ਦੀ ਮੌਲਿਕਤਾ ਅਤੇ ਸ਼ੁੱਧਤਾ ਕਾਇਮ ਰੱਖਣ ਲਈ ਹੀ ਸਿੰਘਾਂ ਨੂੰ ਬੇਹੱਦ ਜ਼ੋਖਿਮ ਭਰੀ ਜ਼ਿੰਦਗੀ ਜਿਉਣ ਲਈ ਅਤੇ ਜ਼ੁਲਮ ਦੀ ਮਾਰ ਵੀ ਸਹਿਣੀ ਪਈ। ਸਿੱਖ ਧਰਮ ਵਿਚ ਰਾਜਨੀਤੀ ਸਿੱਖ ਸੱਭਿਆਚਾਰ ਨੂੰ ਬਚਾਉਣ

ਅਤੇ ਸਰਵ ਸਾਂਝੀਵਾਲਤਾ ਦਾ ਸੁਨੇਹਾ ਦੇਣ ਲਈ ਕੀਤੀ ਜਾਂਦੀ ਹੈ। ਸ਼ੁਰੂ-ਸ਼ੁਰੂ ਵਿਚ ਗੁਰੂ ਕਾਲ ਦੇ ਸਮੇਂ ਹਿੰਦੂ ਅਤੇ ਮੁਸਲਿਮ ਭਾਈਚਾਰੇ ਦੇ ਲੋਕ ਸਿੱਖ ਧਰਮ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਡਾ. ਗੰਡਾ ਸਿੰਘ ਖ਼ਾਲਸਾ ਰਾਜ ਦੀ ਅਹਿਮੀਅਤ ਬਾਰੇ ਇਹ ਵਿਚਾਰ ਪ੍ਰਗਟਾਉਂਦੇ ਹਨ ਕਿ "ਸਿੱਖਾਂ ਨੇ ਉੱਤਰ-ਪੱਛਮ ਵਿਚ ਪੰਜਾਬ ਨੂੰ ਇੱਕ ਆਜ਼ਾਦ ਅਤੇ ਖੁਦ ਮੁਖਤਿਆਰ ਦਾ ਰੂਪ ਦੇ ਕੇ ਭਾਰਤ ਨੂੰ ਇੱਕ ਤੋਹਫਾ ਬਖਸ਼ਿਆ, ਜਿਸ ਨੇ ਇਸਦੀ ਆਬਰੂ ਤੇ ਆਜ਼ਾਦੀ ਦੀ ਰੱਖਿਆ ਕੀਤੀ।" ਸਿੱਖ ਧਰਮ ਵਿਚ ਮਨੁੱਖੀ ਭਾਈਚਾਰੇ ਦੀ ਸਿਰਜਣਾ ਵੀ ਮਨੁੱਖ ਨੂੰ ਇਕੋ ਪ੍ਰਮਾਤਮਾ ਵਿਚ ਵਿਸ਼ਵਾਸ ਕਰਨ ਲਈ ਕਿਹਾ ਗਿਆ। ਹਰ ਇੱਕ ਸਿੱਖ ਨੂੰ ਅਮਲੀ ਜੀਵਨ ਵਿਚ ਆਪਣੇ ਆਪ ਨੂੰ ਸੱਚਾ ਸੁੱਚਾ ਰੱਖਣ ਲਈ ਕਿਹਾ ਗਿਆ। ਹਰ ਇੱਕ ਮਨੁੱਖ ਦਾ ਫਰਜ਼ ਬਣਦਾ ਸੀ ਕਿ ਉਹ ਪ੍ਰੇਮ ਭਾਵ ਦੇ ਨਜ਼ਰੀਏ ਨਾਲ ਸਮਾਜ ਵਿਚ ਭਾਈਚਾਰਕ ਸਾਂਝ ਬਣਾਈ ਰੱਖੇ। ਹਰ ਇੱਕ ਮਨੁੱਖ ਨੂੰ ਸਮਾਜ ਵਿਚ ਬਰਾਬਰੀ ਦੇ ਮੌਕੇ ਮਿਲਣ ਅਤੇ ਸਮਾਜਿਕ ਸੇਵਾ ਲਈ ਤੱਤਪਰ ਰਹੇ। ਆਜ਼ਾਦ ਸਿੱਖ ਰਾਜ ਵਿਚ ਹਰ ਇੱਕ ਵਿਅਕਤੀ ਨੂੰ ਇਨਸਾਫ਼ ਮਿਲਦਾ ਸੀ, ਪਰੰਤੂ ਆਜ਼ਾਦ ਸਿੱਖ ਰਾਜ ਦੇ ਖਾਤਮੇ ਨਾਲ ਹੀ ਸਿੱਖ ਰਾਜਨੀਤੀ ਵਿਚ ਨਿਘਾਰ ਆਉਣਾ ਸ਼ੁਰੂ ਹੋ ਗਿਆ। ਭਾਰਤੀ ਰਾਸ਼ਟਰਵਾਦ ਦੇ ਉਭਾਰ ਦੀ ਤੇਜੀ ਨੇ ਸਿੱਖ ਰਾਜਨੀਤੀ ਨੂੰ ਢਾਅ ਲਾਈ ਕਿਉਂਕਿ ਸਰਦਾਰੀਆਂ ਗਵਾ ਕੇ ਸੂਬੇਦਾਰੀਆਂ ਨਾਲ ਸੰਤੁਸ਼ਟ ਹੋਣ ਦੀ ਮਨੋਵਿਰਤੀ ਨੇ ਸਿੱਖ ਰਾਜਨੀਤੀ ਨੂੰ ਭਾਰੀ ਸੱਟ ਮਾਰੀ। ਸਿੱਖ ਰਾਜ ਦੇ ਖਾਤਮੇ ਤੋਂ ਬਾਅਦ ਹੀ ਸਿੱਖਾਂ ਨੇ ਅੰਗਰੇਜ਼ਾਂ ਦੀ ਹਕੂਮਤ ਵਿਚ ਖੁਸ਼ੀ-ਖੁਸ਼ੀ ਨੌਕਰੀਆਂ ਕੀਤੀਆਂ। ਜਿਸ ਕਰਕੇ ਆਜ਼ਾਦੀ ਤੋਂ ਬਾਅਦ ਹੀ ਉਨ੍ਹਾਂ ਨੇ ਜਾਂ ਇਹ ਕਹਿ ਲਵੋ ਸਿੱਖ ਨੇਤਾਵਾਂ ਨੂੰ ਨਿਗੁਣੀਆਂ ਪਦਵੀਆਂ ਲੈ ਕੇ ਭਾਰਤ ਵਿਆਪੀ ਰਾਜਨੀਤਿਕ ਢਾਂਚੇ ਵਿਚ ਵਿਚਰਨਾ ਸ਼ੁਰੂ ਕਰ ਦਿੱਤਾ। ਖ਼ਾਲਸਾ ਰਾਜ ਦੇ ਖਾਤਮੇ ਤੋਂ ਹੁਣ ਤੱਕ ਸਿੱਖ ਰਾਜਨੀਤੀ ਲਗਾਤਾਰ ਨਿਘਾਰ ਵੱਲ ਗਈ ਹੈ। ਜਿਸ ਕਰਕੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ

ਵਿਵਹਾਰਕ ਜੀਵਨ ਵਿਚੋਂ ਅਲੋਪ ਹੋ ਰਹੀਆਂ ਹਨ। ਅੱਜ ਦੇ ਨੇਤਾ ਜੋ ਸਿੱਖ ਧਰਮ ਦੇ ਆਧਾਰ ਤੇ ਰਾਜਨੀਤੀ ਕਰਦੇ ਹਨ, ਉਨ੍ਹਾਂ ਨੇ ਸਿੱਖ ਸੱਭਿਆਚਾਰ ਦਾ ਮਲੀਆਮੇਟ ਕਰ ਦਿੱਤਾ। ਡਾ. ਫੌਜਾ ਸਿੰਘ ਦਾ ਕਹਿਣਾ ਹੈ ਕਿ "ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵਿਰਸੇ ਵਿਚੋਂ ਮਿਲੀ ਵਿਚਾਰਧਾਰਾ ਦੇ ਕੁਝ ਸੰਕਲਪਾਂ ਨੂੰ ਵਿਸਤਾਰ ਦੇ ਕੇ ਅਤੇ ਦੇਸ਼ ਦੇ ਪੁਰਾਤਨ ਵਿਰਸੇ ਨੂੰ ਗ੍ਰਹਿਣ ਕਰਕੇ ਧਰਮ ਯੁੱਧ ਦਾ ਸਿਧਾਂਤ ਘੜਿਆ, ਪੁਰਾਤਨ ਭਾਰਤੀ ਸਾਹਿਤ, ਜਿਸ ਵਿਚ ਦੁਰਗਾ ਦੇਵੀ, ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਅਤੇ ਅਜਿਹੇ ਹੋਰ ਅਨੇਕਾਂ ਸੂਰਮਿਆਂ ਦੇ ਨੇਕੀ ਲਈ ਕਾਰਨਾਮੇ ਦਰਜ ਹਨ, ਦੇ ਅਧਿਐਨ ਨੇ ਇਸ ਮਾਮਲੇ ਵਿਚ ਉਨ੍ਹਾਂ ਦੀ ਭਾਰੀ ਮਦਦ ਕੀਤੀ। ਇਸ ਸਭ ਕੁੱਝ ਨੇ, ਅਤੇ ਯੁੱਗਾਂ ਪੁਰਾਣੀ ਇਸ ਹਿੰਦੂ ਧਾਰਣਾ ਨੇ, ਕਿ ਰੱਬ ਸਮੇਂ-ਸਮੇਂ ਦੁਸ਼ਟਾਂ ਦਾ ਨਾਸ਼ ਕਰਨ ਲਈ ਮਨੁੱਖੀ ਜਾਮੇ ਦੇ ਰੂਪ ਵਿਚ ਇਸ ਧਰਤੀ ਤੇ ਪ੍ਰਗਟ ਹੁੰਦਾ ਹੈ, ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਨਿਸ਼ਚਾ ਕਰਵਾ ਦਿੱਤਾ ਕਿ ਉਨ੍ਹਾਂ ਦਾ ਧਰਮ ਯੁੱਧ ਸਿਧਾਂਤ ਕੋਈ ਅਸਲੋਂ ਹੀ ਨਵੀਂ ਘਾੜਤ ਨਹੀਂ ਸੀ, ਬਲਕਿ ਇਹ ਦੇਸ਼ ਦੀ ਪੁਰਾਤਨ ਸੱਭਿਅਤਾ ਦੇ ਖਾਸੇ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਸੀ।"[8]

ਪ੍ਰੋਫੈਸਰ ਗੁਰਬਚਨ ਸਿੰਘ ਤਾਲਿਬ ਦਾ ਕਹਿਣਾ ਹੈ ਕਿ "ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੀ ਦਿਵਦ੍ਰਿਸ਼ਟੀ ਚੋ ਪ੍ਰਗਟਿਆ ਹੋਇਆ ਧਰਮ, ਬਹੁਤ ਅਹਿਮ ਹੀ ਅਰਥਾਂ ਵਿਚ, ਹਿੰਦੂਵਾਦ ਦੀ ਗੌਰਵਮਈ ਅਧਿਆਤਮਿਕ ਤੇ ਨੈਤਿਕ ਲਹਿਰ ਦੇ ਸੰਜੀਵ ਅੰਗ ਹਨ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ, ਗੁਰੂ ਨਾਨਕ ਸਾਹਿਬ ਦੀ ਦ੍ਰਿਸ਼ਟੀ ਭਾਰਤ ਦੇ ਕਿਸੇ ਵੀ ਹੋਰ ਧਰਮ ਗੁਰੂ ਦੀ ਤੁਲਨਾ ਵਿਚ, ਭਾਰਤ ਦੇ ਰੁਹਾਨੀ ਅਦਰਸ਼ਵਾਦ ਦਾ ਘੱਟ ਦ੍ਰਿੜ ਕਥਨ ਨਹੀਂ ਸੀ। ਇਹ ਸੋਮੇ ਤੇ ਸ੍ਰੋਤ ਭਾਰਤੀ ਸਨ, ਅਤੇ ਇਸਦਾ ਉਦੇਸ ਭਾਰਤ ਦੀਆਂ ਰੁਹਾਨੀ ਤਾਂਘਾਂ ਅੰਦਰ ਸਮਾਏ ਹੋਏ ਟੀਚਿਆਂ ਨੂੰ ਸਾਕਾਰਨਾ ਸੀ।"[9]

ਸਰਦਾਰ ਸਿੰਘ ਕਪੂਰ ਦਾ ਕਹਿਣਾ ਹੈ ਕਿ "ਸਿੱਖਾਂ ਦਾ ਵਿਸ਼ਵਾਸ ਹੈ ਕਿ ਸਨਾਤਨ ਤੇ

ਵਿਸ਼ਵ ਕਲਿਆਣਕਾਰੀ ਹਿੰਦੂ ਧਰਮ ਵੀ ਸ਼ੁੱਧ ਆਤਮਾ ਦੇ ਵਾਰਿਸ ਸਿੱਖ ਹੀ ਹਨ। ਸਿੱਖੀ ਤੋਂ ਮੁਨਕਰ ਹਿੰਦੂ, ਭੁੱਲਣ ਹਿੰਦੂ ਹਨ। ਇਹ ਵਿਚਾਰ ਮੇਰੇ ਨਹੀਂ, ਅਸਾਡੇ ਬਜ਼ੁਰਗਾਂ ਦੇ ਚਿਰ ਕਾਲ ਤੋਂ ਚਲੇ ਆਉਂਦੇ ਹਨ ਅਤੇ ਮੁਸਲਮਾਨ ਪਾਤਸ਼ਾਹੀਆਂ ਨਾਲ ਝਗੜਿਆਂ ਨਾਲ ਸਿੱਖ ਸਦਾ ਇਹੋ ਕਹਿੰਦੇ ਰਹੇ "ਹਮ ਹਿੰਦੂ ਹੈਂ, ਗੁਰੂ ਕੇ ਸਿੱਖ," ਅਰਥਾਤ ਅਸੀਂ ਗੁਰੂਆਂ ਦੇ ਦਰਸ਼ਾਏ ਹੋਏ ਆਦਿ ਸਨਾਤਨ ਤੇ ਵਿਸ਼ਵਾ ਵਿਆਪੀ ਧਰਮ ਦੇ ਧਾਰਣੀ ਹਾਂ।[10] ਸਿੱਖ ਸਮਾਜ ਤੱਤ ਰੂਪ ਵਿਚ ਹਿੰਦੂ ਸਮਾਜ ਹੈ ਜਿਸ ਵਿਚੋਂ ਜਾਤ ਪਾਤ ਪ੍ਰਣਾਲੀ ਦੇ ਸਾਰੇ ਨੇਮਕਾਰੀ ਬੰਧਨ ਖ਼ਤਮ ਕਰ ਦਿੱਤੇ ਗਏ ਹਨ।[11]

"ਜਦੋਂ 1604 ਵਿਚ ਗੁਰੂ ਅਰਜੁਨ ਨੇ ਆਦਿ ਗ੍ਰੰਥ ਦੀ ਬੀੜ ਬੱਧੀ ਤਾਂ ਇਸਨੂੰ ਸਾਰੇ ਉੱਤਰੀ ਭਾਰਤ ਵਿਚ ਪੰਜਵੇਂ ਵੇਦ ਦੇ ਨਾਉ ਨਾਲ ਪੁਕਾਰਿਆ ਜਾਣ ਲਗ ਪਿਆ, ਜਿਹੜਾ ਪਹਿਲੇ ਚਾਰ ਵੇਦਾਂ ਦੀ ਥਾਂ ਮੱਲਣ ਦਾ ਅਧਿਕਾਰੀ ਸੀ।"[12]

ਆਜ਼ਾਦੀ ਤੋਂ ਬਾਅਦ ਵੱਖਰੇ-ਵੱਖਰੇ ਰਾਜਨੀਤਿਕ ਕਾਰਣਾਂ ਕਰਕੇ ਸਿੱਖ ਇੱਕ ਵੱਖਰੀ ਪਛਾਣ ਹਨ, ਵੱਡੇ ਪੱਧਰ ਤੇ ਰਾਜਨੀਤਿਕ ਪ੍ਰਚਾਰ ਹੋਇਆ। ਸਮਕਾਲੀ ਰਾਜਨੀਤਿਕ ਅਤੇ ਵਿਚਾਰਧਾਰਕ ਮਾਹੌਲ ਦੇ ਪ੍ਰਭਾਵ ਹੇਠਾਂ ਵੱਖਰੀ ਸਿੱਖ ਵਿਚਾਰਧਾਰਾ ਨੂੰ ਵੱਖਰੀ ਸਿੱਖ ਕੌਮ ਦੀ ਸਿਰਜਨਾ ਦੇ ਇਤਿਹਾਸਕ ਅਮਲ ਨਾਲੋਂ ਵੱਖਰੇ ਦੇਖਣ ਨੂੰ ਵਿਆਪਕ ਪ੍ਰਵਾਨਗੀ ਹਾਸਲ ਕਰ ਲਈ ਗਈ। ਇਸ ਬਿਰਤੀ ਦਾ ਸਿੱਖ ਪੰਥ ਨੂੰ ਬਹੁਤ ਵੱਡਾ ਨੁਕਸ਼ਾਨ ਹੋਇਆ। ਕਿਉਂਕਿ ਸਿੱਖ ਕੌਮ ਤੇ ਸਿੱਖ ਪੰਥ ਵਿਚ ਵਖੇੜਾ ਕਰਨਾ ਹੀ ਸੌੜੀ ਰਾਜਨੀਤੀ ਸੀ। ਸਿੱਖ ਪੰਥ, ਸਿੱਖ ਕੌਮ ਸਿੱਖ ਵਿਚਾਰਧਾਰਾ ਅਤੇ ਸਿੱਖ ਸੱਭਿਆਚਾਰ ਇਕੋ ਹੀ ਰੂਪ ਦਾ ਪ੍ਰਗਟਾਵਾ ਹਨ। ਪੰਥ ਹੀ ਸਾਡਾ ਮਾਰਗ ਹੈ ਅਤੇ ਪੰਥ ਹੀ ਸਾਡੀ ਕੌਮੀਅਤ ਹੈ। ਖ਼ਾਲਸਾਈ ਰਾਜ ਦੇ ਨਿਸ਼ਾਨ ਪੂਰੀ ਸ਼ਾਨੋ-ਸ਼ੌਕਤ ਨਾਲ ਇਸ ਕਰਕੇ ਹੀ ਝੂਲ ਰਹੇ ਸਨ, ਕਿ ਧਰਮ ਅਤੇ ਕੌਮੀਅਤ ਦਾ ਗੂੜ੍ਹਾ ਸੁਮੇਲ ਸਿੱਖ ਪੰਥ ਦਾ ਸਹਿਜ ਗੁਣ ਹੈ। ਸਿੱਖਾਂ ਦੀ ਆਪਣੇ ਗੁਰੂ ਅਤੇ ਗੁਰੂ ਦੇ ਨਿਸ਼ਾਨ ਨਾਲ

ਗੂੜ੍ਹੀ ਮੁਹੱਬਤ ਹੈ ਇਸ ਕਰਕੇ ਹੀ ਇਨ੍ਹਾਂ ਦੀ ਵੱਖਰੀ ਪਹਿਚਾਣ ਹੈ। ਸਿੱਖ ਇਤਿਹਾਸ ਦੀ ਹਰ ਘਟਨਾ ਵਿਚ ਸਾਨੂੰ ਗੁਰੂ ਹੀ ਦਿਖਾਈ ਦਿੰਦਾ ਹੈ। ਖ਼ਾਲਸਾ ਪੰਥ ਦੀ ਮੁੱਖ ਧਾਰਾ ਆਪਣੇ ਰਾਜਸੀ ਮਨੋਰਥਾਂ ਬਾਰੇ ਇਕਮਤ ਅਤੇ ਇਕਚਿਤ ਸੀ। ਖਾਲਸੇ ਨੂੰ ਇਸ ਗੱਲ ਬਾਰੇ ਰੱਤੀ ਵੀ ਸੰਦੇਹ ਨਹੀਂ ਸੀ ਕਿ "ਰਾਜੁ ਨਾ ਚਾਹਉ, ਮੁਕਤਿ ਨਾ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ" ਦੇ ਵਾਕ ਗੁਰਵਾਕ ਅੰਦਰ "ਜਿੱਥੇ ਇਸ ਨਿਸ਼ਕਾਮਤਾ ਦਾ ਜਿਕਰ ਹੈ, ਉਹ ਵਿਅਕਤੀਗਤ ਚਿੱਤਰ ਹੈ। ਵਿਅਕਤੀਗਤ ਰੂਪ ਵਿਚ ਸਿੱਖ ਨਾ ਰਾਜ ਅਤੇ ਨਾ ਮੁਕਤੀ ਦੀ ਕਾਮਨਾ ਰਖਦਾ ਹੈ ਪਰ ਸੰਸਥਾਤਮਿਕ ਰੂਪ ਵਿਚ ਸਿੱਖ ਸਮਾਜ ਕੋਲ ਰਾਜਨੀਤਿਕ ਇੱਛਾ ਅਤੇ ਰਾਜ ਦਾ ਸੰਕਲਪ ਮੌਜੂਦ ਹੈ ਅਤੇ ਅਧਿਆਤਮਿਕ ਕਲਿਆਣਤਾ ਲਈ ਸੰਗਤ ਦਾ ਸੰਕਲਪ ਵੀ ਉਸ ਪਾਸ ਮੌਜੂਦ ਹੈ।"[13]

ਸਿੱਖ ਸੱਭਿਆਚਾਰ ਦੇ ਨਾਲ ਛੇੜਛਾੜ ਕਰਨ ਕਰਕੇ ਹੀ ਸਿੱਖਾਂ ਦੀ ਬਹੁਗਿਣਤੀ ਵਾਲੇ ਸੂਬੇ ਪੰਜਾਬ ਨੂੰ ਬੜੇ ਦੁਖਦਾਈ ਦੌਰ ਵਿਚੋਂ ਗੁਜਰਨਾ ਪਿਆ। ਮੁਗਲਾਂ ਦੇ ਹਮਲਿਆਂ ਤੋਂ ਲੈ ਕੇ 1984 ਤੱਕ ਲਗਾਤਾਰ ਕਿਸੇ ਨਾ ਕਿਸੇ ਰੂਪ ਵਿਚ ਸਿੱਖ ਸੱਭਿਆਚਾਰ ਦੇ ਖਾਤਮੇ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਗੁਰੂ ਦੀ ਮੇਹਰ ਸਦਕਾ ਸਿੱਖ ਸੱਭਿਆਚਾਰ ਲਗਾਤਾਰ ਪ੍ਰਫੁਲਿਤ ਹੋ ਰਿਹਾ ਹੈ। ਅਜੋਕੇ ਸਮੇਂ ਵਿਚ ਵੀ ਸਿੱਖ ਸੱਭਿਆਚਾਰ ਅਪ੍ਰਤੱਖ ਰੂਪ ਵਿਚ ਹਮਲੇ ਹੋ ਰਹੇ ਹਨ। ਜਿਨ੍ਹਾਂ ਨੂੰ ਰੋਕਣਾ ਸਾਡੇ ਆਗੂਆਂ ਦਾ ਫਰਜ ਬਣਦਾ ਹੈ ਪਰੰਤੂ ਮੌਜੂਦਾ ਸਮੇਂ ਵਿਚ ਧਾਰਮਿਕ ਅਤੇ ਰਾਜਨੀਤਿਕ ਨੇਤਾ ਫਿਰ ਰਾਸ਼ਟਰਵਾਦ ਦੇ ਨਾਅਰੇ ਵਿਚ ਫੱਸ ਕੇ ਆਪਣੀ ਪਹਿਚਾਣ ਗੁਆ ਰਹੇ ਹਨ। ਸਿੱਖ ਸੱਭਿਆਚਾਰ ਦਾ ਆਧਾਰ ਸਿੱਖ ਧਰਮ ਹੈ। ਜਿਸਦੀ ਪਹਿਚਾਣ ਨਿਵੇਕਲੀ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਸੱਭਿਆਚਾਰ ਦੀ ਆਨ ਅਤੇ ਸ਼ਾਨ ਦੀ ਬਹਾਲੀ ਰਾਸ਼ਟਰੀ ਸੰਗਠਨਾਂ ਦੀਆਂ ਗਤੀਵਿਧੀਆਂ ਨੂੰ ਰੋਕੇ।

# ਹਵਾਲੇ ਤੇ ਟਿੱਪਣੀਆਂ


1. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖ਼ਾਲਸਾ, ਭਾਗ–ਦੂਜਾ, ਭਾਸ਼ਾ ਵਿਭਾਗ, ਪੰਜਾਬ, 2003, ਪੰਨਾ 111
2. Bhagat Lakshman Singh, Sikh Martyr, Lahore Book Shop, Ludhiana, 1983, p.87
3. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖ਼ਾਲਸਾ, ਭਾਗ–ਦੂਜਾ, ਭਾਸ਼ਾ ਵਿਭਾਗ, ਪੰਜਾਬ, 2003, ਪੰਨਾ 114
4. Hari Ram Gupta, History of Sikhs, Evolution of Sikh Confederacies, Vol. II, Munshiram Manohar Lal Publisher, New Delhi, 1980, p.51
5. ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖ਼ਾਲਸਾ, ਭਾਗ–ਦੂਜਾ, ਭਾਸ਼ਾ ਵਿਭਾਗ, ਪੰਜਾਬ, 2003, ਪੰਨਾ 98
6. Hari Ram Gupta, History of Sikhs, Evolution of Sikh Confederacies, Munshiram Manohar Lal Publisher, New Delhi, 1980,Vol. II, p.40
7. ਹਰਿੰਦਰ ਸਿੰਘ ਮਹਿਬੂਬ, *ਸਹਿਜੇ ਰਚਿਓ ਖ਼ਾਲਸਾ*, ਸਿੰਘ ਬਦਰਜ਼, ਅੰਮ੍ਰਿਤਸਰ, 2000, ਪੰਨਾ 67, 71 ਤੇ 75, xvi, xx.
8. Fauja Singh, *Foundation of Khalsa Commonwealth*, The Punjab Past and Present", April 1971, pp.203-04

9. Gurbachan Singh Talib, *Guru Nanak's Teachings in Relation to the Indian Spiritual Tradition,"in Sant Singh Sekhon* (Ed.), Papers on Guru Nanak, pp.31-32.

10. ਸਰਦਾਰ ਸਿੰਘ ਕਪੂਰ, "ਸਾਚੀ ਸਾਖੀ", ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1996, ਪੰਨਾ 142

11. Some Documents on the Demand of Sikh homeland, AISSF, Chandigarh.

12. ਗਿਆਨ ਗੁਰਦਿੱਤ ਸਿੰਘ (ਸੰਪਾ.), *ਸਿੱਖ ਧਰਮ ਉਦੈ ਤੇ ਸਰਵੋਤਮ ਲੇਖ, ਵਿਚ ਸ. ਕਪੂਰ ਸਿੰਘ ਦਾ ਲੇਖ*, "ਗੁਰੂ ਨਾਨਕ", ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਅਕ ਕੇਂਦਰ, ਚੰਡੀਗੜ੍ਹ, 1995, ਪੰਨਾ 82

13. ਡਾ. ਜਸਪਾਲ ਸਿੰਘ, ਰਾਜ ਦਾ ਸਿੱਖ ਸੰਕਲਪ, ਨਵਯੁਗ ਪਬਲਿਸ਼ਰ, ਦਿੱਲੀ, 1990, ਪੰਨਾ 128

# ਪਾਠ ਤੀਜਾ

## ਧਰਮ ਅਤੇ ਰਾਜਨੀਤੀ: ਇਤਿਹਾਸਿਕ ਦ੍ਰਿਸ਼ਟੀਕੋਣ

ਧਰਮ ਅਤੇ ਰਾਜਨੀਤੀ ਦੀ ਚਰਚਾ ਮਨੁੱਖ ਦੇ ਵਿਕਾਸ ਦੇ ਨਾਲ-ਨਾਲ ਹੁੰਦੀ ਰਹੀ ਹੈ। ਮਨੁੱਖ ਕੁਦਰਤੀ ਪ੍ਰਵਿਰਤੀ ਦੇ ਪੱਧਰ ਤੇ ਰਹਿੰਦਾ ਸੀ ਤਾਂ ਉਸ ਸਮੇਂ ਵੀ ਧਰਮ ਅਤੇ ਰਾਜਨੀਤੀ ਕਿਸੇ ਨਾ ਕਿਸੇ ਰੂਪ ਵਿਚ ਦਿਖਾਈ ਦਿੰਦੀ ਸੀ। ਪ੍ਰਥਾਗਤ ਪੱਧਰ ਤੇ ਧਰਮ ਅਤੇ ਰਾਜਨੀਤੀ ਦਾ ਸਰੂਪ ਕਿਸੇ ਨਾ ਕਿਸੇ ਰੂਪ ਵਿਚ ਦਿਖਾਏ ਦੇਣ ਲੱਗ ਪਿਆ ਵਿਚਾਰਗਤ ਨੈਤਿਕਤਾ ਦੇ ਪੱਧਰ ਤੇ ਮਨੁੱਖ ਧਰਮ ਅਤੇ ਰਾਜਨੀਤੀ ਨੂੰ ਆਪਣੇ ਹਿਤ ਲਈ ਰਲਗੜ ਕਰਨ ਲੱਗ ਪਿਆ। ਰਾਜਨੀਤਿਕ ਪਾਰਟੀਆਂ ਆਪਣੇ ਹਿਤਾਂ ਲਈ ਧਰਮ ਦੀ ਕਿਸੇ ਨਾ ਕਿਸੇ ਰੂਪ ਵਿਚ ਵਰਤੋਂ ਕਰਦੀਆਂ ਹਨ। ਇੱਕ ਪਾਸੇ ਭਾਰਤੀ ਜਨਤਾ ਪਾਰਟੀ ਹਿੰਦੂ ਰਾਸ਼ਟਰ ਬਣਾਉਣ ਲਈ ਹਿੰਦੂਤਵ ਦਾ ਆਪਣੀ ਸਥਾਪਤੀ ਲਈ ਵਰਤੋਂ ਕਰਦੀ ਹੈ। ਜਦੋਂ ਕਿ ਦੂਸਰੇ ਪਾਸੇ ਕਾਂਗਰਸ ਧਰਮ ਨੂੰ ਰਾਜਨੀਤੀ ਤੋਂ ਵੱਖਰਾ ਕਰਨ ਲਈ ਢੌਂਗ ਕਰਦੀ ਨਜ਼ਰ ਆਉਂਦੀ ਹੈ। ਰਾਜਨੀਤਿਕ ਲੋਕ ਧਰਮ ਦੇ ਸੂਖਮ ਅਤੇ ਸੰਜੀਦੇ ਮਸਲੇ ਨੂੰ ਬਹੁਤ ਹੀ ਗੈਰ ਜ਼ੁਮੇਵਾਰ ਤਰੀਕੇ ਨਾਲ ਵਰਤਦੇ ਹਨ ਸ਼੍ਰੋਮਣੀ ਅਕਾਲੀ ਦਲ ਸਾਫ ਅਤੇ ਸਪੱਸ਼ਟ ਤਰੀਕੇ ਨਾਲ ਧਰਮ ਦੀ ਵਰਤੋਂ ਆਪਣੀਆਂ ਰਾਜਨੀਤਿਕ ਗਤੀਵਿਧੀਆ ਲਈ ਵਰਤੋਂ ਕਰਦਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਜਨਮ ਹੀ ਗੁਰਦੁਆਰਾ ਸੁਧਾਰ ਲਹਿਰ ਵਿਚੋਂ ਹੋਇਆ। ਗੁਰਦੁਆਰਾ ਸੁਧਾਰ ਲਹਿਰ ਪੂਰਨ ਤੌਰ ਤੇ ਧਾਰਮਿਕ ਲਹਿਰ ਸੀ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਗੁਰਦੁਆਰਿਆਂ ਦਾ ਪ੍ਰਬੰਧ ਵੇਖਦੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਜੋ ਰਾਜਨੀਤਿਕ ਪਿੜ ਵਿਚ ਆਪਸੀ ਸਥਾਪਤੀ ਬਣਾਉਣ ਲਈ ਹਮੇਸ਼ਾ ਤਤਪਰ ਰਹਿੰਦਾ ਹੈ। ਬਿਲਕੁਲ ਇੱਕ ਦੂਜੇ ਦੇ ਪੂਰਕ ਹਨ ਕੋਈ ਵੀ ਮਨੁੱਖ ਇਹ ਨਹੀਂ ਕਹਿੰਦਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਫਰਕ ਹੈ ਸਗੋਂ ਦੋਨੋਂ ਹੀ ਇਸੇ ਰੂਪ ਵਿਚ ਨਜ਼ਰ ਆਉਂਦੇ ਹਨ। ਧਰਮ ਅਤੇ ਰਾਜਨੀਤੀ ਦੇ ਆਪਸੀ ਸੰਬੰਧਾਂ ਨੂੰ ਜਾਨਣ ਤੋਂ ਪਹਿਲਾਂ ਅਸੀਂ ਧਰਮ ਅਤੇ ਰਾਜਨੀਤੀ ਦੇ ਪਿਛੋਕੜ ਤੇ ਇੱਕ ਝਾਤ ਮਾਰ ਲਈਏ।

ਮਨੁੱਖ ਦੇ ਜਨਮ ਦੇ ਨਾਲ ਹੀ ਧਰਮ ਦਾ ਜਨਮ ਹੋਇਆ ਜਾਪਦਾ ਹੈ। ਆਦਿ ਕਾਲ ਵਿਚ ਮਨੁੱਖ ਬਦਲਾਂ ਦੇ ਗਰਜਣ, ਮੀਂਹ ਦਾ ਪੈਣਾ, ਨਿੱਕੇ ਬੀਜ ਤੋਂ ਵੱਢੇ ਦਰੱਖਤ ਹੋਣਾ ਅਤੇ ਜੰਮਣ-ਮਰਨ ਦੀ ਕਿਰਿਆ ਤੋਂ ਬਹੁਤ ਹੈਰਾਨ ਹੁੰਦਾ ਸੀ। ਉਹ ਇਸ ਲਈ ਬੁਝਾਰਤਾਂ ਹੀ ਸਨ। ਮਨੁੱਖ ਦੀ ਇਸ ਅਗਿਆਨਤਾ ਕਰਕੇ ਹੀ ਸਭ ਤੋਂ ਪਹਿਲਾਂ ਧਾਰਮਿਕ ਵਿਸ਼ਵਾਸ ਦਾ ਮੁੱਢ ਬੱਝਿਆ। ਸੋ ਅਸੀਂ ਇਹ ਕਹਿ ਸਕਦੇ ਹਾਂ ਕੋਈ ਅਦਿੱਖ ਸ਼ਕਤੀ ਇਸ ਸਾਰੀ ਪ੍ਰਕਿਰਿਆ ਪਿੱਛੇ ਕੰਮ ਕਰ ਰਹੀ ਹੈ। ਸੋ ਇਹੀ ਭਾਵਨਾ ਧਰਮ ਦੇ ਪੁਰਾਤਨ ਰੂਪ ਦੀ ਨੀਂਹ ਹੈ। ਹੁਣ ਪ੍ਰਸ਼ਨ ਇਹ ਹੈ ਮਨੁੱਖ ਇਸ ਧਰਤੀ ਉੱਤੇ ਕਦੋਂ ਤੋਂ ਰਹਿ ਰਿਹਾ ਹੈ। ਇਸ ਪ੍ਰਸ਼ਨ ਦਾ ਉੱਤਰ ਲੱਭਣਾ ਬਹੁਤ ਮੁਸ਼ਕਿਲ ਹੈ। ਵੱਖ-ਵੱਖ ਵਿਗਿਆਨੀ ਪੁਰਾਤਨ ਲੋਕਾਂ ਦੇ ਜੀਵਨ ਅਤੇ ਸਭਿਆਚਾਰ ਦੀਆਂ ਨਿਸ਼ਾਨੀਆਂ ਤੋਂ ਅੰਦਾਜ਼ੇ ਲਗਾਉਂਦੇ ਹਨ ਕਿ ਇਹ 4 ਲੱਖ ਜਾਂ 5 ਲੱਖ ਸਾਲ ਪੁਰਾਣਾ ਹੋ ਸਕਦਾ ਹੈ। ਪੂਰਵ ਇਤਿਹਾਸਕ ਅਤੇ ਆਦਿ ਕਾਲੀਨ ਸਮੇਂ ਵਿਚ ਮਨੁੱਖ ਪੜ੍ਹਨ ਲਿਖਣ ਨਹੀਂ ਜਾਣਦਾ ਸੀ ਇਸ ਕਰਕੇ ਉਸ ਸਮੇਂ ਦੀ ਸਾਡੇ ਕੋਲ, ਕੋਈ ਲਿਖਤੀ ਸਮੱਗਰੀ ਨਹੀਂ ਹੈ। ਅਸੀਂ ਕਬੀਲੀਆਂ ਦੇ ਸਭਿਆਚਾਰਕ ਚਿੰਨ੍ਹਾਂ ਤੋਂ ਹੀ ਉਨ੍ਹਾਂ ਦੇ ਇਤਿਹਾਸਕ ਪੱਖ ਦੀ ਪੜਚੋਲ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਅਜੋਕੇ ਯੁੱਗ ਵਿਚ ਵੀ ਪੂਰਵਕ ਇਤਿਹਾਸਕ ਸੱਭਿਆਚਾਰ ਅਤੇ ਧਰਮ ਦੇ ਕੁਝ ਚਿੰਨ ਸ਼ਿਕਾਰੀ ਕਬੀਲਿਆਂ ਵਿਚ ਵੇਖੇ ਗਏ। ਮੱਧ ਪ੍ਰਦੇਸ਼ ਵਿਚ ਕੁਝ ਅਜਿਹੀਆਂ ਗੁਫਾਵਾਂ ਲੱਭੀਆਂ ਜਿਨ੍ਹਾਂ ਵਿਚ ਮਨੁੱਖ ਕਦੇ ਰਹਿੰਦੇ ਸਨ ਇਨ੍ਹਾਂ ਗੁਫਾਵਾਂ ਵਿਚ ਵੀ ਕੁੱਝ ਨੂੰ ਕਬਾਇਲੀ ਲੋਕ ਦੇਵੀ ਦੇਵਤਿਆਂ ਦੇ ਮੰਦਰ ਜਾਣ ਕੇ ਪੂਜਦੇ ਸਨ।

ਮਨੁੱਖ ਸ਼ਿਕਾਰ ਵਿਚ ਸਫਲਤਾ ਪ੍ਰਾਪਤ ਕਰਕੇ ਜਿਹੜੀਆਂ ਵੀ ਚੀਜ਼ਾਂ ਸ਼ਿਕਾਰ ਦੇ ਰੂਪ ਵਿਚ ਇਕੱਠੀਆਂ ਕਰਦਾ ਉਹ ਆਪਣੀ ਖੁਰਾਕ ਲਈ ਹੀ ਵਰਤਦਾ ਸੀ। ਮਨੁੱਖ ਦਾ ਜਾਦੂ ਟੂਣਿਆਂ ਵਿਚ ਸ਼ੋਕ, ਫਸਲਾਂ ਬੀਜਣ ਅਤੇ ਜਾਨਵਰ ਪਾਲਣ ਨਾਲ ਵੱਧਣ ਲੱਗ ਪਿਆ। ਅਸੀਂ ਆਮ ਹੀ ਦੇਖਦੇ ਹਾਂ ਫਸਲ ਬੀਜਣ, ਕੱਟਣ, ਪਸ਼ੂ ਪਾਲਣ, ਮੌਸਮ ਬਦਲਣ ਨਾਲ ਹੀ ਬਹੁਤ ਸਾਰੇ ਧਾਰਮਿਕ ਵਿਸ਼ਵਾਸ ਅਤੇ ਰੀਤੀ-ਰਿਵਾਜ਼ ਜੁੜੇ ਹਨ ਇਥੋਂ ਤੱਕ ਕਿ ਮਨੁੱਖ ਦੀ ਮ੍ਰਿਤਕ ਦੇਹ ਨੂੰ ਸਮੇਟਣਾ ਵੀ ਇੱਕ ਪਵਿੱਤਰ ਜਾਂ ਧਾਰਮਿਕ ਸੰਸਕਾਰ ਕਿਹਾ ਜਾਂਦਾ ਹੈ।

1921 ਈ. ਵਿਚ ਭਾਰਤੀ ਪੁਰਾ-ਖੋਜੀਆਂ ਨੇ ਇੱਕ ਭਾਰੀ ਲੱਭਤ ਲੱਭੀ, ਜਿਹੜੀ ਵਿਸ਼ੇਸ਼ ਕਰਕੇ ਹੜ੍ਹਪਾ ਅਤੇ ਮਹਿੰਜੋਦੜੋ ਦੀਆਂ ਖੁਦਾਈਆਂ ਦੇ ਫਲਸਰੂਪ ਪ੍ਰਾਪਤ ਹੋਈ ਸੀ। ਹੜੱਪਾ ਪਾਕਿਸਤਾਨ ਵਿਚ ਪੱਛਮੀ ਪੰਜਾਬ ਦਾ ਜ਼ਿਲ੍ਹਾ ਮਿੰਟਗੁਮਰੀ ਵਿਚ ਹੈ। ਮਹਿੰਜੋਦੜੋ ਵੀ ਪਾਕਿਸਤਾਨ ਵਿਚ ਹੀ ਸਿੰਧ ਦੇ ਲੜਕਾਣਾ ਜ਼ਿਲ੍ਹੇ ਵਿਚ ਹੈ। ਇਹ ਦੋਵੇਂ ਥਾਵਾਂ ਇੱਕ ਚੋਖੀ ਉੱਨਤ ਸ਼ਹਿਰੀ ਸਭਿਅਤਾ ਦੀਆਂ ਨਿਸ਼ਾਨੀਆਂ ਪ੍ਰਗਟ ਕਰਦੀਆਂ ਹਨ। ਇਥੇ ਲਗਭਗ ਪੰਜ ਹਜ਼ਾਰ ਸਾਲ ਪੁਰਾਣੇ ਸ਼ਹਿਰ ਮਿਲੇ ਸਨ। ਇਹ ਸ਼ਹਿਰ ਚੰਗੀ ਵਿਉਂਤ ਅਨੁਸਾਰ ਬਣੇ ਹੋਏ ਸਨ। ਇਨ੍ਹਾਂ ਦੀਆਂ ਗਲੀਆਂ ਖੁੱਲੀਆਂ ਅਤੇ ਘਰ ਪੱਕੀਆਂ ਇੱਟਾਂ ਦੇ ਸਨ। ਉਥੇ ਨਾਲੀਆਂ ਖੂਹ ਅਤੇ ਗੁਸਲਖਾਨੇ ਵੀ ਸਨ। ਸ਼ਹਿਰਾਂ ਦੇ ਚੁਗਿਰਦੇ ਉੱਚੀਆਂ ਕੰਧਾਂ ਸਨ। ਹੜੱਪਾ ਯੁੱਗ ਦੇ ਸ਼ਹਿਰ ਵਾਸੀ ਨਾ ਕੇਵਲ ਚਤੁਰ ਉਸਰੱਈਏ ਹੀ ਸਨ, ਸਗੋਂ ਸੁਲਝੇ ਹੋਏ ਕਲਾਕਾਰ ਵੀ ਸਨ। ਉਹ ਆਪਣੇ ਪਿੱਛੇ ਗਹਿਣੇ, ਬਰਤਨ, ਮੂਰਤੀਕਲਾ ਦੇ ਨਮੂਨੇ ਅਤੇ ਦੋ ਹਜ਼ਾਰ ਤੋਂ ਵੱਧ ਛੋਟੀਆਂ ਤਖ਼ਤੀਆਂ, ਜਿਨ੍ਹਾਂ ਨੂੰ ਮੁਹਰਾਂ ਕਹਿੰਦੇ ਹਨ, ਛੱਡ ਗਏ ਸਨ। ਇਨ੍ਹਾਂ ਮੁਹਰਾਂ ਉੱਤੇ ਅੱਖਰ ਉਕਰੇ ਹੋਏ ਸਨ। ਇਨ੍ਹਾਂ ਨਿਸ਼ਾਨੀਆਂ ਦਾ ਵਿਸਥਾਰ ਪੂਰਵਕ ਅਧਿਐਨ 1931 ਈ. ਤੋਂ ਹੋਣਾ ਸ਼ੁਰੂ ਹੋਇਆ।

ਹੜੱਪਾ ਦਰਿਆ ਸਿੰਧ ਦੇ ਖੱਬੇ ਕੰਢੇ ਉੱਤੇ ਸਥਿਰ ਹੈ। ਜਿਹੜਾ ਸਭਿਆਚਾਰ ਪੰਜ

ਹਜ਼ਾਰ ਸਾਲ ਪਹਿਲੇ ਇਥੇ ਪ੍ਰਫੁੱਲਿਤ ਹੋਇਆ, ਉਹ ਦਰਿਆ ਦੇ ਨਾਲ-ਨਾਲ ਇਸਦੇ ਦਹਾਨੇ ਤੱਕ ਫੈਲਿਆ ਹੋਇਆ ਸੀ। ਇਸੇ ਕਾਰਨ ਇਸਦਾ ਨਾਮ "ਸਿੰਧ ਘਾਟੀ ਦੀ ਸਭਿਅਤਾ" ਪੈ ਗਿਆ।

ਹੜੱਪਾ ਤੇ ਮਹਿੰਜੋਦੜੋ  ਦੇ ਲੋਕ-ਪੜ੍ਹੇ ਲਿਖੇ ਸਨ ਅਤੇ ਲਿਖਣ ਦੀ ਕਲਾ ਤੋਂ ਪੂਰੀ ਤਰ੍ਹਾਂ ਜਾਣੂ ਸਨ। ਇਹ ਇੱਕ ਕਿਸਮ ਦੀ ਚਿੱਤਰ-ਲਿਪੀ ਵਰਤਦੇ ਸਨ ਜਿਸਦੇ 396 ਚਿੰਨ੍ਹ ਜਾਂ ਅੱਖਰ ਸਨ। ਇਹ ਲਿਪੀ ਹਾਲੇ ਤੱਕ ਸਫ਼ਲਤਾਪੂਰਵਕ ਪੜ੍ਹੀ ਨਹੀਂ ਜਾ ਸਕਦੀ। ਕੁਝ ਵਿਦਵਾਨ ਸਮਝਦੇ ਹਨ ਕਿ ਇਹ ਲਿਪੀ ਸੱਜੇ ਤੋਂ ਖੱਬੇ ਪਾਸੇ ਨੂੰ ਲਿਖੀ ਹੋਈ ਹੈ ਪਰ ਇਹ ਗੱਲ  ਵੀ ਯਕੀਨੀ ਨਹੀਂ।

ਪੰਜਾਬ ਵਿਚ ਸਿੰਧ ਘਾਟੀ ਦੀ ਸਭਿਅਤਾ ਦੇ ਕੇਂਦਰ ਉਨ੍ਹਾਂ ਆਰੀਆਂ ਦੇ ਹੱਥੋਂ ਬਰਬਾਦ ਹੋ ਗਏ ਜਿਹੜੇ ਉੱਤਰ-ਪੱਛਮੀ ਪਾਸਿਓਂ ਭਾਰਤ ਵਿਚ ਦਾਖਲ ਹੋਏ ਸਨ ਪਰ ਆਰੀਆਂ ਤੋਂ ਪਹਿਲਾਂ ਦੇ ਇਨ੍ਹਾਂ ਭਾਰਤੀਆਂ ਦੇ ਸਭਿਆਚਾਰ ਦੀਆਂ ਨਿਸ਼ਾਨੀਆਂ ਅਜੇ ਤੱਕ ਬਾਕੀ ਹਨ। ਜਿਹੜੇ ਆਰੀਏ ਇਨ੍ਹਾਂ ਦੇ ਪਿੱਛੇ ਆਏ ਉਹ ਇਸ ਸਭਿਆਚਾਰ ਤੋਂ ਪ੍ਰਭਾਵਿਤ ਹੋਏ। ਪਿਛਲੇ ਕੁਝ ਸਾਲਾਂ  ਵਿਚ ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਿਚ ਸੱਤਰ ਤੋਂ ਵੱਧ ਥਾਵਾਂ ਤੋਂ ਸਿੰਧ ਘਾਟੀ ਦੇ ਸਭਿਆਚਾਰ ਦੀਆਂ ਨਿਸ਼ਾਨੀਆਂ ਮਿਲੀਆਂ ਸਨ। ਅਜੋਕੀਆਂ ਲੱਭਤਾਂ ਨੇ ਇਹ ਗੱਲ ਸਿੱਧ ਕਰ ਦਿੱਤੀ ਹੈ ਕਿ ਇਹ ਸ਼ਹਿਰੀ ਸਭਿਅਤਾ 3000 ਤੋਂ 1500 ਪੂਰਵੀ ਈਸਵੀ ਦੇ ਵਿਚ ਸਾਡੇ ਦੇਸ਼ ਦੇ ਇੱਕ ਵਿਸ਼ਾਲ ਇਲਾਕੇ ਉਪਰ ਫੈਲੀ ਹੋਈ ਸੀ।

ਪੁਰਾਤਨ ਨਿਸ਼ਾਨੀਆਂ ਵਿਚ ਇਮਾਰਤਾਂ, ਮੂਰਤੀਆਂ,  ਉਕਰੀਆਂ ਮੁਹਰਾਂ ਅਤੇ ਮਿੱਟੀ ਦੇ ਬਰਤਨਾਂ ਉੱਤੇ ਬਣੀਆਂ ਤਸਵੀਰਾਂ ਹਨ। ਇਨ੍ਹਾਂ ਨਿਸ਼ਾਨੀਆਂ ਤੋਂ ਅਸੀਂ ਉਨ੍ਹਾਂ ਲੋਕਾਂ ਦੇ ਧਰਮ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ ਜਿਹੜੇ ਆਰੀਆਂ ਦੇ ਆਉਣ ਤੋਂ ਪਹਿਲਾਂ

ਇਥੇ ਆਬਾਦ ਸਨ। ਨਿਸ਼ਾਨੀਆਂ ਤੋਂ ਪ੍ਰਾਪਤ ਸੂਚਨਾ ਸਾਨੂੰ ਉਨ੍ਹਾਂ ਦੇ ਧਾਰਮਿਕ ਜੀਵਨ ਬਾਰੇ ਪੂਰਾ ਗਿਆਨ ਦੇਣ ਦੇ ਸਮਰੱਥ ਨਹੀਂ ਹੈ, ਪਰ ਸਾਡੇ ਕੋਲ ਇਨ੍ਹਾਂ ਸੰਬੰਧਾਂ ਜਾਣਕਾਰੀ ਦਾ ਹੋਰ ਕੋਈ ਸਾਧਨ ਵੀ ਨਹੀਂ। ਫਲਸਰੂਪ ਇਨ੍ਹਾਂ ਲੋਕਾਂ ਦੇ ਧਰਮ ਅਤੇ ਰੀਤਾਂ-ਰਿਵਾਜ਼ਾਂ ਬਾਰੇ ਜੋ ਵੀ ਵਾਕਫ਼ੀਅਤ ਮਿਲਦੀ ਹੈ, ਉਹ ਇਨ੍ਹਾਂ ਨਿਸ਼ਾਨੀਆਂ ਦੁਆਰਾ ਹੀ ਹੈ।

ਉਨ੍ਹਾਂ ਦਿਨਾਂ ਵਿਚ ਮਨੁੱਖਾਂ ਦੇ ਧਾਰਮਿਕ ਅਤੇ ਸੰਸਾਰਿਕ ਆਹਰਾਂ ਵਿਚਕਾਰ ਕੋਈ ਵਿਸ਼ੇਸ਼ ਅੰਤਰ ਨਹੀਂ ਸੀ। ਧਾਰਮਿਕ ਵਿਸ਼ਵਾਸ ਉਨ੍ਹਾਂ ਦੇ ਜੀਵਨ ਦੇ ਕਈ ਪੱਖਾਂ ਉੱਤੇ ਹਾਵੀ ਸਨ। ਉਦਾਹਰਣ ਵਜੋਂ ਰਾਜਾ, ਲੋਕਾਂ ਦਾ ਹਾਕਮ ਵੀ ਸੀ ਅਤੇ ਪਰੋਹਿਤ ਵੀ। ਖੁਦਾਈ ਵਾਲੀਆਂ ਥਾਵਾਂ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਬਾਦਸ਼ਾਹਤ ਜੱਦੀ ਨਹੀਂ ਸੀ। ਹਰੇਕ ਸ਼ਹਿਰ ਆਪਣੇ ਆਪ ਵਿਚ ਇੱਕ ਰਾਜ ਸੀ। ਜਿਵੇਂ ਅਸੀਂ ਅੱਜਕੱਲ੍ਹ ਲੋਕਾਂ ਦੇ ਧਰਮਾਂ ਦੇ ਨਾਮ ਦਸ ਸਕਦੇ ਹਨ, ਉਸ ਤਰ੍ਹਾਂ ਪੁਰਾਤਨ ਸਮਿਆਂ ਦੇ ਲੋਕਾਂ ਦੇ ਧਰਮਾਂ ਦੇ ਨਾਮ ਦੱਸਣੇ ਸੰਭਵ ਨਹੀਂ ਹਨ। ਅਸੀਂ ਇਹ ਦੱਸਣ ਦੇ ਵੀ ਸਮਰੱਥ ਨਹੀਂ ਹਾਂ ਕਿ ਉਹ ਲੋਕ ਆਸਤਕ ਸਨ ਜਾਂ ਨਾਸਤਕ। 'ਧਰਮ', 'ਆਸਤਕ' ਅਤੇ 'ਨਾਸਤਕ' ਆਧੁਨਿਕ ਸ਼ਬਦ ਹਨ। ਆਰੀਆਂ ਦੇ ਆਉਣ ਤੋਂ ਪਹਿਲੇ ਦੇ ਭਾਰਤਵਾਸੀਆਂ ਉਪਰ ਇਹ ਸ਼ਬਦ ਠੀਕ ਤਰ੍ਹਾਂ ਲਾਗੂ ਨਹੀਂ ਹੁੰਦੇ।

ਪਰੰਤੂ ਇਹ ਕਿਹਾ ਜਾ ਸਕਦਾ ਹੈ ਕਿ ਪੂਰਵ-ਵੈਦਿਕ ਕਾਲ ਦੇ ਭਾਰਤੀਆਂ ਦੇ ਧਰਮ ਅਤੇ ਰੀਤੀ-ਰਿਵਾਜ਼ਾਂ ਦਾ ਢਾਂਚਾ ਚੋਖਾ ਗੁੰਝਲਦਾਰ ਸੀ। ਇਸ ਗੱਲ ਦਾ ਉਨ੍ਹਾਂ ਬਹੁਤ ਸਾਰੀਆਂ ਨਿਸ਼ਾਨੀਆਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਜੋ ਸਾਨੂੰ ਅੱਜ ਤੱਕ ਮਿਲੀਆਂ ਹਨ। ਹੜੱਪਾ ਕਾਲ ਦੇ ਧਰਮ ਦੇ ਬਹੁਤ ਸਾਰੇ ਤੱਤ ਵੈਦਿਕ ਧਰਮ ਵਿਚ ਪ੍ਰਵੇਸ਼ ਕਰ ਗਏ ਜਾਪਦੇ ਹਨ। ਉਹ ਹੁਣ ਤੱਕ ਸਾਡੇ ਧਰਮਾਂ-ਹਿੰਦੂ ਅਤੇ ਬੁੱਧ ਧਰਮ ਵਿਚ ਦੇਖੇ ਜਾ ਸਕਦੇ ਹਨ। ਬਲੋਚਿਸਤਾਨ ਅਤੇ ਪੰਜਾਬ ਵਿਚੋਂ ਲੱਭੀਆਂ ਮਿੱਟੀ ਦੀਆਂ ਬਣੀਆਂ ਨਾਰੀਆਂ ਦੀਆਂ

ਮੂਰਤੀਆਂ ਇਸ ਗੱਲ ਵੱਲ ਸੰਕੇਤ ਕਰਦੀਆਂ ਹਨ ਕਿ ਹੜੱਪਾ ਕਾਲ ਦੇ ਲੋਕ ਦੇਵੀ ਮਾਤਾ ਵਿਚ ਵਿਸ਼ਵਾਸ ਰੱਖਦੇ ਸਨ। ਈਸ਼ਵਰ ਦੇ ਇਸਤਰੀ ਸਰੂਪ ਜਿਸ ਨੂੰ ਦੇਵੀ, ਸ਼ਕਤੀ, ਦੁਰਗਾ, ਪ੍ਰਕਿਰਤੀ, ਕਾਲੀ, ਚੰਡੀ ਆਦਿ ਕਿਹਾ ਜਾਂਦਾ ਹੈ, ਦੀ ਪੂਜਾ ਸਭ ਯੁੱਗਾਂ ਵਿਚ ਹਰਮਨ-ਪਿਆਰੀ ਰਹੀ ਹੈ। ਅੱਜ ਵੀ ਸਾਡੇ ਮੁਲਕ ਵਿਚ ਦੇਵੀ ਦੀ ਪੂਜਾ ਅਨੇਕ ਰੂਪਾਂ ਵਿਚ ਕੀਤੀ ਜਾਂਦੀ ਹੈ।

ਇਨ੍ਹਾਂ ਲੋਕਾਂ ਦੇ ਧਾਰਮਿਕ ਜੀਵਨ ਦਾ ਇੱਕ ਹੋਰ ਪ੍ਰਸਿੱਧ ਪੱਖ ਉਨ੍ਹਾਂ ਵਿਚ ਪਾਏ ਜਾਂਦੇ ਧਿਆਨ ਅਤੇ ਯੋਗ ਦਾ ਰਿਵਾਜ਼ ਸੀ। ਹੜੱਪਾ ਅਤੇ ਮਹਿੰਜੋਦੜੋ ਵਿਚ ਆਦਮੀਆਂ ਦੀਆਂ ਕੁਝ ਅਜਿਹੀਆਂ ਮੂਰਤੀਆਂ ਮਿਲੀਆਂ ਹਨ ਜਿਨ੍ਹਾਂ ਵਿਚ ਉਹ ਯੋਗ ਆਸਣ ਵਿਚ ਬੈਠੇ ਵਿਖਾਏ ਗਏ ਹਨ। ਇਸ ਤਰ੍ਹਾਂ ਯੋਗ ਦਾ ਮੁੱਢ ਆਰੀਆਂ ਤੋਂ ਵੀ ਪਹਿਲਾ ਦੇ ਭਾਰਤੀ ਲੋਕਾਂ ਵਿਚ ਬੱਝਾ ਦਿਸ ਆਉਂਦਾ ਹੈ। ਬਾਅਦ ਦੇ ਭਾਰਤੀ ਧਰਮ ਯੋਗ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਦੀਆਂ ਬਹੁਤ ਸਾਰੀਆਂ ਰਸਮਾਂ ਮੁੱਖ ਤੌਰ ਤੇ ਯੋਗ ਉੱਤੇ ਹੀ ਆਧਾਰਿਤ ਹਨ।

ਸਿੰਧ ਘਾਟੀ ਦੀਆਂ ਨਿਸ਼ਾਨੀਆਂ ਵਿਚੋਂ ਇੱਕ ਮੋਹਰ ਐਸੀ ਲੱਭੀ ਹੈ, ਜਿਸ ਉੱਤੇ ਇੱਕ ਯੋਗ ਪੁਰਸ਼ ਚੌਂਕੜੀ ਮਾਰ ਕੇ ਬੈਠਾ ਭਗਤੀ ਕਰ ਰਿਹਾ ਹੈ। ਇਸ ਮੋਹਰ ਉੱਤੇ ਉਕਰੀ ਲਿਖਤ ਦੇ ਛੇ ਜਾਂ, ਸ਼ਾਇਦ ਸੱਤ ਚਿੰਨ੍ਹ (ਅੱਖਰ) ਹਨ। ਉਸ ਵਿਅਕਤੀ ਦੇ ਇਰਦ-ਗਿਰਦ ਗੈਂਡਾ, ਹਾਥੀ, ਸ਼ੇਰ ਅਤੇ ਝੋਟੇ ਵਰਗੇ ਜਾਨਵਰਾਂ ਨੇ ਘੇਰਾ ਪਾਇਆ ਹੋਇਆ ਹੈ। ਇਹੀ ਜਾਨਵਰ ਬਾਅਦ ਦੇ ਸਮਿਆਂ ਵਿਚ ਧਾਰਮਿਕ ਚਿੰਨ੍ਹ ਬਣ ਗਏ। ਮੂਰਤੀ ਦੇ ਆਸਣ ਦੇ ਥੱਲੇ ਹਿਰਨਾਂ ਦਾ ਜੋੜਾ ਬਣਿਆ ਹੋਇਆ ਹੈ। ਸਮਾਧੀ ਵਿਚ ਬੈਠੇ ਵਿਅਕਤੀ ਨੇ ਦਿਲ-ਖਿੱਚਵਾਂ ਸਿਰ-ਪੋਸ਼ ਪਹਿਨਿਆ ਹੋਇਆ ਹੈ। ਜਿਸ ਦੀਆਂ ਪੱਟੀਆਂ ਸਿੰਙਾਂ ਦੀ ਤਰ੍ਹਾਂ ਜਾਪਦੀਆਂ ਹਨ। ਕੁਝ ਲਿਖਾਰੀ ਇਸ ਮੂਰਤੀ ਨੂੰ ਸਿੰਙਾਂ ਵਾਲਾ ਦੇਵਤਾ ਕਹਿੰਦੇ ਹਨ। ਕੁਝ ਹੋਰਨਾਂ ਨੂੰ ਇਸ ਮੂਰਤੀ ਵਿਚੋਂ ਸ਼ਿਵਜੀ ਦਾ ਪੁਰਾਣਾ ਰੂਪ ਨਜ਼ਰੀਂ ਆਇਆ ਹੈ। ਇਹ ਮੂਰਤੀ ਸਮਾਧੀ

ਵਿਚ ਬੈਠੇ ਯੋਗੀ ਦੀ ਹੋ ਸਕਦੀ ਹੈ। ਇਸ ਤੋਂ ਸਾਨੂੰ ਅੱਜਕੱਲ੍ਹ ਦੇ ਯੋਗੀ ਯਾਦ ਆ ਜਾਂਦੇ ਹਨ। ਇਤਿਹਾਸਿਕ ਕਾਲ ਵਿਚ ਯੋਗ, ਜੈਨ ਮਤ, ਬੁੱਧ ਮਤ, ਸਾਂਖ-ਯੋਗ ਅਤੇ ਵੇਦਾਂਤ ਨਾਲ ਸੰਬੰਧਿਤ ਹੋ ਗਿਆ। ਸ਼ੈਵ ਅਤੇ ਤਾਂਤਰਿਕ ਮਤ ਵਿਚ ਵੀ ਯੋਗ ਵਾਲੇ ਤੱਤ ਪ੍ਰਾਪਤ ਹਨ। ਯੋਗ ਮਤ ਦੀਆਂ ਕ੍ਰਿਆਵਾਂ ਜੋ ਹੜੱਪਾ ਕਾਲ ਵਿਚ ਆਰੰਭ ਹੋਈਆਂ, ਬੁੱਧ ਅਤੇ ਬੁੱਧ ਤੋਂ ਬਾਅਦ ਦੇ ਸਮਿਆਂ ਵਿਚ ਮੁਨੀਆਂ ਅਤੇ ਭਿਕਸ਼ੂਆਂ ਦੁਆਰਾ ਸੰਪੂਰਨ ਹੋਈਆਂ।

ਪੁਰਾ-ਖੋਜੀਆਂ ਨੇ ਮਹਿੰਜੋਦੜੋ ਦੇ ਸਥਾਨ ਤੇ ਮਿਲੀਆਂ ਕੁਝ ਇਮਾਰਤਾਂ ਨੂੰ ਮੰਦਰ ਮੰਨਿਆ ਹੈ। ਮਹਿੰਜੋਦੜੋ ਦੇ ਮੁੱਖ ਭਾਗ ਵਿਚ ਮਹਾਨ ਗੁਸਲ ਨੂੰ ਪਵਿੱਤਰ ਸਰੋਵਰ ਕਿਹਾ ਗਿਆ ਹੈ। ਲੋਕਾਂ ਲਈ ਇਹ ਸਰੋਵਰ ਸ਼ਾਇਦ ਧਾਰਮਿਕ ਇਸ਼ਨਾਨ-ਅਸਥਾਨ ਸੀ। ਸ਼ਹਿਰ ਵਿਚ ਗੁਸਲਖਾਨੇ ਅਤੇ ਨਾਲੀਆਂ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਲੋਕਾਂ ਲਈ ਪਾਣੀ ਦਾ ਕੀ ਮਹੱਤਵ ਸੀ। ਪਾਣੀ ਸਫਾਈ ਅਤੇ ਸ਼ੁੱਧਤਾ ਲਈ ਜ਼ਰੂਰੀ ਸਮਝਿਆ ਜਾਂਦਾ ਸੀ। ਇਹੀ ਖਿਆਲ ਬਾਅਦ ਦੇ ਧਰਮਾਂ ਨੇ ਵੀ ਧਾਰਨ ਕਰ ਲਿਆ, ਪਾਣੀ ਦੀ ਪੂਜਾ ਕੀਤੀ ਗਈ ਅਤੇ ਇਸੇ ਤਰ੍ਹਾਂ ਦਰਿਆਵਾਂ ਦੀ ਵੀ ਸ਼ਰਧਾਲੂਆਂ ਨੇ ਪਵਿੱਤਰ ਅਸਥਾਨਾਂ ਜਾਂ ਤੀਰਥਾਂ ਉੱਤੇ ਜਿਥੇ ਦਰਿਆ ਨਹੀਂ ਸਨ, ਬਣਾਉਟੀ ਸਰੋਵਰ ਬਣਾਏ।

ਸਿੰਧ ਘਾਟੀ ਤੋਂ ਮਿਲੀਆਂ ਨਿਸ਼ਾਨੀਆਂ ਵਿਚੋਂ ਇੱਕ ਪ੍ਰਸਿੱਧ ਸੁਸਤਿਕ ਚਿੰਨ੍ਹ ਵੀ ਹੈ। ਇਹ ਚਿੰਨ੍ਹ ਅੱਜ ਵੀ ਜੈਨੀਆਂ ਅਤੇ ਵਪਾਰੀਆਂ ਲਈ ਹਰਮਨ-ਪਿਆਰਾ ਅਤੇ ਚੰਗੇ ਸ਼ਗਨ ਵਾਲਾ ਸਮਝਿਆ ਜਾਂਦਾ ਹੈ। ਸੁਸਤਿਕ ਜੈਨ ਕਲਾ ਦਾ ਮਹੱਤਵਪੂਰਨ ਲੱਛਣ ਵੀ ਹੈ। ਇਸੇ ਤਰ੍ਹਾਂ ਮੋਹਰਾਂ ਮਿਲੀਆਂ ਹਨ ਜਿਨ੍ਹਾਂ ਉੱਤੇ ਪਿੱਪਲ ਦੇ ਦਰੱਖਤ ਅਤੇ ਪਿੱਪਲ ਦੇ ਪੱਤੇ ਦੀਆਂ ਤਸਵੀਰਾਂ ਹਨ। ਪਿੱਪਲ ਦਾ ਦਰੱਖਤ ਬੋਧੀਆਂ ਅਤੇ ਭਾਰਤ ਦੇ ਕੁਝ ਹੋਰ ਫਿਰਕਿਆਂ ਲਈ ਪਵਿੱਤਰ ਹੈ। ਦਰੱਖਤ ਦੀ ਪ੍ਰਤੀਕਾਤਮਕਤਾ ਮਨੁੱਖੀ ਆਕ੍ਰਿਤੀਆਂ ਦੀਆਂ ਕੁਝ ਕਤਾਰਾਂ ਤੋਂ ਸਪੱਸ਼ਟ ਹੈ, ਜਿਹੜੀਆਂ ਦਰੱਖਤਾਂ ਦੇ ਹਿੱਸਿਆਂ ਵਜੋਂ ਤਸਵੀਰਾਂ ਵਿਚ ਵਿਖਾਈਆਂ ਗਈਆਂ

ਹਨ। ਮਨੁੱਖ ਆਕ੍ਰਿਤੀਆਂ ਦਰੱਖਤ-ਚਿੰਨ੍ਹਾਂ ਨਾਲ ਰਲੀਆਂ-ਮਿਲੀਆਂ ਹਨ। ਇੱਕ ਦਰੱਖਤ ਤੇ ਇੱਕ ਮਨੁੱਖ ਆਕ੍ਰਿਤੀ ਵਿਖਾਈ ਗਈ ਹੈ। ਉਸ ਦਰੱਖਤ ਦੇ ਸਾਹਮਣੇ ਸ਼ੇਰ ਵਰਗਾ ਇੱਕ ਜਾਨਵਰ ਖੜੋਤਾ ਹੈ। ਇੱਕ ਹੋਰ ਮੋਹਰ ਉੱਤੇ ਸੱਤ ਮਨੁੱਖ ਇੱਕ ਦਰੱਖਤ ਦੇ ਸਾਹਮਣੇ ਖੜੋਤੇ ਵਿਖਾਏ ਗਏ ਹਨ। ਕੁਝ ਚਿਰ ਪਿਛੋਂ ਬੋਧੀ ਮਿਥਿਹਾਸ ਵਿਚ ਸਾਨੂੰ ਸਪਤ ਰਿਸ਼ੀਆਂ ਦਾ ਸਿਧਾਂਤ ਮਿਲਦਾ ਹੈ। ਇਸ ਸੰਬੰਧੀ ਅਸੀਂ ਸੱਤ ਮਾਵਾ ਦਾ ਸਿਧਾਂਤ ਵੀ ਚਿੱਤਰ ਸਕਦੇ ਹਾਂ ਜੋ ਬਾਅਦ ਦੀਆਂ ਸ਼ਤਾਬਦੀਆਂ ਦੇ ਮੁੱਖ ਧਰਮਾਂ ਦਾ ਅੰਗ ਬਣਿਆ। ਬੋਧੀਆਂ ਵਿਚ ਵੀ ਸੱਤ ਬੁੱਧਾਂ ਦੀ, ਜਿਨ੍ਹਾਂ ਨੂੰ ਰਿਸ਼ੀ ਕਿਹਾ ਗਿਆ ਹੈ, ਰਵਾਇਤ ਪ੍ਰਚੱਲਿਤ ਹੈ। ਪੁਰਾਣਾਂ ਵਿਚ ਵੀ, ਜੋ ਹਿੰਦੂ ਮਿਥਿਹਾਸ ਪੁਸਤਕਾਂ ਹਨ, ਸਪਤ ਰਿਸ਼ੀਆਂ ਦਾ ਜ਼ਿਕਰ ਆਉਂਦਾ ਹੈ। ਪੁਰਾਣਾਂ ਵਿਚ ਸੱਤ ਦੇਵੀ ਮਾਤਾਵਾਂ ਦਾ ਉਲੇਖ ਹੈ।

ਸ਼ੇਰ, ਹਾਥੀ, ਹਿਰਨ, ਗੈਂਡਾ ਅਤੇ ਝੋਟੇ ਦੇ ਇੱਕੋ ਮੁਹਰ ਉੱਤੇ ਮਿਲਣ ਦਾ ਵਿਵਰਣ ਆ ਚੁੱਕਾ ਹੈ। ਸਭ ਤੋਂ ਵੱਧ ਬਲਦ ਦੀ ਮੂਰਤੀ ਮਿਲਦੀ ਹੈ। ਹੜੱਪਾ ਦੇ ਲੋਕ ਬਲਦ ਪ੍ਰਤਿ ਸ਼ਾਇਦ ਕੁਝ ਧਾਰਮਿਕ ਭਾਵਨਾ ਰੱਖਦੇ ਹਨ। ਉਹ ਭਾਵਨਾ ਕੀ ਸੀ ਇਸ ਦਾ ਸਾਨੂੰ ਪਤਾ ਨਹੀਂ। ਕੁਝ ਮੂਰਤੀਆਂ  ਵਿਚ ਸੱਪ ਜਾਂ ਨਾਗ ਵਿਖਾਏ ਗਏ ਹਨ। ਇੱਕ ਮੁਹਰ ਉੱਤੇ ਦੋ ਨਾਗ ਇੱਕ ਯੋਗੀ ਦਾ ਸਨਮਾਨ ਕਰਦੇ ਜਾਂ ਉਸ ਦੀ ਰੱਖਿਆ ਕਰਦੇ ਵਿਖਾਏ ਗਏ ਹਨ। ਬਲਦ ਅਤੇ ਸੱਪ ਦਾ ਬਾਅਦ ਦੇ ਧਰਮਾਂ ਵਿਚ, ਜਿਵੇਂ ਬੁੱਧ ਧਰਮ ਵਿਚ, ਸ਼ੈਵ ਮਤ ਵਿਚ ਅਤੇ ਨਾਗ ਪੂਜਾ ਵਾਲੇ ਮਤ ਵਿਚ, ਆਪਣਾ ਹੀ ਵਿਸ਼ੇਸ਼ ਭਾਵ ਹੈ।

ਇਕ ਹੋਰ ਮੂਰਤੀ ਵਿਚ ਅਸੀਂ ਇੱਕ ਆਦਮੀ ਨੂੰ ਦੋ ਸ਼ੇਰਾਂ ਨਾਲ ਟੱਕਰ ਲੈਂਦੇ ਵੇਖਦੇ ਹਾਂ। ਇੱਕ ਮਨੁੱਖ ਦੀ ਅਜਿਹੀ ਮੂਰਤੀ ਵੀ ਮਿਲਦੀ ਹੈ ਜਿਸ ਨੂੰ ਬਲਦ ਦੀਆਂ ਲੱਤਾਂ ਅਤੇ ਪੂਤ ਲੱਗੀ ਹੋਈ ਹੈ। ਇਸ ਤਰ੍ਹਾਂ ਦੀਆ ਰਲੀਆਂ ਮਿਲੀਆਂ ਮੂਰਤੀਆਂ ਆਮ ਹਨ। ਉਦਾਹਰਣ ਵਜੋਂ ਇੱਕ ਅਜਿਹੀ ਮੂਰਤੀ ਮਿਲੀ ਹੈ, ਜਿਹੜੀ ਅੱਧਾ-ਸ਼ੇਰ ਅਤੇ ਅੱਧਾ-ਆਦਮੀ

ਹੈ। ਇਹ ਹਿੰਦੂ ਮਤ ਦੀਆਂ ਪੁਸਤਕਾਂ ਦੀਆਂ ਨਿਸ਼ਾਨੀਆਂ ਵਿਚ ਇੱਕ ਅਜਿਹੀ ਮੂਰਤੀ ਵੀ ਹੈ, ਜਿਸ ਦਾ ਕੁਝ ਹਿੱਸਾ ਹਾਥੀ ਦਾ ਹੈ ਅਤੇ ਕੁਝ ਬਲਦ ਦਾ। ਉਨ੍ਹਾਂ ਸਮਿਆਂ ਦੇ ਲੋਕਾਂ ਦੇ ਮਨ ਵਿਚ ਅਜਿਹੇ ਜਾਨਵਰਾਂ ਲਈ ਸ਼ਾਇਦ ਧਾਰਮਿਕ ਸ਼ਰਧਾ ਸੀ। ਹਿੰਦੂ ਮਤ ਅਤੇ ਬੁੱਧ ਮਤ ਵਰਗੇ ਬਾਅਦ ਦੇ ਧਰਮਾਂ ਦੀ ਕਲਾ ਅਤੇ ਮਿਥਿਹਾਸ ਵਿਚ ਰਲੇ-ਮਿਲੇ ਜਾਨਵਰ ਅਤੇ ਮਨੁੱਖੀ ਚਿਹਰਾ ਰੱਖਣ ਵਾਲੇ ਪਸ਼ੂ ਆਮ ਮਿਲਦੇ ਹਨ।

ਅਲੱਗ-ਅਲੱਗ ਧਰਮਾਂ ਵਿਚ ਮ੍ਰਿਤਕ ਸਰੀਰ ਦੇ ਅੰਤਿਮ ਸੰਸਕਾਰ ਦੇ ਆਪਣੇ ਆਪਣੇ ਢੰਗ ਹਨ। ਘਾਟੀ ਦੇ ਲੋਕ ਆਪਣੇ ਮੁਰਦਿਆਂ ਦੇ ਅੰਤਿਮ ਸੰਸਕਾਰ ਕਿਵੇਂ ਕਰਦੇ ਸਨ? ਹੜੱਪਾ ਦੇ ਸਥਾਨ ਤੇ 57 ਕਬਰਾਂ ਲੱਭੀਆਂ ਸਨ। ਇਨ੍ਹਾਂ ਵਿਚ ਮਨੁੱਖੀ ਮ੍ਰਿਤਕ ਸਰੀਰ ਦੱਬੇ ਹੋਏ ਸਨ। ਉਨ੍ਹਾਂ ਸਮਿਆਂ ਵਿਚ ਮੁਰਦੇ ਸਾੜੇ ਨਹੀਂ ਸਨ ਜਾਂਦੇ, ਦੱਬੇ ਜਾਂਦੇ ਸਨ। ਕੁਝ ਹਾਲਤਾਂ ਵਿਚ ਮ੍ਰਿਤਕਾਂ ਦੇ ਸਰੀਰਾਂ ਤੋਂ ਕੜੇ, ਹਾਰ, ਮਣਕਿਆਂ ਵਾਲੀਆਂ ਪੰਜੇਬਾਂ ਅਤੇ ਤਾਂਬੇ ਦੀਆਂ ਅੰਗੂਠੀਆਂ ਮਿਲੀਆਂ ਹਨ। ਕੁਝ ਕਬਰਾਂ ਵਿਚੋਂ ਸ਼ਿੰਗਾਰ ਦੀਆਂ ਵਸਤਾਂ ਮਿਲੀਆਂ ਹਨ, ਜਿਵੇਂ ਤਾਂਬੇ ਦੇ ਸ਼ੀਸ਼ੇ ਅਤੇ ਸਿੱਪੀਆਂ ਦੇ ਚਿਮਚੇ। ਇੱਕ ਕਬਰ ਵਿਚੋਂ ਮਿੱਟੀ ਦਾ ਇੱਕ ਲੈਂਪ ਵੀ ਮਿਲਿਆ ਸੀ। ਸਿੱਧ ਹੈ ਕਿ ਹੜੱਪਾ ਦੇ ਲੋਕ ਮੌਤ ਉਪਰੰਤ ਜ਼ਿੰਦਗੀ ਬਾਰੇ ਵੀ ਕੁਝ ਵਿਚਾਰ ਰੱਖਦੇ ਸਨ। ਇੱਕ ਕਬਰ ਵਿਚੋਂ ਲੱਕੜੀ ਦਾ ਤਾਬੂਤ ਵੀ ਮਿਲਿਆ ਸੀ। ਇੱਕ ਕਬਰ ਵਿਚ 37 ਬਰਤਨ ਸਨ, ਪਰ ਤਾਬੂਤ ਦੇ ਅੰਦਰ ਕੇਵਲ ਇੱਕ ਬਰਤਨ ਸੀ। ਇਹ ਬਰਤਨ ਸ਼ਾਇਦ ਉਸ ਮਰੇ ਹੋਏ ਵਿਅਕਤੀ ਦੀ ਮਲਕੀਅਤ ਸਨ। ਅਸੀਂ ਇਸ ਅਸਾਧਾਰਨ ਲੱਭਤ ਦੇ ਭਾਵ ਤੋਂ ਹਾਲੇ ਅਣਜਾਣ ਹਾਂ।

ਕੁਝ ਹਾਲਤਾਂ ਵਿਚ ਹੱਡੀਆਂ ਭਾਂਡਿਆਂ ਵਿਚ ਬੰਦ ਕਰਕੇ ਦਫਨਾਈਆਂ ਜਾਂਦੀਆਂ ਸਨ। ਇਨ੍ਹਾਂ ਵਿਚੋਂ ਕੁਝ ਭਾਂਡਿਆਂ ਉੱਤੇ ਰੰਗ ਕੀਤਾ ਹੋਇਆ ਸੀ। ਉਨ੍ਹਾਂ ਭਾਂਡਿਆਂ ਉੱਤੇ ਵਿਸ਼ੇਸ਼ ਕਰਕੇ ਮੋਰਾਂ, ਗਊਆਂ ਅਤੇ ਬਲਦਾਂ ਦੀਆਂ ਤਸਵੀਰਾਂ ਸਨ। ਕੁਝ ਭਾਂਡਿਆਂ ਉੱਤੇ

ਬ੍ਰਿਛ, ਪੱਤੇ ਜਾਂ ਤਾਰੇ ਬਣਾਏ ਸਨ। ਲੋਥਲ (ਗੁਜਰਾਤ) ਦੇ ਇੱਕ ਕਬਰਸਤਾਨ ਵਿਚੋਂ ਇੱਕ ਹੋਰ ਹੀ ਢੰਗ ਨਾਲ ਮੁਰਦਿਆਂ ਨੂੰ ਦਫ਼ਨਾਉਣ ਦੇ ਉਦਾਹਰਣ ਮਿਲੇ ਹਨ। ਇਨਸਾਨੀ ਪਿੰਜਰਾਂ ਦੇ ਜੋੜੇ, ਇੱਕ ਮਰਦ ਦਾ ਅਤੇ ਦੂਜਾ ਇਸਤ੍ਰੀ ਦਾ, ਕਬਰਾਂ ਵਿਚੋਂ ਮਿਲੇ ਹਨ। ਉਹ ਜੋੜੇ ਪਤੀ ਅਤੇ ਪਤਨੀ ਦੇ ਹੋਣਗੇ। ਇਨ੍ਹਾਂ ਨਿਸ਼ਾਨੀਆਂ ਵਿਚੋਂ ਕੁਝ ਲੋਕਾਂ ਨੂੰ ਸਤੀ ਦੀ ਰਸਮ ਦਾ ਵੀ ਝੋਲਾ ਪੈਣਾ ਸੁਭਾਵਿਕ ਹੈ, ਜਿਹੜੀ ਭਾਰਤ ਵਿਚ ਮੱਧਕਾਲ ਵਿਚ ਆਮ ਹੋ ਗਈ ਸੀ।

ਮੁਰਦਿਆਂ ਨੂੰ ਸਾੜਨ ਦੀ ਰਸਮ ਸ਼ਾਇਦ ਆਰੀਆਂ ਕਬੀਲਿਆਂ ਦੇ ਭਾਰਤ ਵਿਚ ਆਉਣ ਤੋਂ ਚੱਲੀ। ਪਿਛੋਂ ਇਹ ਰਸਮ ਇੱਕ ਭਾਰਤੀ ਰਿਵਾਜ਼ ਬਣ ਗਿਆ ਪਰ ਵੈਦਿਕ ਕਾਲ ਵਿਚ ਕੁਝ ਸਮੇਂ ਲਈ ਮੁਰਦਿਆਂ ਨੂੰ ਦੱਬਣ ਦੇ ਨਾਲ-ਨਾਲ ਸਾੜਨ ਦਾ ਰਿਵਾਜ਼ ਵੀ ਚੱਲਦਾ ਰਿਹਾ।

ਧਰਮ ਕੋਈ ਨਵੀਂ ਕਾਢ ਨਹੀਂ ਹੈ ਜੇਕਰ ਇਹ ਸੰਸਾਰ ਜਿਨ੍ਹਾਂ ਪੁਰਾਣਾ ਨਹੀਂ ਹੈ ਪਰੰਤੂ ਜਿੰਨੀ ਕੁ ਦੁਨੀਆਂ ਦਾ ਸਾਨੂੰ ਗਿਆਨ ਹੈ। ਉਨ੍ਹਾਂ ਕੁ ਜ਼ਰੂਰ ਪੁਰਾਣਾ ਹੈ। ਹਰਡਰ ਕਹਿੰਦਾ ਹੈ ਕਿ ਸਾਡੀ ਦੁਨੀਆਂ ਦੇ ਸਾਰੇ ਉਤਮ ਸਭਿਆਚਾਰਾਂ ਦੀਆਂ ਜੜ੍ਹਾਂ ਧਾਰਮਿਕ ਰਵਾਇਤਾਂ ਵਿਚ ਹਨ ਭਾਵੇਂ ਉਹ ਰਵਾਇਤਾਂ ਲਿਖਤੀ  ਜਾਂ ਮੌਖਿਕ ਸਾਹਿਤ ਨੇ ਥਾਪੀਆਂ ਹਨ।[1] ਜੇਕਰ ਅਸੀਂ ਮਨੁੱਖੀ ਵਿਚਾਰਾਂ ਦਾ ਸੰਜੀਦਗੀ ਨਾਲ ਮਨੋਵਿਸ਼ਲੇਸ਼ਣ ਕਰੀਏ ਤਾਂ ਮਨੁੱਖੀ ਮਨ ਪ੍ਰਗਟ ਹੋਣ ਵਾਲੇ ਖਿਆਲਾਂ ਵਿਚ ਕਿਤੇ ਨਾ ਕਿਤੇ  ਧਰਮ ਦੇ ਅੰਸ਼ ਜ਼ਰੂਰ ਮੌਜੂਦ ਹੁੰਦੇ ਹਨ। ਧਰਮ ਦੀ ਉਤਪਤੀ ਬਾਰੇ ਜੋ ਸਿਧਾਂਤ ਫਿਊਰਬਾਖ ਨੇ ਆਪਣੀ ਪੁਸਤਕ ਅਸਾਈਆਤ ਦੇ ਬਾਰੇ ਵਿਚ ਪੇਸ਼ ਕੀਤਾ ਹੈ ਉਸ ਵਿਚ ਫਿਊਰਬਾਖ ਕਹਿੰਦਾ ਹੈ ਕਿ ਧਰਮ ਅਸਲੋਂ ਐਸਾ ਦੁੱਖ ਹੈ ਜਿਸਦੀ ਜੜ ਮਨੁੱਖੀ ਮਨ ਵਿਚ ਹੈ ਅਤੇ ਉਸਦੇ ਅਨੁਸਾਰ ਮਨੁੱਖ ਦਾ ਰੋਗੀ ਮਨ ਹੀ ਸਾਰੇ ਧਰਮ ਦਾ ਅਤੇ ਇਸ ਤਰ੍ਹਾਂ ਦਾ ਸਾਰੇ ਦੁੱਖ ਦਾ ਸੋਮਾ ਹੈ।[2] ਧਰਮ ਸ਼ਬਦ ਨੂੰ ਤਿੰਨ ਤਰ੍ਹਾਂ ਨਾਲ ਵਰਤਿਆ ਜਾਂਦਾ ਹੈ ਇੱਕ ਤਾਂ ਉਹ ਵਸਤੂ ਜਿਸ ਵਿਚ ਸਾਡੀ ਸ਼ਰਧਾ ਹੈ

ਦੂਜਾ ਸ਼ਰਧਾ ਦੀ ਸ਼ਕਤੀ ਲਈ ਤੀਸਰਾ ਆਪਣੀ ਸ਼ਰਧਾ ਨੂੰ ਸਾਕਾਰ ਕਰਨ ਲਈ ਪੂਜਾ ਦੀ ਵਿਧੀ ਅਪਣਾਉਣਾ।ਇਤਿਹਾਸਕ ਪੱਖ ਤੋਂ ਵੇਖਿਆ ਜਾਵੇ ਧਰਮ ਸ਼ਬਦ ਦਾ ਅਰਥ ਸਮੇਂ-ਸਮੇਂ ਤੇ ਬਦਲਦਾ ਰਿਹਾ ਹੈ ਕਦੇ ਧਰਮ ਸ਼ਰਧਾ, ਪੂਜਾ ਜਾਂ ਨੈਤਿਕਤਾ ਜਾਂ ਵਿਸ਼ਮਾਦੀ ਝਲਕਾਰਾ ਸੀ, ਕਦੇ ਭੈਅ ਜਾਂ ਆਸ਼ਾ ਜਾਂ ਅਨੁਮਾਨ ਜਾਂ ਦੇਵਤਿਆਂ ਲਈ ਭਾਵਨਾ ਸੀ ਧਰਮ ਦੇ ਇਹ ਸਾਰੇ ਅਰਥ ਹੋ ਸਕਦੇ ਹਨ। ਆਮ ਤੌਰ ਤੇ ਅਸੀਂ ਜੀਵ ਆਤਮਾ ਨੂੰ ਪਰਮ ਆਤਮਾ ਨਾਲ ਮਿਲਾਉਣ ਵੀ ਧਰਮ ਕਹਿੰਦੇ ਹਾਂ। ਕਾਂਟ ਕਹਿੰਦਾ ਹੈ ਨੈਤਿਕ ਫਰਜ਼ਾਂ ਨੂੰ ਪ੍ਰਮਾਤਮਾ ਦਾ ਹੁਕਮ ਮੰਨਣਾ ਧਰਮ ਕਹਾਉਂਦਾ ਹੈ। ਸੋਂ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਧਰਮ ਨੈਤਿਕਤਾ ਹੀ ਹੈ। ਧਰਮ ਦੀ ਨਿਸ਼ਚਿਤ ਪਰਿਭਾਸ਼ਾ ਦੇਣਾ ਅਸੰਭਵ ਜਾ ਜਾਪਦਾ ਹੈ। ਦੁਨੀਆ ਦੇ ਜਿੰਨੇ ਵੀ ਧਰਮ ਹਨ ਉਨੀਆਂ ਹੀ ਧਰਮ ਦੀਆਂ ਪਰਿਭਾਸ਼ਾਵਾਂ ਹਨ।

ਭਾਰਤ ਵਿਚ ਧਰਮ ਦੀ ਉਤਪਤੀ ਅਤੇ ਵਿਕਾਸ ਬਾਰੇ ਜਾਣਨਾ ਵੀ ਅਤਿਅੰਤ ਜ਼ਰੂਰੀ ਹੈ। ਭਾਰਤ ਵਿਚ ਪ੍ਰਮੁੱਖ ਤੌਰ ਤੇ ਹਿੰਦੂ ਧਰਮ, ਜੈਨ ਧਰਮ, ਬੁੱਧ ਧਰਮ ਅਤੇ ਸਿੱਖ ਧਰਮ ਮੰਨੇ ਜਾਂਦੇ ਹਨ। ਇਨ੍ਹਾਂ ਚਾਰਾਂ ਧਰਮਾਂ ਦੀ ਵਿਆਖਿਆ ਸੰਖੇਪ ਵਿਚ ਇਸ ਤਰ੍ਹਾਂ ਹੈ:

ਹਿੰਦੂ ਧਰਮ ਨੂੰ ਹਿੰਦੂ ਮੱਤ ਵੀ ਕਿਹਾ ਜਾਂਦਾ ਹੈ ਹਿੰਦੂ ਸ਼ਬਦ ਦਾ ਅਰਥ ਭਾਰਤੀ ਹੀ ਹੁੰਦਾ ਹੈ। ਹਿੰਦੂਈਜਮ, ਇੰਡੀਅਨਹੀਂਮ ਦਾ ਦੂਜਾ ਰੂਪ ਹੀ ਲੱਗਦਾ ਹੈ ਜਿਹੜਾ ਕਿ ਸਾਰੀਆਂ ਭਾਰਤੀ ਭਿੰਨਤਾਵਾਂ ਜਿਸ ਵਿਚ ਕਲਾ, ਭਾਸ਼ਾ, ਲਿਖਤੀ, ਸਾਹਿਤ, ਧਰਮ ਅਤੇ ਫਰਜ਼ ਅਤੇ ਚਿੰਤਨ ਨੂੰ ਆਪਣੇ ਘਰ ਵਿਚ ਲੈ ਲੈਂਦਾ ਹੈ। ਇਸ ਧਰਮ ਦਾ ਆਧਾਰ ਵੇਦ ਮੰਨੇ ਜਾਂਦੇ ਹਨ। ਵੇਦਾਂ ਵਿਚੋਂ ਪੈਦਾ ਹੋਏ ਸੰਸਕਾਰ ਹੀ ਇਸ ਧਰਮ ਨੂੰ ਚਲਾਉਂਦੇ ਹਨ। ਸੋ ਇਸ ਨੂੰ ਬ੍ਰਾਹਮਣੀ ਧਰਮ ਵੀ ਕਹਿਣਾ ਠੀਕ ਹੋਵੇਗਾ। ਇਹ ਧਰਮ ਦੁਨੀਆ ਦੇ ਸਭ ਤੋਂ ਪੁਰਾਣੇ ਧਰਮਾਂ ਵਿਚੋਂ ਇੱਕ ਹੈ। ਹਿੰਦੂ ਜੀਵਨ ਜਾਚ ਲਈ ਬ੍ਰਾਹਮਣ, ਕਸ਼ੱਤਰੀਆ, ਵੈਸ਼ ਅਤੇ ਸ਼ੂਦਰ ਨੂੰ ਚਾਰ ਵਰਣਾਂ ਵਿਚ ਵੰਡਿਆ ਜਾਂਦਾ ਹੈ, ਹਰ ਇੱਕ ਵਰਣ ਦੇ ਲੋਕ ਆਪਣੇ ਆਪਣੇ ਜੀਵਨ

ਨੂੰ ਆਪਣੇ ਵਰਣ ਦੀ ਰਹੁ ਰੀਤਾਂ ਅਨੁਸਾਰ ਬਸਰ ਕਰਦੇ ਹਨ। ਵੇਦਾਂ ਤੋਂ ਇਲਾਵਾ ਭਗਵਦ ਗੀਤਾ ਵੀ ਜੀਵਨ ਜਾਚ ਦੀ ਸਿੱਖਿਆ ਦਿੰਦੀ ਹੈ। ਭਾਰਤੀ ਸੰਸਕ੍ਰਿਤੀ ਵਿਚ ਚਾਰ ਵਰਣਾਂ ਤੋਂ ਇਲਾਵਾ ਚਾਰ ਆਸ਼ਰਮਾਂ (ਬ੍ਰਹਮਚਾਰੀਆ, ਗ੍ਰਹਿਸਥ, ਵਾਨਪ੍ਰਸਤ ਅਤੇ ਸਨਿਆਸ) ਅਤੇ ਚਾਰ ਪੁਰਸ਼ਾਰਥ (ਧਰਮ, ਅਰਥ, ਕਾਮ, ਮੋਕਸ) ਨੂੰ ਮਹੱਤਤਾ ਦਿੱਤੀ ਜਾਂਦੀ ਹੈ ਵਿਅਕਤੀ ਨੂੰ ਜੀਵਨ ਜਿਊਣ ਲਈ ਆਪਣੇ ਵਰਣ ਦੇ ਰੀਤੀ-ਰਿਵਾਜ ਅਨੁਸਾਰ ਵਿਚਰਨਾ ਜ਼ਰੂਰੀ ਹੁੰਦਾ ਹੈ ਵਿਅਕਤੀ ਆਪਣੇ ਆਸ਼ਰਮ ਦੇ ਅਨੁਸਾਰ ਹੀ ਆਪਣੇ ਫਰਜ਼ ਅਦਾ ਕਰਦੇ ਸਨ। ਫਰਜ਼ ਅਦਾ ਕਰਨ ਦਾ ਆਧਾਰ ਮੁੱਲ ਹੁੰਦੇ ਸਨ। ਸੋ ਪਹਿਲਾ ਮੁੱਲ ਹੀ ਧਰਮ ਹੈ ਜਿਸਦਾ ਅਰਥ ਫਰਜ਼ ਜਾਂ ਸਦਾਚਾਰ ਅਨੁਸਾਰ ਜੀਵਨ ਜਿਊਣਾ ਹੈ। ਜੀਵਨ ਜਿਊਣ ਲਈ ਅਰਥ ਭਾਵ ਕਿ ਪੈਸੇ ਦੀ ਬਹੁਤ ਜ਼ਰੂਰਤ ਹੁੰਦੀ ਹੈ ਜਿਸ ਕਰਕੇ ਉਹ ਆਪਣੇ ਜੀਵਨ ਨੂੰ ਖੁਸ਼ਹਾਲ ਬਣਾ ਸਕੇ ਕਾਮ ਦਾ ਅਰਥ ਆਪਣੀਆਂ ਖਾਹਿਸ਼ਾਂ ਨੂੰ ਕਾਬੂ ਵਿਚ ਰੱਖਣਾ ਹੈ। ਸੋ ਹਿੰਦੂ ਧਰਮ ਮੋਕਸ ਨੂੰ ਮਾਨਤਾ ਦਿੰਦਾ ਹੈ। ਸੋ ਜੇਕਰ ਕੋਈ ਵਿਅਕਤੀ ਧਰਮ ਅਰਥ, ਕਾਮ ਮੁੱਲਾਂ ਦੀ ਪਾਲਣਾ ਕਰਦਾ ਹੈ ਤਾਂ ਨਿਸ਼ਚੇ ਹੀ ਉਸਦਾ ਜਨਮ ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ। ਭਾਰਤੀ ਸੰਸਕ੍ਰਿਤ ਵਿਚ ਰਿਤ ਅਤੇ ਧਰਮ ਦਾ ਵਿਸ਼ੇਸ਼ ਤੌਰ ਤੇ ਮਹੱਤਵ ਹੈ ਰਿਤ ਉਹ ਕਾਨੂੰਨ ਜਾ ਨਿਯਮ ਹੈ ਜਿਸ ਅਨੁਸਾਰ ਸੰਸਾਰ ਦਾ ਪ੍ਰਬੰਧ ਚੱਲਦਾ ਹੈ। ਹਿੰਦੂ ਧਰਮ ਦਾ ਆਧਾਰ ਵੇਦ, (ਰਿਗ ਵੇਦ, ਅਥਰਵ ਵੇਦ, ਯਜੁਰ ਵੇਦ, ਸਾਮ ਵੇਦ), ਉਪਨਿਸ਼ਦ, ਭਗਵਦ ਗੀਤਾ ਪ੍ਰਮੁੱਖ ਹਨ। ਹਿੰਦੂਤਵ ਜੀਵਨ ਜਿਊਣ ਦੀ ਜਾਚ ਸਿਖਾਉਂਦਾ ਹੈ।

ਭਾਰਤੀ ਧਾਰਮਿਕ ਪਰੰਪਰਾ ਵਿਚ ਜੈਨ ਧਰਮ ਵੀ ਆਪਣੀ ਵਿਸ਼ੇਸ਼ ਥਾਂ ਰੱਖਦਾ ਹੈ। ਜੈਨੀ ਬੜੇ ਸਰੀਫ ਲੋਕ ਹੁੰਦੇ ਹਨ। ਉਨ੍ਹਾਂ ਦਾ ਧਰਮ ਅਸੂਲਾਂ ਦੀ ਸਿੱਖਿਆ ਤੇ ਜ਼ੋਰ ਦਿੰਦਾ ਹੈ। ਜੈਨ ਧਰਮ ਦੀ ਮੁੱਖ ਫਿਲਾਸਫ਼ੀ ਕਿਸੇ ਵੀ ਜੀਵ ਨੂੰ ਕਸ਼ਟ ਨਾ ਪਹੁੰਚਾਉਣਾ ਹੈ। ਅਹਿੰਸਾ ਜੈਨੀਆਂ ਦੀ ਜੀਵਨ ਜਾਚ ਹੈ, ਪ੍ਰਮੁੱਖ ਸਾਧਨ ਹੈ। ਜੈਨ ਧਰਮ ਦਾ ਬਾਨੀ ਰਿਸ਼ਭਨਾਥ ਸੀ।

ਜੈਨ ਫਿਲਾਸਫ਼ੀ ਪ੍ਰਫੁਲਤ ਭਗਵਾਨ ਮਹਾਵੀਰ ਦੇ ਸਮੇਂ ਹੋਈ। ਭਗਵਾਨ ਮਹਾਵੀਰ 24ਵਾਂ ਤੀਰਥ ਅੰਕਰ ਹੋਇਆ ਹੈ। ਤੀਰਥ ਅੰਕਰ ਤੋਂ ਭਾਵ ਕਿਸੇ ਨੂੰ ਨਵਾਂ ਰਸਤਾ ਦਿਖਾਉਣਾ ਹੁੰਦਾ ਹੈ। ਜੈਨ ਧਰਮ ਸਿੱਖਿਆ ਦੇ ਵਿਚ ਸਰਲ ਅਤੇ ਜੀਵਨ ਵਿਚ ਧਾਰਨ ਕਰਨਾ ਅਤਿ ਕਠੋਰ ਹੁੰਦਾ ਹੈ। ਜੈਨ ਫਿਲਾਸਫ਼ੀ ਜੀਵ ਅਜੀਵ ਦੀ ਸੱਚਾਈ ਨੂੰ ਪ੍ਰਫੁਲਿਤ ਕਰਦੀ ਹੈ। ਜੀਵ ਦਾ ਅਰਥ ਚੇਤਨਾ ਸਵਾਸ ਜਾਂ ਆਤਮਾ ਹੁੰਦਾ ਹੈ। ਅਜੀਵ ਦਾ ਅਰਥ ਜੜ ਵਸਤੂ ਹੈ। ਜੈਨ ਧਰਮ ਭੁੱਖੇ ਨੂੰ ਰੋਟੀ ਖਵਾਉਣਾ ਅਤੇ ਪਿਆਸੇ ਨੂੰ ਪਾਣੀ ਪਿਲਾਉਣਾ ਮਹਾ ਪੁੰਨ ਸਮਝਦਾ ਹੈ। ਜੈਨ ਧਰਮ ਚੰਗੇ ਆਚਰਣ ਅਤੇ ਨਿਯਮ ਅਨੁਸਾਰ ਜੀਵਨ ਬਤੀਤ ਕਰਨ ਨੂੰ ਮਹੱਤਵ ਦਿੰਦਾ ਹੈ।

ਭਾਰਤੀ ਸੰਸਕ੍ਰਿਤੀ ਵਿਚ ਬੁੱਧ ਧਰਮ ਦੀ ਵਿਲੱਖਣਤਾ ਹੈ। ਬੋਧੀਆਂ ਦਾ ਅਤੇ ਸੰਕਰਾਚਾਰੀਆ ਦਾ ਮੂਲ ਰੂਪ ਵਿਚ ਟਕਰਾਅ ਰਿਹਾ ਹੈ। ਬੁੱਧ ਧਰਮ ਦੇ ਬਾਨੀ ਸਿਧਾਰਥ ਸਨ ਜੀਵਨ ਦੇ ਵਿਚ ਇੱਕ ਛੋਟੀ ਜਿਹੀ ਘਟਨਾ ਦੇਖ ਕੇ ਸਿਧਾਰਥ ਘਰ ਬਾਰ ਤਿਆਗ ਕੇ ਜੰਗਲਾਂ ਵਿਚ ਚਲਾ ਗਿਆ ਉਸਦੇ ਤਿਆਗ ਜਾ ਉਪਰਾਮਤਾ ਦਾ ਕਾਰਨ ਰੋਗੀ ਵਿਅਕਤੀ ਨੂੰ ਦੇਖਣਾ, ਬਿਰਧ ਨੂੰ ਵੇਖਣਾ ਅਤੇ ਲਾਸ਼ ਨੂੰ ਵੇਖਣਾ ਸੀ। ਸਿਧਾਰਥ ਆਪਣਾ ਘਰ ਬਾਰ ਤਿਆਗ ਕੇ ਆਲਾਰ ਕਾਲਾਮ ਨਾਮੀ ਇੱਕ ਵਿਅਕਤੀ ਪਾਸ ਗਿਆ ਜਿਸ ਨੇ ਉਸਨੂੰ 'ਸੁੱਨ ਅਵਸਥਾ' ਪ੍ਰਾਪਤ ਕਰਨ ਲਈ ਧਿਆਨ ਦੀ ਵਿਧੀ ਸਿਖਾਈ 14 ਸਾਲ ਦੀ ਤਪੱਸਿਆ ਤੋਂ ਬਾਅਦ ਉਸਨੇ ਚਾਰ ਮਹਾਨ ਸੱਚ ਜੀਵਨ ਵਿਚ ਦੁੱਖ ਹਨ, ਦੁੱਖਾਂ ਦਾ ਕੋਈ ਕਾਰਨ ਹੈ, ਕਾਰਨ ਦਾ ਨਿਵਾਰਨ ਹੈ, ਨਿਵਾਰਨ ਲਈ ਸ਼ੁੱਧ ਮਾਰਗ ਹੈ। ਇਨ੍ਹਾਂ ਸੱਚਾਈਆਂ ਤੋਂ ਬਾਅਦ ਹੀ ਸਿਧਾਰਥ ਗੋਤਮ ਬੁੱਧ ਬਣ ਗਿਆ। ਬੁੱਧ ਧਰਮ ਨੇ ਜੀਵਨ ਜਿਊਣ ਲਈ ਅਸਟਾਂਗ ਮਾਰਗ ਦਿੱਤਾ। ਬੁੱਧ ਅਨੁਸਾਰ ਸੱਚੇ ਵਿਚਾਰ, ਸੱਚੀ ਨਿਯਤ, ਸੱਚੇ ਬੋਲ, ਸੱਚੇ ਵਿਹਾਰ, ਸੱਚੀ ਰੋਜ਼ੀ, ਸੱਚੇ ਯਤਨ, ਸੱਚੇ ਮਨੋਯੋਗ ਅਤੇ ਸੱਚੇ ਧਿਆਨ ਅੱਠਾਂ ਭਾਗਾਂ ਵਿਚ ਹੀ ਸਦਾਚਾਰਕ ਧਾਰਮਿਕ ਅਤੇ ਦਾਰਸ਼ਨਿਕ ਪੱਖ ਸ਼ਾਮਿਲ ਹਨ। ਬੁੱਧ ਧਰਮ ਦੀ ਮੂਲ ਰੂਪ ਵਿਚ ਸਿੱਖਿਆ

ਮੱਧਮਾਰਗ ਨੂੰ ਅਪਣਾਉਣਾ ਹੈ ਜਿਸ ਨੂੰ ਪ੍ਰਵਿਰਤੀ ਅਤੇ ਨਿਰਵਿਰਤੀ ਦੇ ਵਿਚਕਾਰਲਾ ਰਸਤਾ ਕਿਹਾ ਜਾਂਦਾ ਹੈ।

ਭਾਵੇਂ ਸਿੱਖ ਧਰਮ ਨੂੰ ਹੋਂਦ ਵਿਚ ਆਇਆ ਦੂਸਰੇ ਧਰਮਾਂ ਦੇ ਮੁਕਾਬਲੇ ਬਹੁਤਾ ਲੰਮਾ ਸਮਾਂ ਨਹੀਂ ਹੋਇਆ ਇਸ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੱਜ ਤੋਂ ਲੱਗਭਗ 500 ਸਾਲ ਪਹਿਲਾਂ ਸਿੱਖ ਧਰਮ ਦੀ ਨੀਂਹ ਰੱਖੀ। ਸਿੱਖ ਧਰਮ ਭਾਰਤ ਵਿਚ ਹੀ ਨਹੀਂ ਸਗੋਂ ਸਾਰੀ ਦੁਨੀਆ ਵਿਚ ਹਰਮਨਪਿਆਰਾ ਹੋ ਗਿਆ। ਸਿੱਖ ਧਰਮ ਦੀ ਸ਼ੁਰੂਆਤ ਪੰਜਾਬ ਦੀ ਪਵਿੱਤਰ ਧਰਤੀ ਤੋਂ ਹੋਈ ਅਤੇ ਹੌਲੀ-ਹੌਲੀ ਸਿੱਖ ਵਪਾਰ ਅਤੇ ਰੁਜ਼ਗਾਰ ਖਾਤਰ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਇਲਾਵਾ ਸਾਰੀ ਦੁਨੀਆਂ ਵਿਚ ਫੈਲ ਗਿਆ। ਸਿੱਖ ਧਰਮ ਦੀ ਮੁੱਖ ਫਿਲਾਸਫ਼ੀ ਨਾਮ ਜਪਣਾ ਅਤੇ ਕ੍ਰਿਤ ਕਰਨਾ, ਵੰਡ ਛਕਣਾ ਹੈ। ਸਿੱਖ ਧਰਮ ਦਾ ਸ਼ੁਰੂਆਤੀ ਸਮਾਂ ਭਾਰਤ ਵਿਚ ਭਗਤੀ ਦੀ ਲਹਿਰ ਦਾ ਸਮਾਂ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਕਿ ਪ੍ਰਮਾਤਮਾ ਇੱਕ ਹੀ ਹੈ ਤੇ ਗੁਰੂ ਜੀ ਨੇ ਉਸੇ ਇੱਕ ਪ੍ਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਆਖਿਆ ਕਿ ਪ੍ਰਮਾਤਮਾ ਸਭ ਜੀਵਾਂ ਵਿਚ ਵੱਸਦਾ ਹੈ ਇਸ ਲਈ ਉਨ੍ਹਾਂ ਨੇ ਉਚਾ ਨੀਵਾਂ ਅਤੇ ਜਾਤਪਾਤ ਦਾ ਸਖਤ ਵਿਰੋਧ ਕੀਤਾ ਅਤੇ ਆਖਿਆ :

ਮਾਨਸ ਕੀ ਜਾਤੁ, ਸਭੈ ਏਕੈ ਪਹਿਚਾਨਬੋ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਦੀਆਂ ਕੁਰੀਤੀਆ ਨੂੰ ਨਕਾਰਿਆ ਅਤੇ ਮਨੁੱਖਤਾ ਦੀ ਭਾਈਚਾਰਕ ਸਾਂਝ ਨੂੰ ਉਭਾਰਿਆ। ਸਿੱਖ ਧਰਮ ਦਸ ਗੁਰੂਆਂ, ਭਗਤਾਂ, ਫਕੀਰਾਂ ਦੀ ਦੱਸੀ ਹੋਈ ਫਿਲਾਸਫ਼ੀ ਦਾ ਜੀਵਨ ਜਾਚ ਦਾ ਨਾਮ ਹੈ।ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਦਾ ਸੰਕਲਣ ਕਰਕੇ ਆਦਿ ਗ੍ਰੰਥ ਦੀ ਸਥਾਪਨਾ ਕੀਤੀ। ਸਿੱਖ ਧਰਮ ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਭਗਤੀ ਦੇ

ਨਾਲ–ਨਾਲ ਸ਼ਕਤੀ ਨੂੰ ਵੀ ਸਥਾਨ ਦਿੱਤਾ। ਉਨ੍ਹਾਂ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਗਈ। ਇਥੇ ਬੈਠ ਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਆਪ ਕੌਮ ਨੂੰ ਸੇਧ ਦਿੰਦੇ ਰਹੇ। ਵਿਸਾਖੀ ਵਾਲੇ ਦਿਨ ਸੰਨ 1699 ਈ. ਨੂੰ ਖ਼ਾਲਸਾ ਪੰਥ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਜਨਾ ਕੀਤੀ। ਪ੍ਰਚੱਲਿਤ ਧਰਮ ਦੀ ਸਭ ਤੋਂ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਸਦੀ ਵੱਖਰੀ ਪਹਿਚਾਣ ਹੋਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਪੰਥ ਸਾਜ ਕੇ ਪੰਜ ਕਕਾਰ (ਕੇਸ, ਕ੍ਰਿਪਾਨ, ਕੰਘਾ, ਕੜਾ, ਕਛਹਿਰਾ) ਪਹਿਨਣ ਲਈ ਆਦੇਸ਼ ਕੀਤਾ। ਇਸ ਵਕਤ ਗੁਰੂ ਹਰਗੋਬਿੰਦ ਸਾਹਿਬ ਵੀ ਭਗਤੀ ਅਤੇ ਸ਼ਕਤੀ ਦੇ ਸੁਮੇਲ ਦੀ ਲਹਿਰ ਚਰਨ ਸੀਮਾ ਤੇ ਸੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਅੰਤਲੇ ਸਮੇਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਨੂੰ ਆਪਣਾ ਗੁਰੂ ਮੰਨਣ ਲਈ ਕਿਹਾ। ਅੱਜ ਮਨੁੱਖਤਾ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਸਭ ਨੂੰ ਜੀਵਨ ਜਾਚ ਦਾ ਸੰਦੇਸ਼ ਦੇ ਰਿਹਾ ਹੈ।

ਯੂਨਾਨੀ ਫਲਸਫੇ ਵਿਚ ਸੁਕਰਾਤ, ਪਲੈਟੋ ਅਤੇ ਅਰਸਤੂ ਦੀ ਵਿਚਾਰਧਾਰਾ ਮਹੱਤਵਪੂਰਨ ਹੈ। ਪੱਛਮੀ ਸਮਾਜ ਵਿਚ ਜਿਸ ਸਭਿਆਚਾਰ ਦਾ ਬੋਲਬਾਲਾ ਹੈ। ਉਸਦੀਆਂ ਜੜ੍ਹਾਂ ਪ੍ਰਾਚੀਨ ਯੂਨਾਨੀ ਦੀ ਸਭਿਅਤਾ ਵਿਚ ਹਨ। ਯੂਨਾਨੀ ਸਭਿਆਚਾਰ ਨੂੰ ਸਮਝ ਕੇ ਹੀ ਪੱਛਮੀ ਦੁਨੀਆਂ ਨੂੰ ਸਮਝਿਆ ਜਾਵੇਗਾ ਅਰਸਤੂ ਨੇ ਸਭ ਤੋਂ ਪਹਿਲਾਂ ਇਸ ਸੰਸਾਰ ਨੂੰ ਵਿਗਿਆਨਕ ਭਾਸ਼ਾ ਦਿੱਤੀ। ਅਰਸਤੂ ਪਲੈਟੋ ਦੀ ਮਸ਼ਹੂਰ ਅਕਾਦਮੀ ਦਾ ਵਿਦਿਆਰਥੀ ਸੀ। ਅਰਸਤੂ ਪਲੈਟੋ ਦਾ ਚੇਲਾ ਸੀ। ਉਸ ਨੂੰ ਵੀਹ ਵਰ੍ਹੇ ਗਣਿਤ, ਨੀਤੀ, ਸ਼ਾਸਤਰ ਅਤੇ ਰਾਜਨੀਤੀ ਦਾ ਅਧਿਐਨ ਕੀਤਾ। 20 ਸਾਲਾਂ ਵਿਚ ਉਹ ਵਿਦਿਆਰਥੀ ਵੀ ਅਤੇ ਅਧਿਆਪਕ ਵੀ ਰਿਹਾ ਪਲੈਟੋ ਉਸਨੂੰ ਅਕਾਦਮੀ ਦਾ ਦਿਮਾਗ ਕਹਿੰਦਾ ਸੀ। ਅਰਸਤੂ ਨੇ ਆਪਣੀ ਖੋਜ ਵਿਚੋਂ ਇਹ ਵਿਚਾਰ ਉਭਾਰਿਆ ਕਿ ਮਨੁੱਖ ਇੱਕ ਜਾਨਵਰ ਹੈ ਪਰ ਉਹ

ਇਕੋ-ਇੱਕ ਅਜਿਹਾ ਜਾਨਵਰ ਹੈ ਜਿਸਨੂੰ ਰਾਜਨੀਤਿਕ ਕਿਹਾ ਜਾ ਸਕਦਾ ਹੈ ਅਤੇ ਕੁਦਰਤ ਨੇ ਉਸਨੂੰ ਰਾਜ ਦੇ ਜੀਵਨ ਲਈ ਘੜਿਆ ਹੈ ਅਰਸਤੂ ਅਨੁਸਾਰ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦਿਆਂ ਇੱਕ ਦੂਸਰੇ ਨਾਲ  ਵਾਧ ਘਾਟ ਦੀ ਸੰਭਾਵਨਾ ਰਹਿੰਦੀ ਹੈ। ਮਨੁੱਖ ਹਮੇਸ਼ਾ ਇੱਕ ਦੂਜੇ ਨੂੰ ਡਰਾ ਧਮਕਾ ਕੇ ਨੀਵਾਂ ਦਿਖਾਉਣ ਦੀ ਭਾਵਨਾ ਰੱਖਦਾ ਹੈ ਅਤੇ ਰਿਸ਼ਤਿਆਂ ਦੇ ਵਿਚ ਅਕਸਰ ਹੀ ਤ੍ਰੇੜਾਂ ਆ ਜਾਂਦੀਆਂ ਹਨ। ਸੋ ਇਸ ਲਈ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਕਿਸੇ ਹਸਤੀ ਦੀ ਲੋੜ ਹੁੰਦੀ ਹੈ ਜਿਸਦਾ ਹੁਕਮ ਸਾਰੇ ਮੰਨਣ ਨਾ ਮੰਨਣ ਵਾਲੇ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ ਇਸੇ ਹਸਤੀ ਨੂੰ ਰਾਜਾ ਜਾਂ ਰਾਜ ਕਹਿੰਦੇ ਹਨ। ਰਾਜ ਨੂੰ ਸਥਾਪਿਤ ਕਰਨ ਦੀ ਵਿਧੀ ਅਤੇ ਰਾਜ ਦੀ ਕਾਰਜ ਵਿਧੀ ਨੂੰ ਰਾਜਨੀਤੀ ਦਾ ਨਾਂ ਦਿੱਤਾ ਜਾ ਸਕਦਾ ਹੈ। ਸੋ ਰਾਜਨੀਤੀ ਦੀ ਮਹੱਤਤਾ ਦਿਨੋਂ ਦਿਨ ਵੱਧਦੀ ਜਾਂਦੀ ਹੈ। ਰਾਜ ਨੂੰ ਪੂਰੀ ਤਰ੍ਹਾਂ ਸਮਝਣ ਲਈ ਕੁਦਰਤੀ ਵਿਕਾਸ ਨੂੰ ਸਮਝਣਾ ਪਵੇਗਾ। ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਹੈ। ਪਰਿਵਾਰ ਮਿਲ ਕੇ ਹੀ ਪਿੰਡ ਬਣਦਾ ਹੈ। ਕਈ ਪਿੰਡਾਂ ਦੇ ਜੋੜ ਨਾਲ ਬਣੀ ਅੰਤਿਮ ਸੰਸਥਾ ਨੂੰ ਰਾਜ ਕਹਿੰਦੇ ਹਨ ਜਿਸ ਤਰ੍ਹਾਂ ਪਰਿਵਾਰ ਦੇ ਮੁਖੀ ਦਾ ਘਰ ਵਿਚ ਹੁਕਮ, ਪਿੰਡ ਵਿਚ ਪਿੰਡ ਦੇ ਮੁਖੀ ਦਾ ਹੁਕਮ ਅਤੇ ਰਾਜ ਵਿਚ ਰਾਜ ਦੇ ਮੁਖੀ ਦਾ ਹੁਕਮ ਚੱਲਦਾ ਹੈ। ਰਾਜ ਸਵੈ-ਨਿਰਭਰ ਹੁੰਦਾ ਹੈ, ਰਾਜ ਦਾ ਮੁਖ ਮੰਤਵ ਜੀਵਨ ਦੀ ਰੱਖਿਆ ਕਰਨਾ ਹੈ ਅਤੇ ਜੀਵਨ ਜਿਊਣ ਲਈ ਚੰਗਾ ਮਾਹੌਲ ਸਿਰਜਨਾ ਹੁੰਦਾ ਹੈ ਅਰਸਤੂ ਅਨੁਸਾਰ ਕਿਸੇ ਚੀਜ਼ ਦਾ ਅਸਲੀ ਸੁਭਾਅ ਜਾਂ ਗੁਣ ਉਸਦੀ ਮੁਢਲੀ ਨਹੀਂ ਸਗੋਂ ਵਿਕਾਸ  ਦੀ ਅੰਤਿਮ ਸਥਿਤੀ ਹੈ। ਸੰਪੂਰਨਤਾ ਲਈ ਵਿਕਾਸ ਦੀ ਪ੍ਰਕਿਰਿਆ ਨੂੰ ਵੀ ਉਸ ਨੇ ਸੁਭਾਅ ਗੁਣ ਜਾਂ ਪ੍ਰਵਿਰਤੀ ਹੀ ਕਿਹਾ ਜਾਂਦਾ ਹੈ।[3] ਇੱਕ ਨਗਰ ਜਾਂ ਰਾਜ ਦਾ ਦਰਜਾ ਘਰ ਪਰਿਵਾਰ ਅਤੇ ਕਿਸੇ ਵਿਅਕਤੀ ਤੋਂ ਉਪਰ ਹੁੰਦਾ ਹੈ। ਰਾਜ ਦੀ ਮੁੱਖ ਵਿਸ਼ੇਸ਼ਤਾ ਸਭਾਵਾਂ ਵਿਚ ਭਾਈ ਵਾਲੀ ਬਾਰੇ ਵਿਚਾਰ ਕਰਨੀ ਹੈ। ਇੱਕ ਰਾਜ ਵਿਚ ਸਾਰੇ ਲੋਕ ਵਸਤੂਆਂ ਦੇ ਹੀ ਭਾਈਵਾਲ ਹੁੰਦੇ

ਹਨ। ਰਾਜਨੀਤਿਕ ਸੰਚਾਲਨ ਵਿਚ ਇਕਸੁਰਤਾ ਦੇ ਅਸੂਲਾਂ ਦੀ ਬਹੁਤ ਮਹੱਤਤਾ ਹੈ। ਰਾਜ ਵਿਚ ਸੰਪੂਰਨ ਇਕਸੁਰਤਾ ਜਾਂ ਏਕਤਾ ਦਾ ਸੰਕੇਤ ਮਿਲਦਾ ਹੈ।ਸੁਕਰਾਤ ਠੀਕ ਹੀ ਕਹਿੰਦਾ ਹੈ ਕਿ ਵਧੀਆ ਰਾਜ ਜਾਂ ਸਮਾਜ ਵਿਚ ਮੇਰਾ-ਤੇਰਾ ਦਾ ਸੰਕਲਪ ਨਹੀਂ ਉਭਰਦਾ ਅਰਸਤੂ ਕਹਿੰਦਾ ਹੈ ਜੇਕਰ ਸ਼ਹਿਰੀਆਂ ਵਿਚ ਆਪਸ ਵਿਚ ਪਿਆਰ ਹੋਵੇਗਾ ਤਾਂ ਹੀ ਰਾਜ ਤਕੜਾ ਹੋਵੇਗਾ।

ਰਾਜਨੀਤੀ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਦਾ ਪੰਜਾਬੀ ਅਨੁਵਾਦ ਹੈ ਪੋਲਿਟਿਕਸ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ ਪੋਲਿਸ ਤੋਂ ਬਣਿਆ ਹੈ। ਪੋਲਿਸ ਦਾ ਅਰਥ ਨਗਰ ਜਾਂ ਰਾਜ ਹੁੰਦਾ ਹੈ। ਪੁਰਾਣੇ ਸਮੇਂ ਵਿਚ ਬਹੁਤ ਛੋਟੇ-ਛੋਟੇ ਨਗਰ ਰਾਜ ਦੀ ਹੋਂਦ ਯੂਨਾਨ ਵਿਚ ਹੁੰਦੀ ਹੈ। ਇਨ੍ਹਾਂ ਰਾਜਾਂ ਨੂੰ ਮਨੁੱਖ ਸਭਿਅਤਾ ਦਾ ਕੇਂਦਰ ਮੰਨਿਆ ਜਾਂਦਾ ਸੀ ਜੋ ਕਿ ਪੂਰਨ ਤੌਰ ਤੇ ਸੁਤੰਤਰ ਹੁੰਦੇ ਸਨ ਰਾਜ ਨੂੰ ਚਲਾਉਣ ਲਈ ਸੰਬੰਧਿਤ ਵਿਸ਼ੇ ਨੂੰ ਰਾਜਨੀਤੀ ਜਾਂ ਪਾਲਟਿਕਸ ਕਿਹਾ ਜਾਂਦਾ ਹੈ। ਰਾਜਨੀਤੀ ਆਰਥਿਕ, ਸਮਾਜਿਕ ਅਤੇ ਨੈਤਿਕ ਸਮੱਸਿਆ ਦੇ ਹੱਲ ਨੂੰ ਖੋਜਦੀ ਹੈ। ਰਾਜਨੀਤੀ ਨੂੰ ਆਧੁਨਿਕ ਸਮੇਂ ਵਿਚ ਰਾਜਨੀਤੀ ਸ਼ਾਸਤਰ ਜਾਂ ਰਾਜਨੀਤੀ ਵਿਦਿਆ ਕਿਹਾ ਜਾਦਾ ਹੈ। ਜਿਸ ਬਾਰੇ ਵੱਖ ਵੱਖ ਵਿਦਵਾਨਾਂ ਨੇ ਆਪਣੇ ਨਜ਼ਰੀਏ ਤੋਂ ਇਸਦੀ ਪਰਿਭਾਸ਼ਾ ਕੀਤੀ ਹੈ।

ਵਿਲੋਭੀ ਅਨੁਸਾਰ ਰਾਜਨੀਤੀ ਸ਼ਾਸਤਰ ਸਾਧਾਰਨ ਤੌਰ ਤੇ ਰਾਜ, ਸਰਕਾਰ ਅਤੇ ਕਾਨੂੰਨ ਤਿੰਨ ਵਿਸ਼ਿਆਂ ਨਾਲ ਸੰਬੰਧਿਤ ਹੈ।[4] ਡੇਵੀਡ ਈਸਟਨ ਕਹਿੰਦਾ ਹੈ ਕਿ ਰਾਜਨੀਤੀ ਸ਼ਾਸਤਰ ਕਦਰਾਂ ਕੀਮਤਾਂ ਦੀ ਸਤਾਵਾਦੀ ਵਿਵਸਥਾ ਦਾ ਅਧਿਐਨ ਹੈ, ਰਾਜਨੀਤੀ ਸ਼ਾਸਤਰ ਮਨੁੱਖ ਦੇ ਕੰਮਾਂ ਦਾ ਅਧਿਐਨ ਕਰਨਾ ਹੈ। ਰਾਜ ਵਿਅਕਤੀਆਂ ਦਾ ਇੱਕ ਅਜਿਹਾ ਰਾਜਨੀਤਿਕ ਸੰਗਠਨ ਹੈ ਜੋ ਉਨ੍ਹਾਂ ਨੂੰ ਆਪਣੇ ਜੀਵਨ ਅਤੇ ਸਖ਼ਸ਼ੀਅਤ ਦਾ ਵਿਕਾਰ ਕਰਨ ਲਈ ਅਨੇਕਾਂ ਸਹੂਲਤਾਂ ਪ੍ਰਦਾਨ ਕਰਦਾ ਹੈ। ਅਸੀਂ ਦੇਖਦੇ ਹਾਂ ਕਿ ਰਾਜਨੀਤੀ ਵਿਚ

ਅਧਿਕਾਰਾਂ, ਕਰਤੱਵਾਂ ਅਤੇ ਰਾਜ ਦੇ ਮਨੁੱਖਾਂ ਦੇ ਆਪਸੀ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਗਾਰਨਰ ਕਹਿੰਦਾ ਹੈ ਰਾਜਨੀਤੀ ਸ਼ਾਸਤਰ ਦਾ ਆਰੰਭ ਅਤੇ ਅੰਤ ਰਾਜ ਨਾਲ ਹੁੰਦਾ ਹੈ। ਅਸੀਂ ਅਕਸਰ ਇਹ ਦੇਖਦੇ ਹਾਂ ਕਿ ਰਾਜ ਦਾ ਪਿਛੋਕੜ ਕੀ ਸੀ ਵਰਤਮਾਨ ਸਮੇਂ ਰਾਜ ਦੀ ਕਿਹੋ ਜਿਹੀ ਦਸ਼ਾ ਹੈ ਅਤੇ ਰਾਜ ਨੂੰ ਕਿਸੇ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਰਾਜ ਵਿਚ ਰਹਿਣ ਵਾਲੇ ਹਰੇਕ ਵਿਅਕਤੀ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਰਾਜਨੀਤੀ ਨਾਲ ਸੰਬੰਧਤ ਹੁੰਦਾ ਹੈ। ਰਾਜ ਸਭ ਤੋਂ ਵਧੀਆ ਮਨੁੱਖੀ ਸੰਗਠਨ ਹੈ ਜੋ ਕਿ ਸਮਾਜ ਵਿਚ ਸ਼ਾਂਤੀ ਅਤੇ ਵਧੀਆ ਵਿਵਸਥਾ ਕਾਇਮ ਕਰਨ ਦੇ ਉਦੇਸ਼ ਨਾਲ ਹੋਂਦ ਵਿਚ ਆਇਆ ਤਾਂ ਜੋ ਮਨੁੱਖੀ ਜੀਵਨ ਨੂੰ ਵਧੀਆ ਬਣਾਇਆ ਜਾਵੇ ਕਿਸੇ ਵੀ ਰਾਜ ਜਾਂ ਸਮਾਜ ਦੇ ਚਾਰ ਥੰਮ ਹੁੰਦੇ ਹਨ। ਮਨੁੱਖੀ ਅਧਿਕਾਰ, ਸੁਤੰਤਰਤਾ, ਸਮਾਨਤਾ ਅਤੇ ਨਿਆਂ ਵਧੀਆ ਸਮਾਜ ਜਾਂ ਰਾਜ ਬਣਾਉਣ ਲਈ ਬਹੁਤ ਮਹੱਤਵਪੂਰਨ ਹਨ ਹਰ ਇੱਕ ਨਾਗਰਿਕ ਨੂੰ ਖੁਸ਼ਹਾਲ ਅਤੇ ਸੁਰੱਖਿਅਤ ਰੱਖਣ ਲਈ ਉਪਰੋਕਤ ਚਾਰਾਂ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ।

ਸਮਾਜ ਜਾਂ ਰਾਜ ਨੂੰ ਵਧੀਆ  ਵਿਕਸਿਤ ਅਤੇ ਕਲਿਆਣਕਾਰੀ ਬਣਾਉਣ ਲਈ ਉਸਦਾ ਰਾਜਨੀਤਿਕ ਅਤੇ ਸਮਾਜਿਕ ਢਾਂਚਾ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਹਰ ਮਨੁੱਖ ਨੂੰ ਆਪਣੀ  ਪ੍ਰਤਿਭਾ ਨਿਖਾਰਨ ਲਈ ਵੱਧ ਤੋਂ ਮੌਕੇ ਮਿਲਣੇ ਚਾਹੀਦੇ ਹਨ ਵਧੀਆ ਜਾਂ ਕਲਿਆਣਕਾਰ ਸਮਾਜ ਤਾਂ ਹੀ ਸੰਭਵ ਹੈ ਜੇਕਰ ਉਥੇ ਰਾਜਨੀਤਿਕ ਢਾਂਚਾ ਸਥਿਰ ਅਤੇ ਯੋਗ ਹੋਵੇ।  ਸਮੁੱਚੀ ਦੁਨੀਆਂ ਵਿਚ  ਇਹ ਗੱਲ ਸਾਬਿਤ ਹੋ ਚੁੱਕੀ ਹੈ ਕਿ ਲੋਕਤੰਤਰ ਹੀ ਇੱਕ ਅਜਿਹੀ ਵਿਵਸਥਾ ਹੈ ਜਿਸ ਵਿਚ ਹਰ ਮਨੁੱਖ ਆਪਣੇ ਆਪ ਨੂੰ ਵਿਕਸਿਤ ਕਰ ਸਕਦਾ ਹੈ। ਲੋਕਤੰਤਰੀ ਵਿਵਸਥਾ ਵਿਚ  ਦੇਸ਼ ਦਾ ਰਾਜਨੀਤਿਕ ਢਾਂਚਾ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਲੋਕਾਂ ਦੇ ਹੱਥ ਵਿਚ ਹੁੰਦਾ ਹੈ। ਲੋਕਤੰਤਰ ਦੇ ਚਾਰ ਮੁੱਖ ਸਤੰਭ  ਮਨੁੱਖੀ ਅਧਿਕਾਰ, ਨਿਆਂ, ਸਮਾਨਤਾ ਅਤੇ ਸੁਤੰਤਰਾ ਹਨ। ਮਨੁੱਖੀ ਅਧਿਕਾਰ ਕੇਵਲ ਵਿਅਕਤੀ ਦੇ ਨਿਜੀ ਵਿਕਾਸ

ਲਈ ਨਹੀਂ ਬਲਕਿ ਸਮਾਜ, ਸਮਾਜਿਕ ਕਦਰਾਂ-ਕੀਮਤਾਂ ਅਤੇ ਸੰਸਥਾਵਾਂ ਦੇ ਵਿਕਾਸ ਲਈ ਵੀ ਜ਼ਰੂਰੀ ਹੈ। ਅਧਿਕਾਰ ਤੋਂ ਭਾਵ ਸਮਾਜ ਦੇ ਮੈਂਬਰ ਹੋਣ ਦੇ ਨਾਂ ਤੇ ਮਨੁੱਖ ਦੇ ਬਣਦੇ ਹੱਕ ਜਿਸ ਵਿਚ ਉਸਦੀ ਆਜ਼ਾਦੀ ਹੋਰ ਜਨਤਕ ਸਹੂਲਤਾਂ ਵਰਤਣ ਦੇ ਹੱਕ ਅਤੇ ਆਪਣੀ ਰੱਖਿਆ ਦਾਅਵੇ ਸ਼ਾਮਿਲ ਹਨ। ਲਾਸਕੀ ਦੇ ਅਨੁਸਾਰ, "ਰਾਜ ਆਪਣੇ ਦਿੱਤੇ ਹੋਏ ਅਧਿਕਾਰਾਂ ਤੋਂ ਪਛਾਣਿਆ ਜਾਂਦਾ ਹੈ।"

ਅਧਿਕਾਰਾਂ ਦਾ ਸਿਧਾਂਤ ਉਹ ਮਾਰਗ ਹੈ ਜੋ ਰਾਜਨੀਤੀ ਨੂੰ ਸਿਰਜਨਾਤਮਕ ਦ੍ਰਿਸ਼ਟੀ ਬਖਸ਼ਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਅਧਿਕਾਰਾਂ ਦੀ ਪਰਿਭਾਸ਼ਾ ਕਰਨ ਵੇਲੇ ਸਾਵਧਾਨੀ ਤੋਂ ਕੰਮ ਲਿਆ ਜਾਵੇ। ਅਧਿਕਾਰਾਂ ਤੋਂ ਸਾਡਾ ਭਾਵ ਅਜਿਹੀਆਂ ਇਤਿਹਾਸਿਕ ਪਰਿਸਥਿਤੀਆਂ ਨਹੀਂ ਜੋ ਮਨੁੱਖ ਜਾਤੀ ਨੂੰ ਪ੍ਰਾਚੀਨ ਕਾਲ ਵਿਚ ਪ੍ਰਾਪਤ ਸਨ ਪਰ ਸਮੇਂ ਦੀ ਤੋਰ ਵਿਚ ਗੁਆਚ ਗਈਆਂ ਹਨ। ਹੋਰ ਕਿਸੇ ਸਿਧਾਂਤ ਨੇ ਦਰਸ਼ਨ ਨੂੰ ਇੰਨਾ ਨੁਕਸਾਨ ਨਹੀਂ ਪਹੁੰਚਾਇਆ ਜਾਂ ਇਉਂ ਕਹਿ ਲਿਆ ਜਾਵੇ ਕਿ ਜਿਨ੍ਹਾਂ ਤੱਥਾਂ ਨੂੰ ਸੰਖਿਪਤ ਰੂਪ ਵਿਚ ਪੇਸ਼ ਕਰਨ ਦਾ ਯਤਨ ਕਰਨਾ ਸੀ ਉਨ੍ਹਾਂ ਨੂੰ ਹੋਰ ਕਿਸੇ ਸਿਧਾਂਤ ਨੇ ਇਤਨੀ ਜ਼ਰਬ ਨਹੀਂ ਪਹੁੰਚਾਈ ਜਿਤਨੀ ਕਿ ਇਸ ਖਿਆਲ ਨੇ ਕਿ ਅਧਿਕਾਰ ਗੁਆਚੇ ਹੋਏ ਵਿਰਸੇ ਦੀ ਬਹਾਲੀ ਦੇ ਲਖਾਇਕ ਹਨ। ਅਜਿਹਾ ਕੋਈ ਸੁਨਹਿਰੀ ਕਾਲ ਨਹੀਂ ਸੀ ਜਿਸ ਦੀ ਅਸੀਂ ਫਿਰ ਭਾਲ ਕਰਨੀ ਹੈ। ਆਧੁਨਿਕ ਰਾਜ ਨੇ ਮਨੁੱਖ ਨੂੰ ਜੋ ਸੁਰੱਖਿਆ ਬਖਸ਼ੀ ਹੈ, ਘੱਟੋ-ਘੱਟ ਪੱਛਮੀ ਸਭਿਅਤਾ ਵਿਚ ਉਹ ਹਰ ਲਿਹਾਜ਼ ਨਾਲ ਕਿਸੇ ਵੀ ਬੀਤੇ ਯੁਗ ਨਾਲੋਂ ਆਕਾਰ ਦੇ ਪੱਖ ਤੋਂ ਜ਼ਿਆਦਾ ਤੇ ਗੁਣਾਂ ਦੇ ਪੱਖ ਤੋ ਵਧੇਰੇ ਉਚਿਤ ਹੈ।[5] ਸੋ ਅਸੀਂ ਇਹ ਕਹਿ ਸਕਦੇ ਹਾਂ ਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਜਿਸ ਕਰਕੇ ਇਹ ਪਸ਼ੂਆਂ ਤੋਂ ਵੱਖ ਹੈ। ਅਧਿਕਾਰ ਮਨੁੱਖੀ ਜੀਵਨ ਦਾ ਮਹੱਤਵਪੂਰਨ ਅੰਗ ਹਨ। ਅਧਿਕਾਰਾਂ ਕਰਕੇ ਹੀ ਮਨੁੱਖ ਦਾ ਸਮਾਜੀਕਰਨ ਹੋਇਆ ਹੈ। ਸੋ ਅਧਿਕਾਰਾਂ ਤੋਂ ਬਿਨਾਂ ਮਨੁੱਖ ਨੂੰ ਮਨੁੱਖ ਨਹੀਂ ਕਿਹਾ ਜਾ

ਸਕਦਾ। ਮਨੁੱਖ ਦੇ ਸਮਾਜਿਕ ਅਧਿਕਾਰ ਵਿਚ ਜੀਵਨ ਦਾ ਅਧਿਕਾਰ, ਸੁਤੰਤਰਤਾ ਦਾ ਅਧਿਕਾਰ, ਜਾਇਦਾਦ ਦਾ ਅਧਿਕਾਰ, ਧਾਰਮਿਕ ਸੁਤੰਤਰਤਾ ਦਾ ਅਧਿਕਾਰ ਅਤੇ ਸਿੱਖਿਆ ਦਾ ਅਧਿਕਾਰ ਪ੍ਰਮੁੱਖ ਹਨ। ਆਰਥਿਕ ਅਧਿਕਾਰ ਵਿਚ ਕੰਮ ਦਾ ਅਧਿਕਾਰ ਬਹੁਤ ਮਹੱਤਵਪੂਰਨ ਹੈ। ਵਧੀਆ ਸਮਾਜ ਦੀ ਸਿਰਜਨਾ ਲਈ ਸਿੱਖਿਆ ਦਾ ਅਧਿਕਾਰ ਮਹੱਤਵਪੂਰਨ ਰੋਲ ਅਦਾ ਕਰਦਾ ਹੈ ਬਾਕੀ ਸਾਰੇ ਅਧਿਕਾਰਾਂ ਦੀ ਸੁਰੱਖਿਆ ਪ੍ਰਦਾਨ ਕਰਦਾ ਹੈ।ਸਮਾਜ ਦੇ ਵਿਕਾਸ ਲਈ ਸਮਾਨਤਾ ਦੀ ਧਾਰਨਾ ਬਹੁਤ ਮਹੱਤਵਪੂਰਨ ਹੈ। ਸਮਾਨਤਾ ਸਮਾਜ ਵਿਚ ਪਾਈਆਂ ਜਾਣ ਵਾਲੀਆਂ ਅਸਮਾਨਤਾਵਾਂ ਨੂੰ ਦੂਰ ਕਰਦਾ ਹੈ। ਵਿਸ਼ੇਸ਼ ਅਧਿਕਾਰ ਦੀ ਸਮਾਪਤੀ, ਯੋਗਤਾ ਦਾ ਅਧਿਕਾਰ ਅਤੇ ਸਮਾਨ ਮੌਕੇ ਪ੍ਰਦਾਨ ਕਰਨਾ ਅਤੇ ਬੁਨਿਆਦੀ ਲੋੜਾਂ ਦੀ ਪੂਰਤੀ ਕਰਦਾ ਹੈ। ਸਮਾਜਿਕ ਸਮਾਨਤਾ ਦੀ ਤਰ੍ਹਾਂ ਰਾਜਨੀਤਿਕ ਖੇਤਰ ਦੀ ਸਮਾਨਤਾ ਆਦਰਸ਼ਵਾਦ ਹੈ। ਵਧੀਆ ਸਮਾਜ ਦੀ ਸਿਰਜਨਾ ਲਈ ਰਾਜਨੀਤਿਕ ਖੇਤਰ ਵਿਚ ਸਭਨਾਂ ਨੂੰ ਬਰਾਬਰ ਦਾ ਅਧਿਕਾਰ ਦੇਣਾ ਚਾਹੀਦਾ ਹੈ। ਅੱਜ ਦੇ ਸਮੇਂ ਵਿਚ ਸਿੱਖਿਆ ਦੇ ਪ੍ਰਸਾਰ, ਸਮਾਜਿਕ ਚੇਤਨਾ ਅਤੇ ਵਿਸ਼ਵੀਕਰਨ ਨੂੰ ਔਰਤਾਂ ਵਿਚ ਸਮਾਨਤਾ ਦੀ ਰੌਸ਼ਨੀ ਜਗਾਈ ਹੈ। ਮੌਜੂਦਾ ਸਮੇਂ ਵਿਚ ਔਰਤਾਂ ਦੀ ਸਮਾਨਤਾ ਦੀ ਮਜਬੂਤੀ ਨੇ ਔਰਤਾਂ ਵਿਚ ਆਤਮ ਵਿਸ਼ਵਾਸ ਅਤੇ ਸਮਾਜ ਵਿਚ ਇੱਕ ਨਵਾਂ ਦ੍ਰਿਸ਼ਟੀਕੋਣ ਸਥਾਪਿਤ ਕੀਤਾ ਹੈ। ਅਧਿਕਾਰ ਸਮਾਨਤਾ ਤੋਂ ਬਾਅਦ ਸੁਤੰਤਰਤਾ ਦਾ ਵੀ ਮਹੱਤਵਪੂਰਨ ਰੋਲ ਹੈ। ਲਾਸਕੀ ਦਾ ਕਹਿਣਾ ਹੈ ਕਿ ਸੁਤੰਤਰਾ ਦਾ ਭਾਵ ਅਜਿਹੇ ਵਾਤਾਵਰਨ ਨੂੰ ਸਿਰਜਣਾ ਹੈ ਜਿਸ ਵਿਚ ਹਰ ਵਿਅਕਤੀ ਨੂੰ ਆਪਣੇ ਵਿਕਾਸ ਲਈ ਵਧੇਰੇ ਮੌਕੇ ਮਿਲਣ। ਰਾਜਨੀਤਿਕ ਸੁਤੰਤਰਤਾ ਦਾ ਅਰਥ ਰਾਜ ਦੇ ਮਾਮਲਿਆਂ ਵਿਚ ਕ੍ਰਿਆਸ਼ੀਲ ਹੋਣ ਦੀ ਸ਼ਕਤੀ ਹੈ। ਇਸ ਦਾ ਭਾਵ ਇਹ ਹੈ ਕਿ ਮੈਂ ਜਨਤਕ ਕਾਰਜਾ ਦੇ ਸਾਰ ਤੱਤ ਬਾਰੇ ਆਪਣਾ ਦਿਮਾਗ ਸੁਤੰਤਰਤਾ ਪੂਰਵਕ ਵਰਤ ਸਕਦਾ ਹਾਂ। ਅਨੁਭਵ ਦੇ ਸਾਮਾਨਯ ਤੇ ਸਾਮੂਹਿਕ ਭੰਡਾਰ ਵਿਚ ਆਪਣੇ ਵਿਸ਼ੇਸ਼ ਅਨੁਭਵ ਦਾ

ਬਿਨਾਂ ਰੋਕ ਟੋਕ ਯੋਗਦਾਨ ਦੇਣ ਦੀ ਸਹੂਲਤ ਮੈਨੂੰ ਪ੍ਰਾਪਤ ਹੋਣੀ ਚਾਹੀਦੀ ਹੈ। ਪ੍ਰਾਧਿਕਾਰ ਦੇ ਸਥਾਨਾਂ ਤੱਕ ਪਹੁੰਚਣ ਲਈ ਮੇਰੇ ਰਸਤੇ ਵਿਚ ਸਾਮਾਨਯ ਰੁਕਾਵਟਾਂ ਤੋਂ ਛੁਟ ਹੋਰ ਕੋਈ ਰੁਕਾਵਟ ਨਹੀਂ ਹੋਣੀ ਚਾਹੀਦੀ। ਮੈਨੂੰ ਆਪਣੀ ਰਾਇ ਨੂੰ ਪ੍ਰਗਟ ਕਰਨ ਅਤੇ ਰਾਇ ਦੀ ਘੋਸ਼ਣਾ ਵਿਚ ਦੂਜਿਆਂ ਨੂੰ ਮਿਲਾਉਣ ਦੀ ਖੁੱਲ੍ਹ ਦੀ ਸਮਰਥਾ ਹੋਣੀ ਚਾਹੀਦੀ ਹੈ।[6]

ਰੂਸੋ ਨੇ ਠੀਕ ਕਿਹਾ ਹੈ ਮਨੁੱਖ ਜਨਮ ਤੋਂ ਸੁਤੰਤਰ ਹੈ ਪਰੰਤੂ ਹਰ ਜਗਾਂ ਬੰਧਨਾਂ ਵਿਚ ਹੈ। ਸੁਤੰਤਰਤਾ ਨੂੰ ਕੁਦਰਤੀ, ਨਾਗਰਿਕ, ਆਰਥਿਕ, ਰਾਸ਼ਟਰੀ, ਧਾਰਮਿਕ ਨਿੱਜੀ ਅਤੇ ਨੈਤਿਕ ਸੁਤੰਤਰਤਾ ਵਿਚ ਵੰਡਿਆ ਜਾਂਦਾ ਹੈ।

ਨਿਆਂ ਰਾਜ ਦੀ ਪ੍ਰਭੂ ਸੱਤਾ ਬਣਾਈ ਰੱਖਣ ਲਈ ਕੰਮ ਕਰਦਾ ਹੈ ਸਰਕਾਰ ਦੁਆਰਾ ਹਰ ਇੱਕ ਨੂੰ ਨਿਆ ਦਿਵਾਉਣ ਲਈ ਕਾਨੂੰਨੀ ਵਿਵਸਥਾ ਬਣਾਈ ਜਾਂਦੀ ਹੈ। ਕਾਨੂੰਨ ਦਾ ਅਰਥ ਹਰ ਇੱਕ ਨੂੰ ਉਸਦੀ ਬਣਦੀ ਥਾਂ ਤੇ ਨਿਸ਼ਚਿਤ ਕਰਨਾ ਹੁੰਦਾ ਹੈ। ਕਾਨੂੰਨ ਬਣਾਉਣ ਲਈ ਰੀਤੀ-ਰਿਵਾਜ਼ ਅਤੇ ਧਰਮ ਨੂੰ ਵਧੇਰੇ ਤਰਜ਼ੀਹ ਦਿੱਤੀ ਜਾਂਦਾ ਹੈ। ਪਲੈਟੋ ਨੇ ਠੀਕ ਹੀ ਕਿਹਾ ਹੈ ਕਿ ਕਿਸੇ ਵੀ ਰਾਸ਼ਟਰ ਨੂੰ ਚਲਾਉਣ ਵਾਲਾ ਰਾਜਾ ਫਿਲਾਸਫਰ ਹੋਣਾ ਚਾਹੀਦਾ ਹੈ। ਫਿਲਾਸਫਰ ਦਾ ਸੂਝਵਾਨ ਵਿਅਕਤੀ ਹੋਣਾ ਹੈ। ਸਮਾਜ ਵਿਚ ਜੇਕਰ ਬੁੱਧੀਮਤਾ, ਹੌਂਸਲਾ ਅਤੇ ਸੰਜਮ ਦੇ ਗੁਣ ਹੋਣਗੇ ਤਾਂ ਹੀ ਆਪਣੇ ਆਪ ਹੀ ਨਿਆਂ ਦਾ ਸਦਗੁਣ ਪੈਦਾ ਹੋਵੇਗਾ। ਸੋ ਸਮਾਜ ਨੂੰ ਚਲਾਉਣ ਵਾਲਾ ਵਿਅਕਤੀ ਸਦਗੁਣੀ ਹੋਣਾ ਚਾਹੀਦਾ ਹੈ ਭਾਵ ਕਿ ਉਸ ਵਿਅਕਤੀ ਵਿਚ ਸਮਝਦਾਰੀ, ਹੌਂਸਲਾ ਅਤੇ ਸੰਜਮ ਨੇ ਸਦਗੁਣ ਜਿਸ ਕਰਕੇ ਉਸਦਾ ਹਰ ਕਾਰਜ ਨਿਆਂਪੂਰਨ ਹੋਵੇ। ਧਰਮ ਅਤੇ ਰਾਜਨੀਤੀ ਦੋਵੇਂ ਹੀ ਕਿਸੇ ਵੀ ਦੇਸ਼ ਜਾਂ ਰਾਜ ਜਾਂ ਸਮਾਜ ਦੇ ਮਹੱਤਵਪੂਰਨ ਅੰਗ ਹਨ। ਧਰਮ ਅਤੇ ਰਾਜਨੀਤੀ ਨੈਤਿਕ ਕਦਰਾਂ-ਕੀਮਤਾਂ ਦੇ ਆਧਾਰ ਤੇ ਪ੍ਰਫੁਲਤ ਹੋਵੇਗੀ ਤਾਂ ਹੀ ਸਮਾਜ ਜਾਂ ਰਾਜ ਕਲਿਆਣਕਾਰੀ ਹੋਵੇਗਾ।

## ਹਵਾਲੇ ਤੇ ਟਿੱਪਣੀਆਂ

1. ਐਫ. ਮੈਕਸਮੂਲਰ, ਅਨੁਵਾਦਕ ਤਾਰਨ ਸਿੰਘ, *ਧਰਮ ਦੀ ਉਤਪਤੀ ਅਤੇ ਵਿਕਾਸ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
2. ਉਹੀ।
3. ਅਰਸਤੂ ਦੀ ਪੋਲਿਟਿਕਸ (ਅਨੁ.) ਦਲੀਪ ਸਿੰਘ ਉਪਲ, *ਰਾਜਨੀਤੀ*, ਪਬਲੀਕੇਸ਼ਨ ਬਿਊਰੋ, ਪੰਜਾਬੀਯੂਨੀਵਰਸਿਟੀ, ਪਟਿਆਲਾ, 2008.
4. ਜਸਪਾਲ ਕੌਰ, ਰਾਜਨੀਤੀ ਵਿਗਿਆਨ ਦਾ ਮੁਢਲਾ ਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991, ਪੰਨਾ 2.
5. ਹੈਰੋਲਡ ਜੇ. ਲਾਸਕੀ, ਪ੍ਰੋ. ਹਰਮੰਦਰ ਸਿੰਘ (ਅਨੁ.), *ਰਾਜਨੀਤੀ ਵਿਆਕਰਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ-111.
6. ਉਹੀ, ਪੰਨਾ-63.

# ਪਾਠ ਚੌਥਾ

# ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਤੇ ਵਿਕਾਸ

21 ਮਈ 1920 ਨੂੰ ਲਾਹੌਰ ਤੋਂ ਪੰਜਾਬੀ ਦਾ ਅਖਬਾਰ 'ਅਕਾਲੀ' ਸ਼ੁਰੂ ਹੋਇਆ ਵਿਦਵਾਨ ਆਗੂ ਅਤੇ ਸੂਝਵਾਨ ਸਿੱਖ ਆਗੂ ਅਤੇ ਉਨ੍ਹਾਂ ਨਾਲ ਜੁੜੇ ਹੋਏ ਪੰਥਕ ਸੋਚ ਰੱਖਣ ਵਾਲੇ ਆਗੂ ਇਸ ਅਖਬਾਰ ਦੇ ਪਾਠਕ ਬਣੇ 'ਅਕਾਲੀ' ਅਖਬਾਰ ਦੇ ਪਾਠਕਾਂ ਦਾ ਇਕੱਠ ਹੀ ਭਾਈਚਾਰਕ ਇਕੱਠ ਬਣ ਗਿਆ ਇਸੇ ਭਾਈਚਾਰਕ ਇਕੱਠ ਦੇ ਕਾਰਜ ਵਿਚੋਂ ਗੁਰਦੁਆਰਾ ਸੁਧਾਰ ਲਹਿਰ ਦਾ ਜਨਮ ਹੋਇਆ। ਇਹ ਲਹਿਰ ਛੇਤੀ ਹੀ 'ਅਕਾਲੀ' ਲਹਿਰ ਅਖਵਾਉਣ ਲੱਗੀ। 'ਅਕਾਲੀ' ਸ਼ਬਦ ਦਾ ਅਰਥ ਉਹ ਸ਼ਖਸ ਹੈ ਜੋ ਖੁਦ ਨੂੰ ਅਕਾਲ ਪੁਰਖ ਦਾ ਸਾਜ਼ਿਆ ਮੰਨਦਾ ਹੈ। ਮਈ 1920 ਵਿਚ 'ਅਕਾਲੀ' ਅਖਬਾਰ ਦੇ ਸ਼ੁਰੂ ਹੋਣ ਪਿਛੋਂ, ਹਰ ਪਾਸੇ ਅਕਾਲ-ਅਕਾਲ ਦੇ ਜੈਕਾਰੇ ਗੂੰਜਣ ਲੱਗੇ ਪਏ ਇਹੀ ਜੈਕਾਰੇ ਪਹਿਲਾਂ ਇੱਕ ਲਹਿਰ ਫਿਰ ਇੱਕ ਜੱਥੇਬੰਦੀ (ਸ਼੍ਰੋਮਣੀ ਅਕਾਲੀ ਦਲ) ਨਾਲ ਜੁੜ ਗਿਆ। ਵੈਸੇ 'ਅਕਾਲੀ' ਦਲ ਬਣਾਏ ਜਾਣ ਦਾ ਗੁਰਮਤਾ 14 ਦਸੰਬਰ 1920 ਵਿਚ ਕੀਤਾ ਗਿਆ ਸੀ ਅਤੇ ਜਥੇਬੰਦੀ ਦੀ ਪਹਿਲੀ ਚੋਣ 23-24 ਜਨਵਰੀ 1921 ਨੂੰ ਹੋਈ ਜੇਕਰ 'ਅਕਾਲੀ' ਸ਼ਬਦ ਨੂੰ ਅਕਾਲ ਪੁਰਖ ਦੀ ਸਿਰਜਣਾ ਵਿਚ ਲਿਆ ਜਾਵੇ ਤਾਂ ਸਭ ਤੋਂ ਪਹਿਲਾਂ ਅਕਾਲੀ ਸ੍ਰੀ ਗੁਰੂ ਨਾਨਕ ਦੇਵ ਜੀ ਸਨ ਜਿਨ੍ਹਾਂ ਆਪਣੇ ਆਪ ਨੂੰ ਅਕਾਲ ਪੁਰਖ ਦਾ ਬੰਦਾ ਐਲਾਨਿਆ ਅਤੇ ਉਨ੍ਹਾਂ ਨੂੰ ਹੀ ਸੱਚਾ ਪਾਤਸ਼ਾਹ ਐਲਾਣਿਆ। ਇਹ 'ਅਕਾਲੀ' ਗੁਰੂ ਨਾਨਕ ਸਾਹਿਬ ਤੋਂ ਮਗਰੋਂ ਬਾਕੀ 9 ਜਾਮਿਆਂ ਵਿਚ ਵੀ ਪ੍ਰਗਟ ਹੋਏ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਗਟ ਕਰਕੇ ਹਰ ਸਿੱਖ ਨੂੰ 'ਅਕਾਲੀ' ਅਖਵਾਉਣ ਦਾ ਮਾਣ ਬਖਸ਼ਿਆ। ਦਸ਼ਮੇਸ ਪਿਤਾ ਨੂੰ 'ਖ਼ਾਲਸਾ' ਪ੍ਰਗਟ ਕਰਕੇ ਹਰ ਸਿੱਖ ਨੂੰ ਖ਼ਾਲਸਾ (ਅਕਾਲੀ) ਬਣਨਾ ਲਾਜ਼ਮੀ ਕਰ

ਦਿੱਤਾ।[1] ਗੁਰੂ ਸਾਹਿਬਾਨ ਤੋਂ ਮਗਰੋਂ ਇਤਿਹਾਸ ਵਿਚ ਪਹਿਲਾ ਅਕਾਲੀ ਬਾਬਾ ਬੰਦਾ ਸਿੰਘ ਬਹਾਦਰ ਸੀ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਅਕਾਲੀ ਫੌਜ ਦੀ ਅਗਵਾਈ ਕਰਕੇ ਖ਼ਾਲਸਾ ਰਾਜ ਕਾਇਮ ਕੀਤਾ। ਅਕਾਲੀ ਫੌਜ ਦੀ ਅਗਵਾਈ ਅਕਾਲੀ ਫੂਲਾ ਸਿੰਘ ਤੋਂ ਮਗਰੋਂ ਬਾਬਾ ਦਰਬਾਰਾ ਸਿੰਘ ਨੇ ਸੰਭਾਲੀ। ਬਾਬਾ ਬੰਦਾ ਸਿੰਘ ਬਹਾਦਰ ਦੇ ਖ਼ਾਲਸਾ ਰਾਜ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਾਂਭਿਆ। ਮਹਾਰਾਜਾ ਰਣਜੀਤ ਸਿੰਘ ਨੇ ਛੋਟੀਆਂ-ਛੋਟੀਆਂ ਮਿਸਲਾਂ ਨੂੰ ਇਕੱਠੀਆਂ ਕਰਕੇ ਇੱਕ ਵੱਡੀ ਮਿਸਲ ਕਾਇਮ ਕੀਤੀ। ਇਹ ਵੱਡੀ ਮਿਸਲ ਹੀ ਖ਼ਾਲਸਾ ਰਾਜ ਦੀ ਹਕੂਮਤ ਧਿਰ ਬਣ ਕੇ ਉਭਰੀ, ਰਣਜੀਤ ਸਿੰਘ ਨੂੰ ਖ਼ਾਲਸਾ ਰਾਜ ਸਥਾਪਿਤ ਕਰਨ ਲਈ ਅਕਾਲੀ ਫੂਲਾ ਸਿੰਘ ਅਕਾਲੀ ਹਰੀ ਸਿੰਘ ਨਲੂਆ ਅਤੇ ਅਕਾਲੀ ਹੁਕਮਾ ਸਿੰਘ ਚਿਮਨੀ ਦਾ ਵੱਡਾ ਰੋਲ ਸੀ।

ਸ਼੍ਰੋਮਣੀ ਅਕਾਲੀ ਦਲ ਦਾ ਜਨਮ ਸਿੱਖ ਪੰਥ ਦੇ ਗੁਰਦੁਆਰਾ ਸੁਧਾਰ ਦੀ ਲਹਿਰ ਵਿਚੋਂ ਹੋਇਆ ਸੀ। ਗੁਰਦੁਆਰਾ ਸੁਧਾਰ ਲਹਿਰ 1920 ਦੀਆਂ ਗਰਮੀਆਂ ਵਿਚ ਸ਼ੁਰੂ ਹੋਈ ਸੀ। ਉਨ੍ਹੀਂ ਦਿਨੀਂ ਗੁਰਦੁਆਰਿਆਂ ਤੇ ਉਦਾਸੀ ਮਹੰਤਾਂ ਦਾ ਕਬਜ਼ਾ ਸੀ। ਇਸ ਮਹੰਤਾਂ ਵਿਚੋਂ ਬਹੁਤੇ ਤਾਂ ਸਿੱਖ ਵੀ ਨਹੀਂ ਸਨ। ਇਨ੍ਹਾਂ ਵਿਚੋਂ, ਇੱਕ-ਅੱਧੇ ਨੂੰ ਛੱਡ ਕੇ ਸਾਰੇ ਦੇ ਸਾਰੇ ਬਦ-ਇਖ਼ਲਾਕ, ਬੇਈਮਾਨ, ਅੱਯਾਸ਼ ਤੇ ਗੁੰਡਿਆਂ ਵਾਲੀ ਜ਼ਿੰਦਗੀ ਬਤੀਤ ਕਰਦੇ ਸਨ। ਇਨ੍ਹਾਂ ਨੇ ਗੁਰਦੁਆਰਿਆਂ ਨੂੰ ਜਿਥੇ ਰੂਹਾਨੀਅਤ ਦਾ ਮਾਹੌਲ ਹੋਣਾ ਚਾਹੀਦਾ ਹੈ, ਬੁਰੇ ਕੰਮਾਂ ਵਾਸਤੇ ਵਰਤਣਾ ਸ਼ੁਰੂ ਕੀਤਾ ਹੋਇਆ ਸੀ।

ਗੁਰਦੁਆਰਾ ਸ਼ਬਦ ਦਾ ਅਰਥ ਹੈ : ਗੁਰੂ ਦਾ ਘਰ। ਗੁਰੂ ਦਾ ਦੁਆਰਾ। ਇਸ ਨੂੰ ਅਸੀਂ ਗੁਰੂ ਨੂੰ ਮਿਲਣ ਦੇ ਰਸਤੇ ਦਾ ਦਰ ਕਹਿ ਸਕਦੇ ਹਾਂ, ਜਾਂ ਇਸ ਤਰ੍ਹਾਂ ਆਖ ਲਓ ਕਿ ਜਿਸ ਦਰ 'ਤੇ ਗੁਰੂ ਨੂੰ ਪ੍ਰਾਪਤ ਕਰਨ ਵੱਲ ਤੁਰਿਆ ਜਾ ਸਕਦਾ ਹੈ। ਗੁਰਦੁਆਰਾ ਸ਼ਬਦ, ਸਿੱਖ ਧਾਰਮਿਕ ਅਸਥਾਨ ਵਾਸਤੇ, 19ਵੀਂ ਸਦੀ ਦੇ ਸ਼ੁਰੂ ਜਾਂ 18ਵੀਂ ਸਦੀ ਦੇ ਅਖ਼ੀਰ ਵਿਚ

ਵਰਤਿਆ ਜਾਣਾ ਸ਼ੁਰੂ ਹੋਇਆ ਹੈ। ਗੁਰੂ ਸਾਹਿਬ ਵੇਲੇ ਗੁਰਦੁਆਰੇ ਸਾਹਿਬ ਦੇ ਸ਼ਬਦ ਦੀ ਵਰਤੋਂ ਸਿੱਖ ਧਰਮ ਦੇ ਅਸਥਾਨ ਵਾਸਤੇ ਨਹੀਂ ਹੁੰਦੀ ਸੀ। ਸਿੱਖ ਧਰਮ ਅਸਥਾਨ ਵਾਸਤੇ, ਗੁਰੂ ਸਾਹਿਬ ਦੇ ਵੇਲੇ, ਵਧੇਰੇ ਕਰਕੇ, ਸ਼ਬਦ ਧਰਮਸ਼ਾਲ ਹੀ ਵਰਤਿਆ ਜਾਂਦਾ ਸੀ। ਗੁਰੂ ਅਮਰਦਾਸ ਸਾਹਿਬ ਵੇਲੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ 22 ਮੰਜੀਆਂ ਸਥਾਪਿਤ ਕੀਤੀਆਂ ਅਤੇ 52 ਪੀੜ੍ਹੇ ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਥਾਵਾਂ ਤੇ ਸਿੱਖ ਹਰ ਰੋਜ਼ ਇਕੱਤਰ ਹੋ ਕੇ ਕੀਰਤਨ ਕਰਿਆ ਕਰਦੇ ਸਨ। ਪਹਿਲਾ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਕਰਤਾਰਪੁਰ ਅਤੇ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਖੰਡੂਰ ਸਾਹਿਬ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਗੋਇੰਦਵਾਲ ਸਾਹਿਬ ਅਤੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖਾਂ ਦੇ ਧਰਮਸ਼ਾਲਾ ਸਨ। ਇਨ੍ਹਾਂ ਚਾਰ ਥਾਵਾਂ ਤੇ ਗੁਰੂ ਦੇ ਲੰਗਰ ਚੱਲਦੇ ਹਨ। ਕੀਰਤਨ ਅਤੇ ਕਥਾ ਦੇ ਪ੍ਰਵਾਹ ਚੱਲਦੇ ਸਨ। ਇਨ੍ਹਾਂ ਥਾਵਾਂ ਤੇ ਗੁਰੂ ਸਾਹਿਬਾਨ ਆਪ ਨਿਵਾਸ ਕਰਦੇ ਸਨ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਗੁਰੂ ਦਾ ਚੱਕ ਵਸਾ ਕੇ ਸਭ ਤੋਂ ਪਹਿਲਾਂ ਇੱਥੇ ਸਰੋਵਰ ਬਣਵਾਇਆ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਜਗ੍ਹਾ ਤੇ ਸ੍ਰੀ ਹਰਿਮੰਦਰ ਸਾਹਿਬ ਤਿਆਰ ਕਰਵਾਇਆ ਸੀ ਅਤੇ ਇਸ ਜਗ੍ਹਾ ਤੇ 16 ਅਗਸਤ 1604 ਵਿਚ ਪਵਿੱਤਰ ਦਿਹਾੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ ਸੀ। ਇਹ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਇਸੇ ਜਗ੍ਹਾ ਤੇ ਸੰਤੋਖਸਰ, ਅੰਮ੍ਰਿਤਸਰ ਅਤੇ ਰਾਮਸਰ ਤਿੰਨ ਸਰੋਵਰਾਂ ਦੀ ਤਿਆਰੀ ਕਰਵਾਈ ਅਤੇ ਇਸ ਜਗ੍ਹਾ ਦੇ ਨੇੜੇ ਹੀ 6 ਹੱਟਾਂ ਵਾਲਾ ਖੂਹ ਲਗਵਾਇਆ ਜਿਸ ਨੂੰ ਛੇਹਰਟਾ ਸਾਹਿਬ ਕਿਹਾ ਜਾਂਦਾ ਹੈ ਅਤੇ ਹਰਗੋਬਿੰਦ ਨਗਰ ਦੀ ਸਥਾਪਨਾ ਵੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਕੀਤੀ। ਸਿੱਖ ਕੌਮ ਦਾ ਧਾਰਮਿਕ ਪ੍ਰੋਗਰਾਮ ਰੂਹਾਨੀਅਤ ਦੇ ਨਾਲ-ਨਾਲ ਲੋਕ ਸੇਵਾ ਵੀ ਸੀ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਬਾਉਲੀ

ਬਣਵਾਈ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਰੋਵਰ ਬਣਵਾਇਆ ਅਤੇ ਕਈ ਖੂਹ ਲਗਵਾਏ। ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਲਾਹੌਰ ਵਿਚ ਬਾਉਲੀ ਸਾਹਿਬ ਬਣਵਾਇਆ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਤਿੰਨ ਸਰੋਵਰ ਤਿਆਰ ਕਰਵਾਏ। ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਨੇ ਵੀ ਕਈ ਖੂਹ ਖੁਦਵਾਏ ਅਤੇ ਮਾਲਵੇ ਦੇ ਇਲਾਕੇ ਵਿਚ ਡਰੋਲੀ ਭਾਈ ਬਾਉਲੀ ਬਣਵਾਈ। ਸੱਤਵੇਂ ਪਾਤਸ਼ਾਹ ਗੁਰੂ ਹਰਿਰਾਏ ਸਾਹਿਬ ਅਤੇ ਅੱਠਵੇ ਪਾਤਸ਼ਾਹ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਇਸ ਦੁਨੀਆਂ ਦੀ ਭਲਾਈ ਵਾਸਤੇ ਕੰਮ ਕੀਤੇ। ਸਿੱਖਾਂ ਦੇ ਨੌਂਵੇਂ ਗੁਰੂ ਗੁਰੂ ਤੇਗ ਬਹਾਦਰ ਜੀ ਨੇ ਚੱਕ ਨਾਨਕੀ (ਸ੍ਰੀ ਆਨੰਦਪੁਰ ਸਾਹਿਬ) ਵਸਾਇਆ। ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਚ ਗੁਰੂਸਰ ਸਰੋਵਰ ਤਿਆਰ ਕਰਵਾਇਆ ਅਤੇ ਹੋਰ ਕਈ ਵੱਖ-ਵੱਖ ਥਾਵਾਂ ਤੇ ਖੂਹ ਖੁਦਵਾਏ ਗਏ। ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪਾਉਂਟਾ ਸਾਹਿਬ ਵਸਾਇਆ ਗਿਆ। ਗੁਰੂ ਸਾਹਿਬ ਵੱਲੋਂ ਆਨੰਦਪੁਰ ਸਾਹਿਬ ਵਿਖੇ ਕਿਲ੍ਹਾ ਆਨੰਦਗੜ ਦੇ ਪਾਸ ਬਾਉਲੀ ਦਾ ਨਿਰਮਾਣ ਕਰਵਾਇਆ ਅਤੇ ਬਹੁਤ ਸਾਰੇ ਖੂਹ ਖੁਦਵਾਏ। ਗੁਰੂ ਸਾਹਿਬ ਨੇ ਛੇ ਕਿਲ੍ਹਿਆਂ ਦੇ ਨਿਰਮਾਣ ਕਰਵਾਇਆ। ਹਰ ਜਗ੍ਹਾ ਤੇ ਗੁਰਬਾਣੀ ਦਾ ਕੀਰਤਨ ਅਤੇ ਕਥਾ ਦੇ ਚੱਲਦੇ ਰਹਿੰਦੇ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਦਾ ਸੀ।

ਗੁਰੂ ਸਾਹਿਬ ਤੋਂ ਮਗਰੋਂ ਵੀ ਯਾਦਗਾਰੀ ਜਗ੍ਹਾ 'ਤੇ ਥੜ੍ਹਾ ਬਣਾ ਦਿੱਤਾ ਜਾਂਦਾ ਸੀ। 'ਥੜ੍ਹਾ ਸਾਹਿਬ' ਤੋਂ ਇਲਾਵਾ ਇੱਕ ਹੋਰ ਨਾਂ 'ਮੰਜੀ ਸਾਹਿਬ' ਵੀ ਵਰਤਿਆ ਜਾਂਦਾ ਰਿਹਾ ਹੈ। 17ਵੀਂ ਸਦੀ ਤੱਕ 'ਗੁਰਦੁਆਰਾ' ਸ਼ਬਦ ਨਹੀਂ ਸੀ ਮਿਲਦਾ। ਬਾਬਾ ਬਘੇਲ ਸਿੰਘ ਨੇ ਦਿੱਲੀ ਵਿਚ ਗੁਰੂ ਸਾਹਿਬਾਨਾਂ ਦੀਆਂ ਯਾਦਗਾਰਾਂ ਬਣਵਾਈਆਂ। ਉਨ੍ਹਾਂ ਵੱਲੋਂ ਵੀ ਇਨ੍ਹਾਂ ਦੇ ਨਾਂ ਰਕਾਬ ਗੰਜ, ਸੀਸ ਗੰਜ, ਬਾਲਾ ਸਾਹਿਬ ਅਤੇ ਬੰਗਲਾ ਸਾਹਿਬ ਰੱਖੇ। ਇਨ੍ਹਾਂ ਦੇ ਨਾਲ ਗੁਰਦੁਆਰਾ ਨਾਂ 19ਵੀਂ ਸਦੀ ਦੇ ਅੰਤ ਵਿਚ ਲਾਇਆ ਜਾਣਾ ਸ਼ੁਰੂ ਹੋਇਆ ਸੀ। ਖੈਰ, ਹੁਣ

ਹਰ ਸਿੱਖ ਧਾਰਮਿਕ ਥਾਂ ਨੂੰ ਗੁਰਦੁਆਰਾ ਹੀ ਆਖਿਆ ਜਾਂਦਾ ਹੈ।

ਗੁਰਦੁਆਰਾ ਸਿੱਖ ਵਾਸਤੇ ਸਭ ਕੁੱਝ ਹੈ। ਗੁਰਦੁਆਰੇ ਵਿਚ ਬੈਠ ਕੇ ਕਥਾ ਸੁਣਨੀ, ਕੀਰਤਨ ਸੁਣਨਾ, ਸੰਗਤ ਵਿਚ ਬੈਠਣਾ ਜ਼ਰੂਰੀ ਹੈ। ਇਨ੍ਹਾਂ ਤੋਂ ਬਿਨਾਂ ਸਿੱਖ ਬਿਲਕੁਲ ਅਧੂਰਾ ਹੈ। ਸੰਗਤ ਵਿਚ ਨਾ ਆਉਣ ਵਾਲਾ ਸਿੱਖ ਸਿੱਖੀ ਦੀ ਇੱਕ ਵੱਡੀ ਖੂਬੀ ਤੋਂ ਅਧੂਰਾ ਰਹਿ ਜਾਂਦਾ ਹੈ। ਸਿੱਖ ਨੂੰ ਸੰਗਤ ਵਿਚ ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਦਿਖਾਈ ਦਿੰਦੀਆਂ ਹਨ। ਸੱਚੀ ਸੰਗਤ ਵਿਚ ਵਾਹਿਗੁਰੂ ਦਾ ਵਾਸਾ ਹੁੰਦਾ ਹੈ।

ਗੁਰਦੁਆਰਾ ਵਿਚੋਂ ਸਿੱਖ ਸੰਗਤ, ਪੰਗਤ ਦੇ ਲੰਗਰ ਦੀ ਪ੍ਰਥਾ ਰਾਹੀਂ ਇਥੋਂ ਰੂਹਾਨੀਅਤ, ਕੌਮੀਅਤ ਅਤੇ ਭਾਈਚਾਰਕ ਪਿਆਰ ਦੀਆਂ ਖੂਬੀਆਂ ਸਿੱਖਦੀ ਹੈ। ਗੁਰਦੁਆਰਾ ਸਿੱਖ ਦਾ ਰੂਹਾਨੀ, ਇਲਮੀ, ਭਾਈਚਾਰਕ ਤੇ ਕੌਮੀ ਸਕੂਲ ਹੈ ਜਿਵੇਂ ਸਕੂਲ ਜਾਏ ਬਿਨਾਂ ਕੋਈ ਵੀ ਪਾਸ ਨਹੀਂ ਹੋ ਸਕਦਾ। ਇਸੇ ਤਰ੍ਹਾਂ ਹੀ ਗੁਰਦੁਆਰੇ ਜਾਏ ਬਿਨਾਂ ਸਿੱਖੇ ਅਧੂਰਾ ਹੈ। ਸੱਚੀ ਸੰਗਤ ਵਿਚ ਗੁਰੂ ਆਪ ਹਾਜ਼ਰ ਹੈ। ਜਿਸ ਨੇ ਗੁਰੂ ਦੇ ਦਰਸ਼ਨ ਕਰਨੇ ਹਨ, ਉਸ ਨੂੰ ਸੰਗਤ ਵਿਚ ਜਾਣਾ ਹੀ ਪਵੇਗਾ। ਜਿਸ ਨੇ ਜਨਮ ਮਰਨ ਦੇ ਡਰ ਤੋਂ ਮੁਕਤੀ ਪਾਉਣੀ ਹੈ ਅਤੇ ਵਾਹਿਗੁਰੂ ਦੀ ਦਰਗਾਹ ਵਿਚ ਕਬੂਲ ਹੋਣਾ ਹੈ, ਉਸ ਨੂੰ ਗੁਰਦੁਆਰੇ ਬਕਾਇਦਾ ਜਾਣਾ ਪਵੇਗਾ ਤੇ ਜਾਣਾ ਵੀ ਸ਼ਰਧਾ ਨਾਲ ਪਵੇਗਾ। ਗੁਰਦੁਆਰੇ ਵਿਚ ਜਾ ਕੇ ਖੁਦੀ ਨੂੰ ਭੁਲਾਉਂਦਾ ਹੋਵੇਗਾ।

ਸਭ ਤੋਂ ਪਹਿਲਾਂ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਸੇਵਾ ਬਾਬਾ ਬੁੱਢਾ ਜੀ ਦੇ ਹਿੱਸੇ ਆਈ। 16 ਅਗਸਤ 1604 ਦੇ ਦਿਨ ਬਾਬਾ ਬੁੱਢਾ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦਾ ਪਹਿਲਾ ਗ੍ਰੰਥੀ ਥਾਪਿਆ ਅਤੇ ਨਾਲ-ਨਾਲ ਇਸ ਜਗ੍ਹਾ ਦੀ ਸੇਵਾ-ਸੰਭਾਲ ਵੀ ਬਖਸ਼ੀ। ਸ੍ਰੀ ਹਰਗੋਬਿੰਦ ਸਾਹਿਬ ਜੀ ਮਹਾਰਾਜ ਜਦੋਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਦਿੱਲੀ ਨੂੰ ਜਾਣ ਲੱਗੇ ਤਾਂ ਉਸ ਸਮੇਂ ਬਾਬਾ ਬੁੱਢਾ ਜੀ ਨੂੰ

ਸ੍ਰੀ ਹਰਿਮੰਦਰ ਸਾਹਿਬ ਜੀ ਸੇਵਾ ਸੌਂਪੀ ਗਈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਭਾਈ ਗੁਰਦਾਸ ਜੀ ਨੂੰ ਸੌਂਪੀ ਗਈ। ਇਸੇ ਤਰ੍ਹਾਂ ਹੀ ਲਾਹੌਰ ਵਿਚ ਗੁਰੂ ਰਾਮ ਦਾਸ ਸਾਹਿਬ ਜੀ ਧਰਮਸ਼ਾਲਾ ਦੀ ਸੇਵਾ-ਸੰਭਾਲੀ ਪਿੰਡ ਨਾਨੋਕੇ ਦੇ ਭਾਈ ਲੰਗਾਹ ਨੂੰ ਸੌਂਪੀ ਗਈ। ਅਪ੍ਰੈਲ 1698 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਵਾਸਤੇ ਮਨੀ ਸਿੰਘ ਜੀ ਨੂੰ ਤਾਇਨਾਤ ਕੀਤਾ ਸੀ। ਆਪ ਦੇ ਨਾਲ ਭਾਈ ਭੂਪਤ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਕੋਇਰ ਸਿੰਘ ਚੰਦਰਾ, ਭਾਈ ਦਾਨ ਸਿੰਘ ਤੇ ਭਾਈ ਕੀਰਤ ਸਿੰਘ ਭੇਜੇ ਗਏ ਸਨ। 5-6 ਦਸੰਬਰ 1705 ਦੀ ਰਾਤ ਨੂੰ ਜਦੋਂ ਦਸਵੇਂ ਪਾਤਿਸ਼ਾਹ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਆਪ ਅਨੰਦਪੁਰ ਸਾਹਿਬ ਦੀ ਸੇਵਾ-ਸੰਭਾਲ ਭਾਈ ਗੁਰਬਖਸ਼ ਦਾਸ ਨੂੰ ਸੌਂਪ ਗਏ ਸਨ। ਇਸੇ ਤਰ੍ਹਾਂ ਹੀ ਅਬਚਲ ਨਗਰ (ਹਜ਼ੂਰ ਸਾਹਿਬ) ਦੇ ਅਸਥਾਨਾਂ ਦੀ ਸੇਵਾ-ਸੰਭਾਲ ਭਾਈ ਸੰਤੋਖ ਸਿੰਘ ਨੂੰ ਦਿੱਤੀ ਗਈ ਸੀ। ਮਿਸਲਾਂ ਵੇਲੇ ਵੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ (ਸ਼ਹੀਦ) ਜਥੇਦਾਰ ਗੁਰਬਖਸ਼ ਸਿੰਘ ਕਰਦੇ ਰਹੇ ਸਨ। ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਸੇਵਾ ਬਾਬਾ ਦੀਪ ਸਿੰਘ ਕੋਲ ਸੀ। 18ਵੀਂ ਸਦੀ ਵਿਚ ਗੁਰਦੁਆਰਿਆਂ ਦੀ ਸੇਵਾ-ਸੰਭਾਲ ਬੁੱਢਾ ਦਲ ਕਰਦਾ ਰਿਹਾ ਸੀ। ਇਸ ਦਲ ਵਿਚੋਂ ਵੀ ਮਿਸਲ ਸ਼ਹੀਦਾਂ ਨੇ ਖਾਸ ਤੌਰ ’ਤੇ ਸੇਵਾ-ਸੰਭਾਲ ਕੀਤੀ। ਕੁਝ ਸਮੇਂ, ਜਦੋਂ ਸਿੱਖਾਂ ਨੂੰ ਪਨਾਹਗਾਹਾਂ ਵਿਚ ਰਹਿਣਾ ਪਿਆ, ਇਹ ਸੇਵਾ ਉਦਾਸੀ, ਗੋਪਾਲ ਦਾਸ ਨੇ ਵੀ ਕੀਤੀ। ਜਦੋਂ ਚੜ੍ਹਾਵਾ ਵੱਧ ਗਿਆ ਤਾਂ ਗੋਪਾਲ ਦਾਸ ਲਾਲਚੀ ਹੋ ਗਿਆ। ਉਸ ਦੀ ਰਿਸ਼ਵਤ ਨੂੰ ਠੱਲ੍ਹ ਪਾਉਣ ਵਾਸਤੇ ਚੰਚਲ ਸਿੰਘ, ਤੇ ਮਗਰੋਂ ਆਤਮਾ ਸਿੰਘ ਨੇ ਸੇਵਾ ਸੰਭਾਲੀ। ਇਸ ਮਗਰੋਂ ਬਾਬਾ ਨੈਣਾ ਸਿੰਘ ਅਕਾਲੀ ਤੇ ਫੇਰ ਫੂਲਾ ਸਿੰਘ ਅਕਾਲੀ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਕੀਤੀ। ਅਕਾਲੀ ਫੂਲਾ ਸਿੰਘ ਤੋਂ ਮਗਰੋਂ ਮਹੰਤਾਂ ਦੀ ਵਾਰੀ ਆ ਗਈ ਜੋ 1920 ਵਿਚ ਸਿੱਖ ਪੰਥ ਨੇ ਖ਼ਤਮ ਕਰ ਦਿੱਤੀ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਦਾ ਇੰਤਜ਼ਾਮ ਸੰਭਾਲਿਆ।

ਸਿੱਖਾਂ ਦਾ ਵਧੇਰੇ ਧਿਆਨ ਦਰਬਾਰ ਸਾਹਿਬ ਅਤੇ ਨਨਕਾਣਾ ਸਾਹਿਬ ਵੱਲ ਰਿਹਾ। ਕੀਰਤਪੁਰ ਅਤੇ ਅਨੰਦਪੁਰ ਸਾਹਿਬ ਸੋਢੀਆਂ ਦੀ ਸੇਵਾ-ਸੰਭਾਲ ਵਿਚ ਠੀਕ ਸਨ। ਗੁਰਦੁਆਰਿਆਂ ਵਿਚ ਸਭ ਤੋਂ ਵੱਡਾ ਮਸਲਾ ਇਹ ਹੈ ਕਿ ਮਹੰਤ ਉਨ੍ਹਾਂ ਨੂੰ ਆਪਣੀ ਜਾਇਦਾਦ ਸਮਝਦੇ ਸਨ। ਦਸੰਬਰ 1919 ਵਿਚ ਸਿੱਖ ਲੀਗ ਦਾ ਜਨਮ ਹੋਇਆ ਪਰ ਇਸ ਨੇ ਸਿਆਸੀ ਜਾਂ ਧਾਰਮਿਕ ਪੱਖੋਂ ਕੋਈ ਕਾਰਵਾਈ ਨਾ ਕੀਤੀ। ਚਾਰ ਪੰਜ ਮਹੀਨਿਆਂ ਦਾ ਸਮਾਂ ਲੰਘ ਜਾਣ ਮਗਰੋਂ ਵੀ ਸਿੱਖ ਲੀਗ ਅਜੇ ਸਿਰਫ ਕਾਗਜ਼ੀ ਜਥੇਬੰਦੀ ਸੀ। ਦੂਜੇ ਪਾਸੇ, ਸੰਜੀਦਾ ਸਿੱਖ ਲੀਡਰ ਗੁਰਦੁਆਰਿਆਂ ਦੀ ਤਰਸਯੋਗ ਹਾਲਤ ਤੋਂ ਵੀ ਚਿੰਤਾ ਵਿਚ ਸਨ। ਵੱਖ-ਵੱਖ ਇਲਾਕਿਆਂ ਵਿਚ ਸਿੱਖ ਆਗੂ ਗੁਰਦੁਆਰਿਆਂ ਦਾ ਇੰਤਜ਼ਾਮ ਠੀਕ ਕਰਵਾਉਣ ਵਾਸਤੇ ਵਿਚਾਰਾਂ ਕਰ ਰਹੇ ਸਨ। ਮਹੰਤਾਂ ਨੇ ਗੁਰਦੁਆਰਿਆਂ ਨੂੰ ਅਯਾਸ਼ੀ ਤੇ ਜ਼ੁਲਮਾਂ ਦੇ ਅੱਡੇ ਬਣਾਇਆ ਹੋਇਆ ਸੀ। ਦਰਬਾਰ ਸਾਹਿਬ ਦੀ ਹਾਲਤ ਸਭ ਤੋਂ ਮਾੜੀ ਹੋਣ ਕਰਕੇ ਸਿੱਖਾਂ ਦਾ ਧਿਆਨ ਸਭ ਤੋਂ ਪਹਿਲਾਂ ਇਸ ਪਾਸੇ ਦੇ ਮਹੰਤਾਂ ਨੂੰ ਹਟਾਉਣ ਵੱਲ ਗਿਆ। ਅੰਗਰੇਜ਼ਾਂ ਨੇ ਆਪਣੇ ਇੱਕ ਜੀ ਹਜ਼ੂਰੀ ਅਰੂੜ ਸਿੰਘ ਨੂੰ ਦਰਬਾਰ ਸਾਹਿਬ ਦਾ ਸਰਬਰਾਹ, ਥਾਪਿਆ ਹੋਇਆ ਸੀ। ਦਰਬਾਰ ਸਾਹਿਬ ਤਰਨਤਾਰਨ ਦੀ ਹਾਲਤ ਵੀ ਮਾੜੀ ਸੀ। ਗੁਰਦੁਆਰਾ ਅੰਮ੍ਰਿਤਸਰ ਤੇ ਤਰਨਤਾਰਨ ਦੋਵੇਂ, ਸਰਬਰਾਹ ਅਰੂੜ ਸਿੰਘ ਦੇ ਮਤਹਿਤ ਸਨ।

ਗੁਰਦੁਆਰਾ ਨਨਕਾਣਾ ਸਾਹਿਬ ਦਾ ਹਾਲ ਵੀ ਇਸੇ ਤਰ੍ਹਾਂ ਦਾ ਸੀ। ਪਹਿਲਾਂ ਮਹੰਤ ਸਾਧੂ ਰਾਮ ਬਾਅਦ ਵਿਚ ਕਿਸ਼ਨ ਦਾਸ ਅਤੇ ਨਰੈਣ ਦਾਸ ਇਥੋਂ ਦੇ ਮਹੰਤ ਸਨ। ਇਹ ਤਿੰਨੇ ਸ਼ਰਾਬੀ-ਕਬਾਬੀ ਅਤੇ ਅੱਯਾਸ਼ ਸਨ। ਸਿੱਖ ਸੰਗਤਾਂ ਇਨ੍ਹਾਂ ਦੀਆਂ ਕਰਤੂਤਾਂ ਤੋਂ ਦੁਖੀ ਸਨ। ਇਸੇ ਹੀ ਤਰ੍ਹਾਂ ਅਗਸਤ 1906 ਵਿਚ ਕਈ ਯਾਤਰੂਆਂ ਨੇ ਵੇਖਿਆ ਕਿ ਮੁਕਤਸਰ ਦੇ ਪੁਜਾਰੀ ਨੇ ਸ਼ਰਾਬ ਪੀਤੀ ਹੋਈ ਸੀ ਅਤੇ ਗਾਣ ਵਜਾਉਣ ਵਿਚ ਲੱਗਾ ਹੋਇਆ ਸੀ। ਮਹੰਤ ਮਿੱਠਾ ਸਿੰਘ (ਪੰਜਾ ਸਾਹਿਬ) ਨੇ ਗੁਰਦੁਆਰੇ ਦੀ ਜ਼ਮੀਨ ਆਪਣੇ ਨਾਮ ਕਰਾ ਲਈ ਸੀ।

ਮਹੰਤ ਮੁਕੰਦ ਸਿੰਘ (ਪਟਨਾ ਸਾਹਿਬ) ਨੇ ਸਿੱਖ ਸੰਗਤ ਦਾ ਤਖ਼ਤ ਤੇ ਜਾਣਾ ਬੰਦ ਕੀਤਾ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪੁਜਾਰੀ ਭਾਈ ਪ੍ਰਤਾਪ ਸਿੰਘ ਨੇ ਅਨੰਦ ਮੈਰਿਜ ਐਕਟ ਦਾ ਵਿਰੋਧ ਕੀਤਾ।

4 ਫਰਵਰੀ 1918 ਨੂੰ ਮਿਉਂਸਪਲ ਕਮੇਟੀ ਅੰਮ੍ਰਿਤਸਰ ਨੇ ਮਤਾ ਪਾਸ ਕੀਤਾ ਸੀ ਕਿ ਸਫਾਈ ਨੂੰ ਧਿਆਨ ਵਿਚ ਰੱਖ ਕੇ ਸੰਤੋਖਸਰ ਸਰੋਵਰ ਨੂੰ ਭਰ ਦਿੱਤਾ ਜਾਵੇ। (ਬਾਅਦ ਵਿਚ ਇਹ ਮਤਾ ਵਾਪਸ ਲੈ ਲਿਆ)। ਸੰਤੋਖਸਰ ਸਰੋਵਰ ਵਿਚ ਲੋਕਾਂ ਦਾ ਗੰਦਾ ਪਾਣੀ ਪੈਂਦਾ ਸੀ। ਲੋਕ ਜੋ ਵੀ ਕੱਪੜੇ ਧੋਂਦੇ ਬਰਤਨ ਸਾਫ ਕਰਦੇ ਅਤੇ ਹਲਵਾਈ ਆਪਣੇ ਬਰਤਨ ਉਥੇ ਸਾਫ ਕਰਿਆ ਕਰਦੇ ਸਨ। ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਮੰਡੀ ਲੱਗੀ ਹੁੰਦੀ ਸੀ। ਕਿਤੇ ਪੂਰੀ ਕਚੌਰੀ ਵਿਕ ਰਹੀ ਹੈ, ਕਿਤੇ ਭੰਗਵੇ ਕੱਪੜਿਆਂ ਵਿਚ ਭੇਸਧਾਰੀ ਧਰਮ ਦੀ ਆੜ ਵਿਚ ਕਈ ਗੁਨਾਹ ਕਰ ਰਹੇ ਸਨ।

ਉਸ ਸਮੇਂ ਇੱਕ ਹੋਰ ਸ਼ਰਮਨਾਕ ਸਿੱਖੀ ਵਿਰੋਧੀ ਹਰਕਤ ਇਹ ਸੀ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਫੱਟੇ ਲੱਗੇ ਹੋਏ ਸਨ, ਜਿਨ੍ਹਾਂ ਉੱਤੇ ਇਹ ਲਿਖਿਆ ਕਿ ਕੋਈ ਵੀ ਨੀਵੀਂ ਜਾਤੀ 11 ਵਜੇ ਤੋਂ ਪਹਿਲਾਂ ਦਾਖਿਲ ਨਾ ਹੋਵੇ। ਇਸ ਤਰ੍ਹਾਂ ਦੀ ਘਟਨਾ ਤੋਂ ਸਮੁੱਚਾ ਸਿੱਖ ਪੰਥ ਦਿਲੋਂ ਦੁਖੀ ਸੀ। ਸਿੱਖ ਅਖ਼ਬਾਰਾਂ (ਖ਼ਾਲਸਾ ਸਮਾਚਾਰ, ਖ਼ਾਲਸਾ ਐਡਵੋਕੇਟ, ਪੰਥ ਸੇਵਕ, ਦਾ ਖ਼ਾਲਸਾ, ਲਾਇਲ ਗ਼ਜ਼ਟ ਵਗੈਰਾ) ਇਸ ਬਾਰੇ ਲਿਖਦੀਆਂ ਰਹਿੰਦੀਆਂ ਸਨ ਪਰ ਨਾ ਤਾਂ ਸਰਕਾਰ ਨੇ ਇਸਦੀ ਪ੍ਰਵਾਹ ਕੀਤੀ ਅਤੇ ਨਾ ਹੀ ਪੁਜਾਰੀਆਂ ਦੀ ਸਥਿਤੀ ਵਿਚ ਕੋਈ ਸੁਧਾਰ ਆਇਆ ਸੀ। ਜਿਸ ਕਾਰਨ ਹਾਲਤ ਵਿਗੜਦੀ ਗਈ ਅਤੇ ਪੁਜਾਰੀ ਵਧੇਰੇ ਜ਼ਾਲਮ ਅਤੇ ਪਾਪੀ ਹੁੰਦੇ ਗਏ। ਅੰਮ੍ਰਿਤਸਰ ਦੇ ਜਿਲਿਆਂ ਵਾਲੇ ਬਾਗ ਵਿਚ 13 ਅਪ੍ਰੈਲ 1919 ਨੂੰ ਜਨਰਲ ਰੈਜਿਨਲ ਐਡਰਡ ਹੈਰੀ ਡਾਇਰ ਦੇ ਗੋਲੀ ਚਲਾਈ। ਇਸ ਘਟਨਾ ਪਿਛੋਂ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮਹੰਤਾਂ ਨੇ ਪੰਜਾਬ ਦੇ ਗਵਰਨਰ ਉਡਵਾਇਰ ਨੂੰ ਸਿਰੋਪਾ ਦਿੱਤਾ

ਸੀ। ਇਸ ਵਿਰੁੱਧ ਫ਼ੈਜ਼ਲਾਪੁਰ ਵਿਚ ਇੱਕ ਦੀਵਾਨ ਵਿਚ ਮਤਾ ਪਾਸ ਕੀਤਾ ਕਿ ਉਸ ਨੂੰ ਮਾਣ ਦੇਣ ਵਾਲੇ ਸੁੰਦਰ ਸਿੰਘ ਮਜੀਠਿਆ, ਅਰੂੜ ਸਿੰਘ ਸਰਬਰਾਹ, ਗੱਜਣ ਸਿੰਘ ਲੁਧਿਆਣਾ, ਰਸਾਲਦਾਰ ਗੋਪਾਲ ਸਿੰਘ ਭਾਗੋਵਾਲੀਆ ਨੂੰ ਕੋਈ ਫ਼ਤਹਿ ਨਾ ਬੁਲਾਵੇ।

ਮਾਸਟਰ ਮੋਤਾ ਸਿੰਘ ਅੰਮ੍ਰਿਤਸਰ ਆਏ ਅਤੇ ਉਨ੍ਹਾਂ ਨੇ ਸਲਾਹ ਦਿੱਤੀ ਕਿ ਸਿੱਖ ਪੰਥ ਦਾ ਇੱਕ ਸਰੱਬਤ ਖ਼ਾਲਸਾ ਇਕੱਠ ਬੁਲਾਇਆ ਜਾਏ ਅਤੇ ਉਸ ਵਿਚ ਗੁਰਦੁਆਰਾ ਸਾਹਿਬ ਦੇ ਇੰਤਜ਼ਾਮ ਵਾਸਤੇ ਇੱਕ ਪੰਥਕ ਕਮੇਟੀ ਚੁਣੀ ਜਾਏ।

ਅਕਤੂਬਰ ਦੇ ਅਖੀਰਲੇ ਹਫ਼ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਬਹੁਤ ਸਾਰੇ ਸਿੱਖ ਆਗੂ, ਪ੍ਰੋਫੈਸਰ ਅਤੇ ਸਟੂਡੈਂਟ ਇਕੱਠੇ ਹੋਏ। ਇਸ ਵਿਚ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ 'ਜਥੇਬੰਦੀ' ਬਣਾਉਣ ਬਾਰੇ ਵਿਚਾਰਾਂ ਹੋਈਆਂ। ਹਾਜ਼ਰ ਆਗੂਆਂ ਵਿਚੋਂ ਕੁਝ ਚਾਹੁੰਦੇ ਸਨ ਕਿ ਚੀਫ਼ ਖ਼ਾਲਸਾ ਦੀਵਾਨ ਦੇ ਆਈਨ ਵਿਚ ਸੁਧਾਰ ਕਰਕੇ ਇਸੇ ਨੂੰ ਗੁਰਦੁਆਰਿਆਂ ਦੀ ਸੇਵਾ-ਸੰਭਾਲ ਸੌਂਪ ਦਿੱਤੀ ਜਾਵੇ। ਮੀਟਿੰਗ ਨੇ ਬਾਵਾ ਹਰਕਿਸ਼ਨ ਸਿੰਘ ਵਲੋਂ ਪੇਸ਼ ਕੀਤਾ ਮਤਾ ਪਾਸ ਕੀਤਾ ਕਿ ਚੀਫ਼ ਖ਼ਾਲਸਾ ਦੀਵਾਨ ਦੇ ਆਗੂਆਂ ਨਾਲ ਗੱਲਬਾਤ ਕੀਤੀ ਜਾਵੇ, ਤਾਂ ਜੋ ਗੁਰਦੁਆਰਾ ਇੰਤਜ਼ਾਮ ਵਾਸਤੇ ਜਥੇਬੰਦੀ ਬਣਾਈ ਜਾ ਸਕੇ। ਇਸ ਸੰਬੰਧ ਵਿਚ ਇੱਕ ਕਮੇਟੀ ਬਣਾਈ ਗਈ। ਜਿਸਦੇ ਕੁੱਲ 35 ਮੈਂਬਰ ਸਨ। ਇਸ 35 ਮੈਂਬਰੀ ਕਮੇਟੀ ਨੇ ਚੀਫ਼ ਖ਼ਾਲਸਾ ਦੀਵਾਨ ਦੇ ਆਗੂਆਂ ਨਾਲ ਗੱਲਬਾਤ ਕੀਤੀ ਪਰ ਕੋਈ ਨਤੀਜਾ ਨਾ ਨਿਕਲਿਆ। ਇਸ 'ਤੇ ਵਿਚਾਰ ਕਰਨ ਵਾਸਤੇ ਇੱਕ ਇਕੱਠ ਅਕਾਲ ਤਖ਼ਤ ਸਾਹਿਬ 'ਤੇ 7 ਨਵੰਬਰ ਦੇ ਦਿਨ ਕੀਤਾ ਗਿਆ। ਇਸ ਇਕੱਠ ਵਿਚ ਫੈਸਲਾ ਕੀਤਾ ਗਿਆ ਕਿ ਸਿੱਖਾਂ ਕੋਲ ਇਸ ਤੋਂ ਸਿਵਾ ਕੋਈ ਹੋਰ ਚਾਰਾ ਨਹੀਂ ਰਿਹਾ ਕਿ 15 ਨਵੰਬਰ ਦੇ ਸਰਬੱਤ ਖ਼ਾਲਸਾ ਇਕੱਠ ਵਿਚ ਗੁਰਦੁਆਰਿਆਂ ਦੇ ਇੰਤਜ਼ਾਮ ਵਾਸਤੇ ਇੱਕ ਕਮੇਟੀ ਚੁਣੀ ਜਾਵੇ।

15 ਨਵੰਬਰ ਨੂੰ ਸਰੱਬਤ ਖ਼ਾਲਸਾ ਇਕੱਠ ਹੋਣਾ ਸੀ। ਇਸ ਤੋਂ 2 ਦਿਨ ਪਹਿਲਾਂ, 13

ਨਵੰਬਰ ਦੇ ਦਿਨ, ਮਹਾਰਾਜਾ ਭੁਪਿੰਦਰਾ ਸਿੰਘ (ਪਟਿਆਲਾ), ਨਿਹਾਲ ਸਿੰਘ ਪਟਿਆਲਾ, ਸੁੰਦਰ ਸਿੰਘ ਮਜੀਠਾ, ਬਚਿੱਤਰ ਸਿੰਘ ਪਟਿਆਲਾ, ਸੋਹਣ ਸਿੰਘ ਰਾਵਲਪਿੰਡੀ, ਰਘਬੀਰ ਸਿੰਘ ਸੰਧਾਂਵਾਲੀਆ, ਸੁੰਦਰ ਸਿੰਘ ਰਾਮਗੜ੍ਹੀਆ, ਤਖ਼ਤ ਸਿੰਘ ਫਿਰੋਜ਼ਪੁਰ, ਮਿਹਰ ਸਿੰਘ ਲਾਹੌਰ, ਫਤਹਿ ਸਿੰਘ ਗ੍ਰੰਥੀ, ਸ਼ਿਵਦੇਵ ਸਿੰਘ ਸਿਆਲਕੋਟ, ਮਾਨ ਸਿੰਘ ਅੰਬਾਲਾ ਅਤੇ ਪ੍ਰੋ. ਜੋਧ ਸਿੰਘ ਪੰਜਾਬ ਦੇ ਗਵਰਨਰ ਨੂੰ ਮਿਲੇ। ਉਨ੍ਹਾਂ ਸਾਰਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਨੂੰ ਰੋਕਣ ਦੀ ਸਕੀਮ ਬਣਾਈ। ਇਸ ਦੇ ਪਹਿਲੇ ਕਦਮ ਵਜੋਂ ਗਵਰਨਰ ਪੰਜਾਬ ਨੇ ਗੁਰਦੁਆਰਾ ਇੰਤਜ਼ਾਮ ਵਾਸਤੇ ਇੱਕ 36 ਮੈਂਬਰੀ ਕਮੇਟੀ ਦਾ ਐਲਾਨ ਕਰ ਦਿੱਤਾ। ਇਸ 36 ਮੈਂਬਰੀ ਕਮੇਟੀ ਦੇ ਪ੍ਰਧਾਨ ਸ੍ਰ. ਹਰਬੰਸ ਸਿੰਘ ਅਟਾਰੀ ਹੋਣੇ ਸਨ। ਸਰਕਾਰ ਵਲੋਂ ਨਾਮਜ਼ਦ ਕੀਤੇ 36 ਮੈਂਬਰਾਂ ਵਿਚੋਂ ਦੋ-ਤਿਹਾਈ ਤੋਂ ਵੱਧ ਸਰਕਾਰ ਦੇ ਖੁਸ਼ਾਮਦੀ ਸਨ। ਇਨ੍ਹਾਂ ਵਿਚੋਂ ਘਟੋ-ਘਟ 25 ਮੈਂਬਰ ਤਾਂ ਅੰਮ੍ਰਿਤਧਾਰੀ ਵੀ ਨਹੀਂ ਸਨ। ਮਹਾਰਾਜਾ ਪਟਿਆਲਾ ਅਤੇ ਸਰਕਾਰ ਦੇ ਹੋਰ ਖ਼ੈਰ-ਖ਼੍ਵਾਹ ਭਾਵੇਂ ਇਕੱਠੇ ਤਾਂ ਹੋ ਗਏ ਤੇ ਇੱਕ ਕਮੇਟੀ ਦਾ ਐਲਾਨ ਵੀ ਕਰ ਦਿੱਤਾ ਪਰ ਇਸ ਦੇ ਬਾਵਜੂਦ 15 ਨਵੰਬਰ 1920 ਦੇ ਦਿਨ ਸਰਬੱਤ ਖ਼ਾਲਸਾ ਇਕੱਠ ਹੋਇਆ। ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੀ ਗਈ। ਇਕੱਠ ਵਿਚ 150 ਦੇ ਕਰੀਬ ਮੈਂਬਰ ਚੁਣੇ ਗਏ। ਇਨ੍ਹਾਂ ਵਿਚੋਂ ਕੁਝ ਉਹ ਵੀ ਸਨ, ਜਿਨ੍ਹਾਂ ਦੇ ਨਾਂ ਸਰਕਾਰ ਦੀ 36 ਮੈਂਬਰੀ ਕਮੇਟੀ ਵੀ ਸਨ। ਸਰਕਾਰ ਨਾਲ ਟੱਕਰ ਰੋਕਣ ਵਾਸਤੇ ਫੈਸਲਾ ਹੋਇਆ ਕਿ ਸਰਕਾਰ ਦੀ ਕਮੇਟੀ ਵਾਲੇ ਜੋ ਮੈਂਬਰ ਸਰਬਤ ਖ਼ਾਲਸਾ ਇਕੱਠ ਵਿਚ ਚੁਣੇ ਨਹੀਂ ਗਏ ਸਨ, ਉਹ ਵੀ ਕਮੇਟੀ ਵਿਚ ਪਾ ਲਏ ਜਾਣ। ਇਸ ’ਤੇ ਕੁੱਲ ਗਿਣਤੀ 175 ਹੋ ਗਈ। ਅਗਲੇ ਦਿਨ ਪੰਜ ਪਿਆਰਿਆਂ ਨੇ ਇਨ੍ਹਾਂ ਮੈਂਬਰਾਂ ਦੀ ਸੁਧਾਈ ਸ਼ੁਰੂ ਕੀਤੀ। ਸੁਧਾਈ ਵਾਸਤੇ ਚੁਣੇ ਗਏ ਪੰਜ ਪਿਆਰੇ ਇਹ ਸਨ : ਜਥੇਦਾਰ ਬਲਵੰਤ ਸਿੰਘ ਕੁਲ੍ਹਾ, ਮਾਸਟਰ ਮੋਤਾ ਸਿੰਘ, ਬਾਵਾ ਹਰਕਿਸ਼ਨ ਸਿੰਘ, ਪ੍ਰੋ. ਤੇਜਾ ਸਿੰਘ ਮਸਤੂਆਣਾ ਅਤੇ

ਜਥੇਦਾਰ ਤੇਜ ਸਿੰਘ ਭੁੱਚਰ। ਇਸ ਮੌਕੇ ’ਤੇ ਪ੍ਰੋ. ਤੇਜਾ ਸਿੰਘ ਬਾਰੇ ਇਹ ਇਤਰਾਜ਼ ਉਠਾਇਆ ਗਿਆ ਕਿ ਉਹ ਆਪਣੇ ਆਪ ਨੂੰ ਸੰਤ ਕਹਾਉਂਦੇ ਹਨ ਅਤੇ ਮੱਥਾ ਵੀ ਟਿਕਾਉਂਦੇ ਹਨ। ਪ੍ਰੋ. ਤੇਜਾ ਸਿੰਘ ਨੇ ਅਕਾਲ ਤਖ਼ਤ ਸਾਹਿਬ ’ਤੇ ਐਲਾਨ ਕੀਤਾ ਕਿ ਉਹ ਅੱਗੋਂ ਤੋਂ ਆਪਣੇ ਆਪ ਨੂੰ ਸੰਤ ਨਹੀਂ ਕਹਾਉਣਗੇ ਅਤੇ ਕਿਸੇ ਨੂੰ ਆਪਣੇ ਅੱਗੇ ਮੱਥਾ ਨਹੀਂ ਟੇਕਣ ਦੇਣਗੇ। ਮਾਸਟਰ ਮੋਤਾ ਸਿੰਘ ਦੇ ਗ਼ੈਰ-ਹਾਜ਼ਰ ਹੋਣ ਕਰਕੇ ਭਾਈ ਜੋਧ ਸਿੰਘ ਨੂੰ ਪੰਜਵਾਂ ਮੈਂਬਰ ਲਿਆ ਗਿਆ। ਭਾਈ ਬਲਵੰਤ ਸਿੰਘ ਕੇਸਗੜ੍ਹ ਸਾਹਿਬ ਵਾਲਿਆਂ ਨੇ ਗ੍ਰੰਥੀ ਵਜੋਂ ਸੇਵਾ ਨਿਭਾਈ।

ਪੰਜਾ ਸਾਹਿਬ ਗੁਰਦੁਆਰੇ ’ਤੇ ਕਬਜ਼ਾ ਕਰਨ ਵੇਲੇ ਜ. ਕਰਤਾਰ ਸਿੰਘ ਝੱਬਰ ਨੇ ਮਹਿਸੂਸ ਕੀਤਾ ਕਿ ਗੁਰਦੁਆਰਿਆਂ ’ਤੇ ਕਬਜ਼ਾ ਕਰਨ ਤੋਂ ਮਗਰੋਂ ਇਸ ਨੂੰ ਕਾਇਮ ਰੱਖਣ ਵਾਸਤੇ ਇੱਕ ਪੱਕੀ ਜਥੇਬੰਦੀ ਦੀ ਜ਼ਰੂਰਤ ਹੈ। ਜਦੋਂ ਵੀ ਲੋੜ ਮਹਿਸੂਸ ਹੋਵੇ, ਇਸ ਜਥੇਬੰਦੀ ਨੂੰ ਬੁਲਾ ਲਿਆ ਜਾਵੇ ਕਿਉਂਕਿ ਪੰਜਾ ਸਾਹਿਬ ਵਿਚ ਮਹੰਤ ਦੀ ਵਿਧਵਾ ਨੇ ਔਰਤਾਂ ਤੋਂ ਵੀ ਹਮਲਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ, ਇਸ ਕਰਕੇ ਇਸ ‘ਅਕਾਲੀ’ ਫੌਜ ਵਿਚ ਕੁਝ ਬੀਬੀਆਂ ਨੇ ਵੀ ਸ਼ਾਮਿਲ ਕੀਤੀਆਂ ਜਾਣ। 175 ਮੈਂਬਰ ਬਣਨ ਤੋਂ ਬਾਅਦ ਮਾਸਟਰ ਮੋਤਾ ਸਿੰਘ ਨੇ ਇਹ ਤਜਵੀਜ਼ ਕੀਤੀ ਕਿ ਕਮੇਟੀ ਦੇ ਨਾਲ ਇੱਕ ਗੁਰਦੁਆਰਾ ਸੇਵਕ ਦਲ ਬਣਾਇਆ ਜਾਵੇ, ਜਿਹੜਾ ਮਹੰਤਾਂ ਤੋਂ ਇੰਤਜ਼ਾਮ ਲਵੇ। ਇਹ ਕੁਲ 500 ਸਿੰਘ ਹੋਣ। ਇਨ੍ਹਾਂ ਵਿਚੋਂ 100 ਤਿਆਰ-ਬਰ-ਤਿਆਰ ਤਨਖ਼ਾਹਦਾਰ ਹੋਣ ਅਤੇ 400 ਰੀਜ਼ਰਵ ਹੋਣ, ਬਗ਼ੈਰ ਤਨਖ਼ਾਹ ਤੋਂ। ਜਿਥੇ ਹਾਲਤ ਵਿਗੜਦੀ ਹੋਈ ਦਿਸਦੀ ਹੋਵੇ, ਉਸ ਗੁਰਦੁਆਰੇ ਲਈ ਅਕਾਲ ਤਖ਼ਤ ਸਾਹਿਬ ’ਤੇ ਸੱਦ ਕੇ ਜਥਾ ਤੋਰ ਦਿੱਤਾ ਜਾਵੇ। ਇਹ ਡਿਊਟੀ ਇੱਕ ਕਮੇਟੀ ਲਵੇ, ਜੋ 175 ਵਿਚੋਂ 25 ਮੈਂਬਰ ਚੁਣ ਕੇ ਬਣੇ। ਇਸ ਦਲ ਦੇ ਐਕਸ਼ਨ ਦੀ ਜ਼ਿੰਮੇਵਾਰੀ ਅਸੀਂ ਲੈਂਦੇ ਹਾਂ। 26 ਨਵੰਬਰ ਦੇ ਦਿਨ ਪੰਜਾ ਸਾਹਿਬ ਦੇ ਇਕੱਠ ਵਿਚ ਇਸ ਦਾ ਮੁੱਢ ਵੀ ਬੰਨ੍ਹਿਆ

ਗਿਆ ਸੀ। ਉਸੇ ਵੇਲੇ ਹੀ 50 ਸਿੰਘਾਂ ਨੇ ਆਪਣੇ ਆਪ ਨੂੰ ਪੇਸ਼ ਵੀ ਕੀਤਾ ਸੀ।

ਇਸ ਗੁਰਦੁਆਰਾ ਸੇਵਕ ਦਲ ਜਾਂ ਅਕਾਲੀ ਦਲ ਦੀ ਸੈਂਟਰਲ ਬਾਡੀ ਦੀ ਕਾਇਮੀ ਵਾਸਤੇ ਇੱਕ ਇਕੱਠ 14 ਦਸੰਬਰ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਬੁਲਾ ਲਿਆ ਗਿਆ। ਇਸ ਇਕੱਠ ਵਿਚ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਤਜਵੀਜ਼ ਕੀਤੀ 'ਸਮਾਂ ਸਾਨੂੰ ਮਜਬੂਰ ਕਰ ਰਿਹਾ ਹੈ ਕਿ ਗੁਰਦੁਆਰਿਆਂ ਦਾ ਸੁਧਾਰ ਝੱਟਪਟ ਕੀਤਾ ਜਾਵੇ ਅਤੇ ਇਸ ਲਈ ਹਰ ਇੱਕ ਦੀ ਕੁਰਬਾਨੀ ਦੀ ਲੋੜ ਹੈ। ਸੋ ਇਸ ਤਰ੍ਹਾਂ ਕੀਤਾ ਜਾਵੇ ਕਿ ਅਕਾਲੀ ਦਲ ਕਾਇਮ ਕੀਤਾ ਜਾਵੇ। ਇਸ ਦੇ ਸੇਵਕ ਘੱਟੋ-ਘੱਟ ਇੱਕ ਮਹੀਨਾ ਸਾਲ ਵਿਚ ਪੰਥ ਨੂੰ ਅਰਪਣ ਕਰਨ। ਕੇਂਦਰ ਅੰਮ੍ਰਿਤਸਰ ਹੋਵੇ, ਜਿਥੇ ਹਰ ਵੇਲੇ 100 ਸਿੰਘ ਹਾਜ਼ਰ ਰਹਿਣ ਅਤੇ ਜਿਥੇ ਜਿੰਨੇ ਸਿੰਘ ਲੋੜ ਪਵੇ ਭੇਜੇ ਜਾਣ। ਇਲਾਕਿਆਂ ਵਿਚ ਇਸ ਦੀਆਂ ਸ਼ਾਖਾ ਬਣਾਈਆਂ ਜਾਣ।" ਇਸ 'ਤੇ ਇਕੱਠ ਨੇ ਇੱਕ-ਰਾਇ ਨਾਲ ਮਤਾ ਪਾਸ ਕੀਤਾ ਕਿ 23 ਜਨਵਰੀ ਨੂੰ ਸੰਗਤਾਂ ਤਖ਼ਤ ਅਕਾਲ ਬੁੰਗੇ ਹੁੰਮ-ਹੁੰਮਾ ਕੇ ਆਉਣ ਤੇ ਜੱਥਾ ਕਾਇਮ ਕੀਤਾ ਜਾਵੇ। 14 ਦਸੰਬਰ 1920 ਦੇ ਇਕੱਠ ਤੋਂ ਪਹਿਲਾਂ ਅਤੇ ਮਗਰੋਂ ਵੀ ਕਈ ਅਕਾਲੀ ਜਥੇ ਕਾਇਮ ਹੋਏ। ਇਨ੍ਹਾਂ ਵਿਚੋਂ ਅਕਾਲੀ ਜਥਾ ਖਰਾ ਸੌਦਾ (ਜਥੇਦਾਰ ਕਰਤਾਰ ਸਿੰਘ ਝੱਬਰ), ਗੜਗਜ ਅਕਾਲੀ ਜਥਾ ਤਰਨ ਤਾਰਨ (ਜਥੇਦਾਰ ਤੇਜਾ ਸਿੰਘ ਭੁੱਚਰ) ਸ਼ਹੀਦੀ ਦੀਵਾਨ ਬਾਰ ਧਾਰੋਵਾਲੀ (ਜਥੇਦਾਰ ਸੰਗਤ ਸਿੰਘ) ਮੁਖ ਜਥੇ ਸਨ। ਹੋਰ ਪਿੰਡਾਂ, ਕਸਬਿਆਂ ਤੇ ਸ਼ਹਿਰਾ ਵਿਚ ਵੀ ਅਕਾਲੀ ਜਥੇ ਕਾਇਮ ਹੋਏ ਸਨ। 30 ਦਸੰਬਰ ਨੂੰ ਖਰਾ ਸੌਦਾ 'ਚ ਵੀ ਇੱਕ ਇਕੱਠ ਹੋਇਆ। ਇਸ ਵਿਚ ਜ. ਝੱਬਰ ਨੇ ਮਤਾ ਪੇਸ਼ ਕੀਤਾ ਕਿ ਗੁਰਦੁਆਰਿਆਂ ਦੇ ਸੁਧਾਰ ਵਾਸਤੇ ਅਕਾਲੀ ਦੀ ਜਿਲ੍ਹਾ ਸ਼ੇਖੂਪੁਰਾ) ਕਾਇਮ ਕੀਤਾ ਜਾਵੇ। ਸ. ਲੱਖਾ ਸਿੰਘ ਨੇ ਇਸ ਦੀ ਤਾਈਦ ਕੀਤੀ। ਉਸੇ ਵੇਲੇ 31 ਸੱਜਣ ਭਰਤੀ ਹੋ ਗਏ। ਇਸ ਦਲ ਦਾ ਜਥੇਦਾਰ ਜ. ਝੱਬਰ ਨੂੰ ਚੁਣਿਆ ਗਿਆ। ਮੀਤ ਜਥੇਦਾਰ ਸ. ਲੱਖਾ ਸਿੰਘ, ਸੇਵਕ (ਸਕੱਤਰ) ਸ. ਸੁੱਚਾ ਸਿੰਘ ਤੇ

ਮੀਤ ਸੇਵਕ ਸ. ਤੇਜਾ ਸਿੰਘ ਚੂਹੜਕਾਨਾ ਚੁਣੇ ਗਏ।

14 ਦਸੰਬਰ ਦੇ ਇਕੱਠ ਵਿਚ ਇਸ ਗੁਰਦੁਆਰਾ ਸੇਵਕ ਦਲ ਦੀ ਕਾਇਮੀ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਸ ਸੰਬੰਧ ਵਿਚ 23 ਜਨਵਰੀ 1921 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਇਕੱਠ ਬੁਲਾਇਆ ਗਿਆ ਸੀ। ਇਸ ਵਿਚ ਜਥੇਬੰਦੀ ਦਾ ਨਾ ਮਨਜ਼ੂਰ ਕਰਨਾ ਸੀ ਅਤੇ ਸੇਵਕ (ਅਹੁਦੇਦਾਰ) ਚੁਣੇ ਜਾਣੇ ਸਨ। ਇਹ ਮੀਟਿੰਗ ਦੋ ਦਿਨ ਚੱਲੀ। ਇਸ ਮੀਟਿੰਗ ਵਿਚ ਭਾਈ ਅਰਜਨ ਸਿੰਘ ਧੀਰਕੇ ਨੇ ਸੁਝਾਅ ਦਿੱਤਾ ਕਿ ਜਥੇਬੰਦੀ ਦਾ ਨਾਂ ਗੁਰਦੁਆਰਾ ਸੇਵਕ ਦਲ' ਰੱਖਿਆ ਜਾਵੇ ਪਰ ਅਖੀਰ ਇਸ ਦਾ ਨਾਂ 'ਅਕਾਲੀ ਦਲ' ਹੀ ਸਭ ਨੇ ਮਨਜੂਰ ਕੀਤਾ। ਇਸ ਦਲ ਦੇ ਪਹਿਲੇ ਜਥੇਦਾਰ ਸੀ ਸਰਮੁਖ ਸਿੰਘ ਝਬਾਲ ਚੁਣੇ ਗਏ। (ਮਗਰੋਂ 29 ਮਾਰਚ 1922 ਦੇ ਦਿਨ ਅਕਾਲੀ ਦਲ ਨੇ, ਆਪਣੇ ਛੇਵੇਂ ਮਤੇ ਮੁਤਾਬਿਕ, ਜਥੇਬੰਦੀ ਦਾ ਨਾਂ 'ਸ਼੍ਰੋਮਣੀ ਅਕਾਲੀ ਦਲ' ਰੱਖ ਲਿਆ)। ਅਕਾਲੀ ਦਲ ਨੇ ਦੋ ਨੁਕਾਤੀ ਪ੍ਰੋਗਰਾਮ ਐਲਾਨਿਆ : ਪਹਿਲਾ ਅਕਾਲੀ ਦਲ ਜਥਿਆਂ ਨੂੰ ਇਕੱਠੇ ਕਰਕੇ ਪੰਥ ਦੀ ਸੇਵਾ ਕਰਨੀ। ਦੂਜਾ ਗੁਰਦੁਆਰਿਆਂ ਦੀ ਸੇਵਾ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਉੱਤੇ ਅਮਲ ਕਰਨਾ। 25 ਜਨਵਰੀ 1921 ਦੇ ਦਿਨ ਤਰਨ ਤਾਰਨ ਅਤੇ 20 ਫਰਵਰੀ 1921 ਦੇ ਦਿਨ ਨਨਕਾਣਾ ਸਾਹਿਬ ਦੀਆਂ ਸ਼ਹੀਦੀਆਂ ਮਗਰੋਂ ਅਕਾਲੀ ਦਲ ਦਾ ਕੰਮ ਤੇਜ਼ੀ ਨਾਲ ਸ਼ੁਰੂ ਹੋ ਗਿਆ। ਹਰ ਪਾਸੇ ਜਥੇ ਕਾਇਮ ਹੋਣ ਲੱਗ ਪਏ। ਇੰਨੀ ਦਿਨੀਂ ਹੀ ਇੱਕ ਕਾਨਫਰੰਸ 4-5, 1921 ਦੇ ਦਿਨ ਨਨਕਾਣਾ ਸਾਹਿਬ ਵਿਖੇ ਹੋਈ। ਇਸ ਕਾਨਫਰੰਸ ਵਿਚ ਸਿੱਖ ਪਹਿਲੀ ਵਾਰੀ ਕਾਲੇ ਦਸਤਾਰੇ ਸਜਾ ਕੇ ਪੁੱਜੇ। ਦੀਵਾਨ ਵਿਚ ਅਕਾਲੀ ਜਥੇ ਦੇ ਅਸੂਲ ਸੁਣਾ ਕੇ ਭਰਤੀ ਸ਼ੁਰੂ ਕੀਤੀ ਗਈ। ਬਾਬਾ ਖੜਕ ਸਿੰਘ ਨੇ ਸਭ ਤੋਂ ਪਹਿਲਾਂ ਆਪਣਾ ਨਾਂ ਲਿਖਵਾਇਆ। 22 ਫਰਵਰੀ 1922 ਦੇ ਦਿਨ ਵੀ. ਡਬਲਯੂ ਸਮਿੱਥ, ਬਰਤਾਨਵੀ ਸਰਕਾਰ ਦੇ ਪੰਜਾਬ ਦੇ ਕਰਿਮੀਨਲ ਇਨਵੈਸਟੀਗੇਸ਼ਨ ਡਿਪਾਰਟਮੈਂਟ (ਸੀ.ਆਈ.ਡੀ.) ਦੇ ਐਸ.ਪੀ.

(ਸਿਆਸੀ), ਨੇ ਵਾਇਸਰਾਏ ਨੂੰ ਭੇਜੀ ਆਪਣੀ ਖੁਫੀਆ ਰਿਪੋਰਟ ਵਿਚ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਇੱਕ ਲੰਬੀ-ਚੌੜੀ ਤਫ਼ਸੀਲ ਦਿੱਤੀ ਸੀ।

1920 ਦੀਆਂ ਗਰਮੀਆਂ ਵਿਚ, ਵੰਡੀਆਂ ਕਿਰਪਾਨਾਂ ਚੁੱਕੀ, ਗੂੜ੍ਹੀਆਂ ਨੀਲੀਆਂ ਪੱਗਾਂ ਵਾਲੇ ਅਕਾਲੀ, ਪਹਿਲੀ ਵਾਰੀ ਅਵਾਮ ਵਿਚ ਆਏ। ਵੇਖਣ ਵਿਚ ਭਾਵੇਂ ਉਹ ਗਰਮ ਦਲੀਏ ਜਾਪਦੇ ਸਨ, ਪਰ ਉਹ ਨੁਕਸਾਨਹੀਣ ਸਨ। ਹੌਲੀ-ਹੌਲੀ ਉਨ੍ਹਾਂ ਦੀ ਗਿਣਤੀ ਵਧਣ ਲੱਗੀ। ਇਸ ਦੇ ਨਾਲ ਹੀ ਕਿਰਪਾਨਾਂ ਦਾ ਸਾਈਜ਼ ਵੀ ਵੱਧਣ ਲੱਗਾ। ਗੁਰਦੁਆਰਾ ਸੁਧਾਰ ਲਹਿਰ ਆਪਣੀ ਸਹੀ ਸ਼ਕਲ ਵਿਚ 1920 ਦੀਆਂ ਗਰਮੀਆਂ ਤੇ ਪੱਤਝੜ ਵਿਚ ਆਈ। ਪਹਿਲਾ ਝਗੜੇ ਵਾਲਾ ਥਾਂ ਲਾਹੌਰ ਸ਼ਹਿਰ ਵਿਚ ਚੁਮਾਲਾ ਸਾਹਿਬ ਗੁਰਦੁਆਰਾ ਤੇ ਸਿਆਲਕੋਟ ਵਿਚ ਬਾਬੇ ਦੀ ਬੇਰ ਸੀ। ਚੁਮਾਲਾ ਸਾਹਿਬ ਦੇ ਝਗੜੇ ਵਿਚ ਬੜੇ ਪ੍ਰਸਿੱਧ ਸਿੱਖਾ ਨੇ ਐਜੀਟੇਸ਼ਨ ਵਿਚ ਹਿੱਸਾ ਲਿਆ। ਉਨ੍ਹਾਂ ਨੇ ਕਾਲੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ, ਕਿਰਪਾਨਾਂ ਚੁੱਕੀਆਂ ਹੋਇਆਂ ਸਨ। ਆਪਣੇ ਆਪ ਨੂੰ ਅਕਾਲੀ ਕਹਿੰਦੇ ਸਨ। ਜਿਵੇਂ ਜਿਵੇਂ ਗੁਰਦੁਆਰਾ ਲਹਿਰ ਦਾ ਮੂੰਹ-ਮੱਥਾ ਬਣਦਾ ਗਿਆ, ਚੰਗੇ ਸੁਚੱਜੇ ਢੰਗ ਨਾਲ ਲੋਕਲ ਜਥੇਬੰਦ ਯੂਨਿਟਾਂ ਬਣਦੀਆਂ ਗਈਆਂ। ਅੰਮ੍ਰਿਤਸਰ ਅਕਾਲੀਆਂ ਦੀ ਭਰਤੀ ਵਾਲਾ ਪਹਿਲਾ ਜ਼ਿਲ੍ਹਾ ਸੀ। ਤਰਨ ਤਾਰਨ ਵਿਚ ਮੱਸਿਆ ਮੌਕੇ 12 ਸਤੰਬਰ ਨੂੰ ਇੱਕ ਸਿੱਖ ਲੀਗ ਦੇ ਦੀਵਾਨ ਵਿਚ ਸ. ਅਮਰ ਸਿੰਘ ਝਬਾਲ ਨੇ ਗੁਰਦੁਆਰਾ ਰਕਾਬ ਗੰਜ ਦੀਵਾਰ ਨੂੰ ਮੁੜ ਉਸਾਰਨ ਵਾਸਤੇ ਸੰਗਤਾਂ ਨੂੰ ਸ਼ਹੀਦੀ ਪ੍ਰਾਪਤ ਕਰਨ ਲਈ ਤਿਆਰ ਹੋਣ ਨੂੰ ਕਿਹਾ। ਕੋਈ 70-80 ਸਿੰਘਾਂ ਨੇ ਆਪਣੇ ਨਾਮ ਪੇਸ਼ ਕੀਤੇ। ਆਪਣੇ ਭਰਾ ਜਸਵੰਤ ਸਿੰਘ ਝਬਾਲ, ਤੇਜਾ ਸਿੰਘ ਭੁੱਚਰ ਤੇ ਹੋਰ ਕੁਝ ਘੱਟ ਮਸ਼ਹੂਰ ਸਿੱਖ ਆਗੂਆਂ ਦੀ ਮਦਦ ਨਾਲ ਉਸ ਨੇ ਅਕਾਲੀਆਂ ਦੀ ਭਰਤੀ ਦਾ ਲਗਾਤਰ ਕੰਮ ਸ਼ੁਰੂ ਕੀਤਾ ਤਾਂ ਜੋ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ’ਤੇ ਕਬਜ਼ਾ ਕੀਤਾ ਜਾ ਸਕੇ। ਤਰਨਤਾਰਨ ਦੇ ਮਾਮਲੇ ਵਿਚ ਤੇਜਾ ਸਿੰਘ

ਭੁੱਚਰ ਦੀ ਗ੍ਰਿਫ਼ਤਾਰੀ ਤੇ ਇੱਕ ਦਮ ਜਾਨਸ਼ੀਨ ਨੀਯਤ ਕਰ ਦਿੱਤਾ ਗਿਆ। ਹੁਣ ਸ਼੍ਰੋਮਣੀ ਕਮੇਟੀ ਤੋਂ ਵੀ ਮਦਦ ਆ ਗਈ, ਜਿਸ ਦੇ ਹੱਥ ਇਸ ਲਹਿਰ ਦੀ ਵਾਗਡੋਰ ਸੀ।

ਅਕਾਲੀਆਂ ਵਿਚ ਅਪ੍ਰੈਲ, ਮਈ ਅਤੇ ਜੂਨ ਦੀ ਇਸ ਛੋਟੀ ਹਿਲਜੁਲ ਤੋਂ ਪਿਛੋਂ ਕੁਝ ਦੇਰ ਮਗਰੋਂ ਨਵਾਂ ਜੋਸ਼ ਪੈਦਾ ਹੋਇਆ। ਸ਼੍ਰੋਮਣੀ ਕਮੇਟੀ ਨੇ ਨਿਸ਼ਚੇ ਹੀ ਨਾ-ਮਿਲਵਰਤਣ ਦੀ ਯੋਜਨਾ ਅਪਣਾ ਕੇ ਹਰ ਹੀਲੇ ਆਪਣਾ ਉਦੇਸ਼ ਪੂਰਾ ਕਰਨ ਦਾ ਫੈਸਲਾ ਕੀਤਾ। ਇਸ ਹਰ ਹੀਲੇ ਵਿਚ ਤਸ਼ੱਦਦ ਸ਼ਾਮਿਲ ਨਹੀਂ ਸੀ। ਇਸ ਨੇ ਹਰ ਪਾਸੇ ਅਕਾਲੀਆਂ ਵਿਚ ਨਵਾਂ ਜੋਸ਼ ਭਰਨ ਦੀ ਲਹਿਰ ਚਲਾਈ ਅਤੇ ਜ਼ਿਲ੍ਹਾ ਵਾਰ ਗਿਣਤੀ ਨੀਯਤ ਕਰਕੇ 5000 ਦਾ ਉਨ੍ਹਾਂ ਸ਼ਹੀਦਾਂ ਦਾ ਜੱਥਾ ਤਿਆਰ ਕਰਨ ਦਾ ਫੈਸਲਾ ਕੀਤਾ, ਜਿਹੜੇ ਗੁਰਦੁਆਰਾ ਸੁਧਾਰਾ ਵਾਸਤੇ ਜ਼ਿੰਦਗੀ ਦੇਣ ਲਈ ਤਿਆਰ ਹੋਣ। ਇਸ ਅਪੀਲ ’ਤੇ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਨੇ ਨਾ ਦਿੱਤੇ, ਇਸ ਦੀ ਠੀਕ ਠੀਕ ਗਿਣਤੀ ਪਤਾ ਨਹੀਂ। ਸਰਕਾਰੀ ਰਿਪੋਰਟ ਅਨੁਸਾਰ ਇਹ ਗਿਣਤੀ 5000 ਤੋਂ ਘੱਟ ਸੀ ਪਰ ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਕਿ ਇਹ ਮਿਲਵਰਤਣ ਅਪੀਲ ਦੀ ਗਿਣਤੀ ਤੋਂ ਕਿਤੇ ਵਧੇਰੇ ਸੀ। ਨਵੰਬਰ ਦੀ ਪੂਰਨਮਾਸ਼ੀ ਦੇ ਦਿਨ ਨਨਕਾਣਾ ਸਾਹਿਬ ਵਿਖੇ ਅਕਾਲੀਆਂ ਦਾ ਨਜ਼ਾਰਾ ਇਹ ਸਾਬਿਤ ਕਰਦਾ ਹੈ ਕਿ ਸਰਕਾਰੀ ਰਿਪੋਰਟ ਗਲਤ ਸੀ।

ਨਾਭਾ, ਪਟਿਆਲਾ ਅਤੇ ਕਪੂਰਥਲਾ ਰਿਆਸਤਾਂ ਵਿਚੋਂ ਲੋਕ ਵੱਡੀ ਗਿਣਤੀ ਵਿਚ ਅਕਾਲੀ ਦਲ ਸ਼ਾਮਿਲ ਹੋਏ। ਫੁਲਕੀਆ ਰਿਆਸਤ ਵਿਚੋਂ ਵੀ ਸਾਡੇ ਚਾਰ ਹਜ਼ਾਰ ਦੇ ਕਰੀਬ ਅਕਾਲੀ ਦਲ ਦੀ ਭਰਤੀ ਹੋਈ ਜੋ ਵੀ ਅਕਾਲੀ ਦਲ ਸ਼ਾਮਿਲ ਹੁੰਦਾ ਉਸ ਕੋਲੋਂ ਇਹ ਸਹੁੰ ਚੁਕਵਾਈ ਜਾਂਦੀ ਸੀ। ‘ਮੈਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਵਾਇਦਾ ਕਰਦਾ ਹਾਂ ਕਿ ਮੈਂ ਗੁਰਦੁਆਰਾ ਸੁਧਾਰ ਵਾਸਤੇ ਤਨ, ਮਨ ਕੁਰਬਾਨ ਕਰ ਦੇਵਾਂਗਾ। ਇਸ ਸੰਬੰਧੀ ਮੈਂ ਆਪ ਜਥੇਦਾਰ ਦੇ ਹੁਕਮ ਵਿਚ ਰਹਾਂਗਾ। ਵੱਡੀ ਤੋਂ ਵੱਡੀ ਮੁਸੀਬਤ ਵਿਚ ਵੀ ਮੈਂ ਕਿਸੇ ਨੂੰ

ਕਬੋਲ ਨਹੀਂ ਕਰਾਂਗਾ ਤੇ ਨਾ ਹੀ ਤਸ਼ੱਦਦ ਕਰਾਂਗਾ।'[2]

ਅਕਾਲੀ ਦਲ ਵਿਚ ਔਰਤਾਂ ਵੀ ਵੱਡੀ ਗਿਣਤੀ ਵਿਚ ਸ਼ਾਮਿਲ ਹੋਣ ਲੱਗੀਆਂ ਭਾਵੇਂ ਉਨ੍ਹਾਂ ਦਾ ਮੁੱਖ ਕੰਮ ਅਕਾਲੀ ਦਲ ਬਾਰੇ ਪ੍ਰਚਾਰ ਕਰਨਾ ਅਤੇ ਸਟੇਜ ਤੇ ਬੋਲਣ ਤੱਕ ਹੀ ਸੀਮਿਤ ਸੀ।ਸ਼੍ਰੋਮਣੀ ਕਮੇਟੀ ਨੇ ਪੁਰਜ਼ੋਰ ਕੋਸ਼ਿਸ਼ ਕੀਤੀ ਕਿ ਅਕਾਲੀ ਦਲ ਇੱਕ ਅਨੁਸਾਸ਼ਨ ਵਾਲੀ ਵਧੀਆ ਜਥੇਬੰਦੀ ਬਣੇ ਅਤੇ ਕਾਮਯਾਬੀ ਹਾਸਿਲ ਕਰੇ ਅਤੇ ਦੂਰ-ਦੁਰਾਂਡੇ ਪਿੰਡ ਵਿਚ ਬੈਠੇ ਅਕਾਲੀਆਂ ਤੱਕ ਏਕਤਾ ਅਤੇ ਰਾਜਕਤਾ ਰੱਖਣ ਵਾਸਤੇ ਹਰ ਸੰਭਵ ਯਤਨ ਕਰਕੇ ਕਾਮਯਾਬੀ ਹਾਸਿਲ ਕਰੇ। ਸ਼੍ਰੋਮਣੀ ਕਮੇਟੀ ਨੇ ਹਮੇਸ਼ਾ ਇਸ ਗੱਲ ਦਾ ਯਤਨ ਕੀਤਾ ਕਿ ਅਕਾਲੀ ਲਹਿਰ ਧਾਰਮਿਕ ਅਤੇ ਗੈਰ ਸਿਆਸੀ ਅਤੇ ਅਕਾਲੀ ਦਲ ਦਾ ਇਹੋ ਇੱਕ ਨਿਸ਼ਾਨਾ ਕਿ ਸਾਰੇ ਸਿੱਖ ਗੁਰਦੁਆਰੇ ਦਾ ਪ੍ਰਬੰਧ ਵਿਚ ਸੁਧਾਰ ਕਰਨਾ ਹੈ ਪਰ ਇਹ ਸਪੱਸ਼ਟ ਹੈ ਕਿ ਕਮੇਟੀ ਦਾ ਕੰਟਰੋਲ ਗਰਮ ਖਿਆਲੀ ਲੋਕਾਂ ਵੱਲ ਹੈ ਜਿਨ੍ਹਾਂ ਦਾ ਕਬਜ਼ਾ ਸਿੱਖ ਲੀਗ ਉੱਤੇ ਹੈ ਜਿਹੜੀ ਕਿ ਬਹੁਤ ਹੀ ਮਹੱਤਵਪੂਰਨ ਅਤੇ ਤਰੱਕੀ ਕਰਨ ਵਾਲੀ ਜਥੇਬੰਦੀ ਹੈ। ਪਿਛਲੇ ਕੁਝ ਸਮੇਂ ਤੋਂ ਸਿੱਖ ਕੌਮ ਵਿਚ ਇਹ ਤਬਦੀਲੀ ਨਜ਼ਰ ਵੀ ਆਉਣ ਲੱਗ ਪਈ।ਸਿੱਖ ਧਾਰਮਿਕ ਪੱਖ ਤੋਂ ਪ੍ਰਚਾਰ ਦੇ ਪੂਰਾ ਜ਼ੋਰ ਲਾਉਣਗੇ। ਗੁਰਦੁਆਰਾ ਸੁਧਾਰ ਲਹਿਰ ਦੀ ਅਗਵਾਈ ਸਿੱਖ ਲੀਗ ਨੇ ਆਪ ਨਾ ਕੀਤੀ ਇਸ ਦਾ ਕਾਰਨ ਇਹ ਸੀ ਕਿ ਇਸਦਾ ਮੁੱਖ ਮਕਸਦ ਨਿਰੋਲ ਸਿਆਸੀ ਹੈ ਅਤੇ ਇਸ ਵਲੋਂ ਚਲਾਈ ਕੋਈ ਵੀ ਮੁਹਿੰਮ ਨੂੰ ਸਰਕਾਰ ਨੇ ਸ਼ੱਕੀ ਨਜ਼ਰ ਨਾਲ ਵੇਖਣਾ ਸੀ। ਉਸ ਸਮੇਂ ਇਸ ਲਹਿਰ ਵਿਚ ਸਰਕਾਰੀ ਅੜਿੱਕੇ ਪੈਣੇ ਸਨ ਅਤੇ ਇਹ ਵੀ ਖਦਸ਼ਾ ਕਿ ਇਹ ਲਹਿਰ ਆਪਣੀ ਮੁੱਢਲੀ ਸਟੇਜ ਤੇ ਹੀ ਦੱਬ ਨਾ ਜਾਵੇ। ਇਸ ਕਰਕੇ ਇਹ ਮਹਿਸੂਸ ਕਰਨਾ ਔਖਾ ਨਹੀਂ ਸੀ ਕਿ ਨਿਸ਼ਾਨਾ ਮਸਲਿਆਂ ਨੂੰ ਬਣਾਇਆ ਗਿਆ। ਇਸ ਸਕੀਮ ਤੇ ਮੁਹਿੰਮ ਦਾ ਢੰਗ ਸਾਫ ਤੇ ਸਿੱਧਾ ਸੀ ਕਿ ਗੁਰਦੁਆਰਿਆਂ ਵਿਚ ਸੁਧਾਰ ਹਰ ਕੀਮਤ ਤੇ ਕੀਤਾ ਜਾਵੇ। ਇਸ ਕੰਮ ਲਈ ਸ਼ਹੀਦਾਂ ਤੇ ਯੋਧਿਆਂ ਨੂੰ ਸ਼ਾਮਿਲ

ਕੀਤਾ ਜਾਵੇ।ਇਹ ਧਾਰਮਿਕ ਲਹਿਰ ਸਿਆਸੀ ਲਹਿਰ ਦੇ ਮੁਕਾਬਲੇ ਵਧੇਰੇ ਕਾਮਯਾਬ ਹੋਈ ਇਸਦੀ ਕਾਮਯਾਬੀ ਨੂੰ ਅਸੀਂ ਗੁਰਦੁਆਰਾ ਨਨਕਾਣਾ ਤੇ ਅੰਮ੍ਰਿਤਸਰ ਵਿਚ ਪਿਛਲੇ ਚਾਰ ਮਹੀਨਿਆਂ ਦੀਆਂ ਗਤੀਵਿਧੀਆਂ ਤੋਂ ਅੰਦਾਜ਼ਾ ਲਗਾ ਸਕਦੇ ਹਾਂ। ਗੁਰੂ ਘਰਾਂ ਦਾ ਪੂਰਨ ਤੌਰ ਤੇ ਕੰਟਰੋਲ ਅਤੇ ਕਿਰਪਾਨ ਦੇ ਮਸਲੇ ਦਾ ਹੱਲ ਅਤਿ ਜ਼ਰੂਰੀ ਗੱਲਾਂ ਸਨ।ਜਿਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਕੀਤਾ ਜਾਣਾ ਹੈ। ਇਸੇ ਸਮੇਂ ਹੀ ਸਿੱਖ ਲੀਗ ਨੇ ਮੌਕੇ ਦਾ ਲਾਭ ਉਠਾਉਂਦਿਆਂ ਭਾਰਤੀ ਕੌਮੀ ਲਹਿਰ ਵਿਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ।

ਬਾਬਾ ਗੁਰਦਿੱਤ ਸਿੰਘ ਦੇ ਵਾਪਸ ਆਉਣ ਨਾਲ ਸਿੱਖਾਂ ਦੇ ਮਨਾਂ ਵਿਚ ਤਬਦੀਲੀ ਆਈ ਅਤੇ ਸਿੱਖ ਕਿਸਾਨਾਂ ਵਿਚ ਆਮ ਚਰਚਾ ਸੀ ਜੋ ਸਮੇਂ ਲਹਿਰ ਚੱਲ ਰਹੀ ਹੈ ਇਹ ਇੱਕ ਵੱਡੇ ਇਨਕਲਾਬ ਦੀ ਸ਼ੁਰੂਆਤ ਹੈ ਜਿਸਦੇ ਨਤੀਜੇ ਵਜੋਂ ਸਿੱਖਾਂ ਦਾ ਰਾਜ ਮੁੜ ਆਵੇਗਾ। ਇਹ ਖਿਆਲ ਜਾਂ ਤਾਂ ਸਿੱਖ ਆਗੂਆਂ ਨੇ ਪੈਦਾ ਕੀਤਾ ਹੈ ਜਾਂ ਆਪਣੇ ਆਪ ਫੈਲਣਾ ਸ਼ੁਰੂ ਹੋ ਗਿਆ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਮੌਜੂਦਾ ਸਿੱਖ ਹਾਲਾਤ ਅਜਿਹੀ ਅਸਪੱਸ਼ਟ ਹੈ ਕਿ ਇਹ ਗੱਲ ਭਰੋਸੇ ਨਹੀਂ ਕਹੀ ਜਾ ਸਕਦੀ ਕਿ ਅਕਾਲੀ ਲਹਿਰ ਦਾ ਅਗਲਾ ਮੋੜ ਕੀ ਹੋਵੇਗਾ, ਪਰ ਅਕਾਲੀ ਦਲ ਦਾ ਸਿਆਸੀ ਕਾਰਜਾਂ ਵਾਸਤੇ ਇਸਤੇਮਾਲ ਆਉਂਦੇ ਦਿਨਾਂ ਦੀ ਆਸ ਹੈ। ਵੀ. ਡਬਲਯੂ ਸਮਿਥ ਦੀ ਰਿਪੋਰਟ ਵਿਚ ਤਰਨ ਤਾਰਨ ਦੀ ਮੱਸਿਆ ਦੇ ਮੌਕੇ ਅਕਾਲੀ ਦਲ ਦੇ ਕਾਇਮ ਹੋਣ ਬਾਰੇ ਜ਼ਿਕਰ ਮਿਲਦਾ ਹੈ ਪਰ ਇਸ ਮੌਕੇ ਤੇ ਅਕਾਲੀ ਦਲ ਜਾਂ ਅਕਾਲੀ ਜਥੇ ਦੀ ਭਰਤੀ ਨਹੀਂ ਹੋਈ ਸੀ। ਇਥੇ ਤਾਂ ਸਿਰਫ ਗੁਰਦੁਆਰਾ ਸੁਧਾਰ ਵਾਸਤੇ ਸਿੱਖ ਜਥੇਬੰਦੀ ਕਾਇਮ ਕਰਨ ਦੀ ਗੱਲ ਚੱਲ ਰਹੀ ਸੀ।

ਸ੍ਰੀ ਨਨਕਾਣਾ ਸਾਹਿਬ ਵਿਖੇ 20 ਫਰਵਰੀ 1921 ਨੂੰ ਹੋਏ ਕਤਲੇਆਮ ਤੋਂ ਬਾਅਦ ਸਰਕਾਰ ਵੱਲੋਂ ਗੁਰਦੁਆਰਿਆਂ ਦੇ ਪ੍ਰਬੰਧ ਦੀ ਇੱਕ ਕਮੇਟੀ ਬਣਾਉਣ ਦਾ ਫੈਸਲਾ ਲੈਣ ਦੀ ਗੱਲ ਚੱਲੀ। ਇਸੇ ਸੰਬੰਧ ਵਿਚ ਮੀਆਂ ਫ਼ਜ਼ਲ ਹੁਸੈਨ ਨੇ ਮਿਤੀ 14 ਮਾਰਚ 1927 ਨੂੰ ਪੰਜਾਬ

ਕੌਂਸਲ ਵਿਚ ਇੱਕ ਮਤਾ ਪੇਸ਼ ਕੀਤਾ। ਇਹ ਕੌਂਸਲ ਸੂਬੇ ਦਾ ਧਾਰਮਿਕ ਸਥਾਨਾਂ ਦੇ ਪ੍ਰਬੰਧ ਲਈ ਸਰਕਾਰ ਨੂੰ ਇੱਕ ਬਿੱਲ ਬਣਾਉਣ ਦੀ ਅਪੀਲ ਕਰਦੀ ਹੈ ਅਤੇ ਗਵਰਨਰ ਜਨਰਲ ਨੂੰ ਕਹਿੰਦੀ ਹੈ ਕਿ ਉਹ ਇਸ ਸੰਬੰਧੀ ਪਹਿਲੇ ਇੱਕ ਆਰਡੀਨੈਂਸ ਜਾਰੀ ਕਰੇ ਤਾਂ ਜੋ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਠੀਕ ਕੀਤਾ ਜਾ ਸਕੇ। ਇਹ ਵੀ ਤਜਵੀਜ਼ ਹੋਇਆ ਕਿ ਧਾਰਮਿਕ ਸਥਾਨਾਂ ਦਾ ਬਿੱਲ ਪੇਸ਼ ਹੋ ਕੇ ਜਦੋਂ ਤੱਕ ਪਾਸ ਨਹੀਂ ਹੋ ਜਾਂਦਾ ਉਦੋਂ ਤੱਕ ਸਿੱਖ ਗੁਰੂ ਘਰਾਂ ਲਈ ਤਿੰਨ ਮੈਂਬਰੀ ਕਮਿਸ਼ਨ ਸੰਗਠਨ ਕੀਤਾ ਜਾਵੇ ਤਾਂ ਜੋ ਝਗੜੇ ਵਾਲੇ ਗੁਰੂ ਘਰਾਂ ਦਾ ਪ੍ਰਬੰਧ ਠੀਕ ਢੰਗ ਨਾਲ ਕਰਵਾਇਆ ਜਾ ਸਕੇ। ਇਸ ਕੌਂਸਲ ਵਿਚ ਹਿੰਦੂ ਅਤੇ ਮੁਸਲਮਾਨਾਂ ਨੇ ਵੀ ਮੈਂਬਰੀ ਹਾਸਿਲ ਕਰਨ ਦੀ ਮੰਗ ਕੀਤੀ ਅਤੇ ਸਿੱਖਾਂ ਨੇ ਇਸਦਾ ਵਿਰੋਧ ਕੀਤਾ ਅਤੇ ਵੋਟ ਨਾ ਪਾਈ ਪਰ ਗੈਰ ਸਿੱਖ ਵੋਟਾ ਨਾਲ ਮਤਾ ਪਾਸ ਹੋ ਗਿਆ।

ਮੀਆਂ ਫ਼ਜ਼ਲ ਹੁਸੈਨ ਅਪ੍ਰੈਲ 1921 ਨੂੰ ਪੰਜਾਬ ਕੌਂਸਲ ਵਿਚ ਇੱਕ ਗੁਰਦੁਆਰਾ ਬਿੱਲ ਪੇਸ਼ ਕੀਤਾ ਜਿਸ ਮੁਤਾਬਿਕ ਜਿਹੜੇ ਵੀ ਗੁਰਦੁਆਰੇ ਦੇ ਪੁਜਾਰੀ ਦਾ ਜ਼ਿਆਦਾ ਸੰਬੰਧੀ ਪੜਤਾਲ ਕਰਨ ਤੇ ਸਰਕਾਰ ਨੂੰ ਤਸੱਲੀ ਹੋਵੇਗੀ। ਉਸ ਨੂੰ ਗੁਰਦੁਆਰਾ ਕਰਾਰ ਦਿੱਤਾ ਜਾਵੇਗਾ। ਇਸ ਸੰਬੰਧ ਵਿਚ ਜੋ ਬੋਰਡ ਕਾਇਮ ਹੋਵੇਗਾ ਇਸ ਬੋਰਡ ਦਾ ਖਰਚਾ ਗੁਰਦੁਆਰਿਆਂ ਵਿਚੋਂ ਹੀ ਹੋਵੇਗਾ। ਸਿੱਖ ਮੈਂਬਰਾਂ ਨੇ ਇਸ ਬਿੱਲ ਦੀ ਵਿਰੋਧਤਾ ਕੀਤੀ ਅਤੇ ਬਿੱਲ ਸਲੈਕਸ਼ਨ ਕਮੇਟੀ ਨੂੰ ਦੇ ਦਿੱਤਾ। ਇਸ ਕਮੇਟੀ ਵਿਚ ਮਹਿਤਾਬ ਸਿੰਘ, ਦਸੌਂਧਾ ਸਿੰਘ, ਹਰਨਾਮ ਸਿੰਘ ਅਤੇ ਕਰਤਾਰ ਸਿੰਘ ਮੈਂਬਰ ਸਨ। ਉਨ੍ਹਾਂ ਨੇ ਇੱਕ ਨੋਟ ਲਿਖਵਾਇਆ ਕਿ ਸਿੱਖ ਗੁਰਦੁਆਰਾ ਉਹ ਥਾਂ ਹੈ ਜਿਥੇ ਗੁਰੂਆਂ ਦੀ ਥਾਂ ਹੈ। ਸਰਕਾਰੀ ਕਮਿਸ਼ਨ ਇਸ ਨੂੰ ਮਨਜ਼ੂਰ ਨਹੀਂ ਕਰ ਸਕਦੇ ਗੁਰਦੁਆਰਾ ਬੋਰਡ ਸਿੱਖ ਮੈਂਬਰਾਂ ਦੀ ਮਰਜ਼ੀ ਨਾਲ ਸੁਣਿਆ ਜਾਵੇ ਅਤੇ ਇਸ ਦਾ ਖਰਚਾ ਗੁਰਦੁਆਰਾ ਫੰਡ ਵਿਚੋਂ ਨਾ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਨੇ ਮਿਤੀ 11 ਅਪ੍ਰੈਲ 1921 ਨੂੰ ਇਸ ਬਿੱਲ ਨੂੰ ਨਾ ਮਨਜ਼ੂਰ ਕਰ ਦਿੱਤਾ। 16 ਅਪ੍ਰੈਲ ਨੂੰ ਫਿਰ ਬਿੱਲ

ਪੇਸ਼ ਕੀਤਾ ਗਿਆ ਪਰ ਫਿਰ ਇਹ ਬਿੱਲ 19 ਮਈ ਤੱਕ ਮੁਲਤਵੀ ਹੋ ਗਿਆ। ਸਰਕਾਰ ਵੱਲੋਂ 23 ਅਪ੍ਰੈਲ 1921 ਨੂੰ ਮਹੰਤਾਂ ਦੀ ਕਾਨਫਰੰਸ ਵਿਚ ਰਾਜਾ ਨਰਿੰਦਰ ਨਾਥ ਤੇ ਲਾਲਾ ਗਨਪਤ ਰਾਏ ਮਹੰਤਾਂ ਵਾਲੇ ਪਾਸੇ ਸ਼ਾਮਿਲ ਹੋਏ। ਇਸ ਤੋਂ ਇਲਾਵਾ ਕਈ ਕੌਂਸਲਰ ਤੇ ਵਜ਼ੀਰ ਅਤੇ ਹੋਰ ਮੁੱਖੀ ਵੀ ਸ਼ਾਮਿਲ ਹੋਏ। ਤਿੰਨ ਗੱਲਾਂ ਤੇ ਸਹਿਮਤੀ ਹੋਈ।

1. ਆਮਦਨ ਦਾ ਹਿਸਾਬ ਪਬਲਿਕ ਨੂੰ ਦਿੱਤਾ ਜਾਵੇ।
2. ਚੰਗੇ ਇਖਲਾਕ ਵਾਲਾ ਮਹੰਤ ਹੀ ਗੁਰਦੁਆਰਿਆਂ ਵਿਚ ਰਹੇ।
3. ਗੁਰਦੁਆਰਾ ਇੰਤਜ਼ਾਮ ਲਈ ਇੱਕ ਪੰਥਕ ਕਮੇਟੀ ਬਣੇ।

ਇਸ ਤੋਂ ਮਗਰੋਂ 26 ਅਪ੍ਰੈਲ ਨੂੰ ਦੁਬਾਰਾ ਮੀਟਿੰਗ ਹੋਈ ਅਤੇ ਇਸ ਵਿਚ ਮਹੰਤਾਂ ਦੇ ਨੁਮਾਇੰਦਿਆਂ ਨੇ 1920 ਵਾਲੀ ਮਰਿਆਦਾ ਜਾਰੀ ਰੱਖਣ ਦੀ ਮੰਗ ਕੀਤੀ। ਉਨ੍ਹਾਂ ਇਹ ਵੀ ਜ਼ਿਦ ਕੀਤੀ ਕਿ ਗੁਰਦੁਆਰਾ ਬੋਰਡ ਦੇ ਦੋ-ਤਿਹਾਈ ਮੈਂਬਰ ਸਿੱਖ ਤੇ ਬਾਕੀ ਦੂਸਰੇ ਧਰਮਾਂ ਵਿਚੋਂ ਹੋਣ। ਪ੍ਰਧਾਨ ਵੀ ਸਰਕਾਰ ਹੀ ਬਣਾਵੇ। ਮਹੰਤਾਂ ਨੇ ਇਹ ਵੀ ਚਾਹਿਆ ਕਿ ਕੋਈ ਯੂਰਪੀਨ ਹੀ ਪ੍ਰਧਾਨ ਹੋਵੇ। ਇਨ੍ਹਾਂ ਕਾਰਨਾਂ ਕਰਕੇ ਇਹ ਮੀਟਿੰਗ ਵੀ ਫ਼ੇਲ ਹੋ ਗਈ। 7 ਨਵੰਬਰ 1922 ਨੂੰ ਫ਼ਜ਼ਲ ਹੁਸੈਨ ਨੇ ਇੱਕ ਗੁਰਦੁਆਰਾ ਬਿਲ ਪੰਜਾਬ ਕੌਂਸਲ ਵਿਚ ਪੇਸ਼ ਕੀਤਾ। ਇਸ ਵਿਚ ਪੰਜ ਸਿੱਖ ਮੈਂਬਰ ਵੀ ਬਿਲ ਬਣਾਉਣ ਵਾਲੀ ਕਮੇਟੀ ਵਿਚ ਸਨ ਜਿਸ ਵਿਚੋਂ ਚਾਰ ਨੇ ਪਹਿਲੋਂ ਹੀ ਤੇ ਪੰਜਵੇਂ, ਹਰਦਿੱਤ ਸਿੰਘ ਬੇਦੀ, ਨੇ 5 ਨਵੰਬਰ 1922 ਨੂੰ ਅਸਤੀਫ਼ਾ ਦੇ ਦਿੱਤਾ ਸੀ। ਇਸ ਤਰ੍ਹਾਂ ਇਹ ਬਿਲ ਆਪਣੇ ਜਨਮ ਤੋਂ ਪਹਿਲਾਂ ਹੀ ਖ਼ਤਮ ਹੋ ਗਿਆ।

ਤੀਜੀ ਵਾਰ ਫਿਰ ਮਿਤੀ 25 ਨਵੰਬਰ 1924 ਨੂੰ ਗੁਰਦੁਆਰਾ ਐਕਟ ਬਣਾਉਣ ਦੀ ਕੋਸ਼ਿਸ਼ ਦੀ ਸ਼ੁਰੂਆਤ ਹੋਏ। ਇਸ ਦਿਨ ਪੰਜਾਬ ਕੌਂਸਲ ਦੇ ਸਿੱਖ ਮੈਂਬਰਾਂ- ਨਰਾਇਣ ਸਿੰਘ ਵਕੀਲ, ਮੰਗਲ ਸਿੰਘ ਤੇ ਗੁਰਬਖਸ਼ ਸਿੰਘ, ਜੋਧ ਸਿੰਘ, ਤਾਰਾ ਸਿੰਘ ਮੋਗਾ ਅੰਬਾਲਾ ਦੀ ਇੱਕ

ਕਮੇਟੀ ਬਣਾਈ ਗਈ ਜੋ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਪੱਕਲ ਅਤੇ ਲਾਹੌਰ ਦੇ ਡਿਪਟੀ ਕਮਿਸ਼ਨਰ ਐਮਰਸਨ ਨਾਲ ਮਿਲ ਕੇ ਗੁਰਦੁਆਰਾ ਐਕਟ ਬਣਵਾਏ। ਇਨ੍ਹਾਂ ਨੂੰ ਮਦਦ ਦੋ ਕਾਨੂੰਨੀ ਮਾਹਿਰਾਂ ਕੰਵਰ ਦਲੀਪ ਸਿੰਘ ਬੈਰਿਸਟਰ ਤੇ ਮਿਸਟਰ ਬੀਜ਼ਲੇ ਦਿੱਤੇ ਗਏ।

29 ਨਵੰਬਰ 1924 ਤੋਂ 6 ਦਸੰਬਰ 1924 ਤੱਕ ਇਸ ਕਮੇਟੀ ਦੀਆਂ ਕਈ ਮੀਟਿੰਗਾਂ ਹੋਈਆਂ। 12 ਤੇ 14 ਦਸੰਬਰ 1924 ਨੂੰ ਫੇਰ ਮੀਟਿੰਗ ਹੋਈ। 21 ਜਨਵਰੀ 1924 ਨੂੰ ਇਸ ਬਿਲ ਦਾ ਖਰੜਾ ਛਾਪ ਦਿੱਤਾ ਗਿਆ। ਇਸ ਬਿਲ ਸੰਬੰਧੀ ਜੋ ਵੀ ਖਰੜਾ ਬਣਦਾ ਸੀ ਲਾਹੌਰ ਕਿਲ੍ਹੇ ਵਿਚ ਕੈਦ ਅਕਾਲੀ ਆਗੂਆਂ ਨੂੰ ਉਸ ਦੀਆਂ ਕਾਪੀਆਂ ਪਹੁੰਚ ਜਾਂਦੀਆਂ ਸਨ। ਉਨ੍ਹਾਂ ਦੀ ਮਰਜ਼ੀ ਨਾਲ ਬਿਲ ਤਿਆਰ ਹੋ ਗਿਆ ਸੀ। ਇਨ੍ਹਾਂ ਮੀਟਿੰਗਾਂ ਵਿਚ ਉਪਰਲੇ ਨੁਕਤਿਆਂ ਸੰਬੰਧੀ ਬਹੁਤ ਵਿਚਾਰਾਂ ਹੋਈਆਂ।

ਇਸ ਐਕਟ ਵਿਚ ਪਹਿਲੀ ਲਿਸਟ ਵਿਚ 241 ਗੁਰਦੁਆਰੇ ਸਨ ਜਿਨ੍ਹਾਂ ਵਿਚੋਂ 64 ਪੂਰਬੀ ਪੰਜਾਬ (ਹੁਣ ਭਾਰਤ) ਅਤੇ 177 ਪੱਛਮੀ ਪੰਜਾਬ (ਹੁਣ ਪਾਕਿਸਤਾਨ) ਦੇ ਸਨ। ਇਸ ਤੋਂ ਬਿਨਾਂ 116 ਅਖਾੜੇ ਤੇ ਡੇਰੇ ਵਗੈਰਾ ਵੀ ਦੂਜੀ ਸੂਚੀ ਵਿਚ ਸਨ, ਇਨ੍ਹਾਂ ਨੂੰ ਗੁਰਦੁਆਰੇ ਨਹੀਂ ਮੰਨਿਆ ਗਿਆ ਸੀ। ਇਸ ਤੋਂ ਇਲਾਵਾ ਇਹ ਮਦ ਵੀ ਸੀ ਕਿ ਕੋਈ ਵੀ 50 ਸਿੱਖ ਕਿਸੇ ਗੁਰਦੁਆਰੇ ਨੂੰ ਇਸ ਕਮੇਟੀ ਨੂੰ ਦੇਣ ਦਾ ਮਤਾ ਪੇਸ਼ ਕਰ ਸਕਦੇ ਸਨ। ਇਸ ਐਕਟ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਸਿੱਖ ਬੀਬੀਆਂ ਨੂੰ ਵੋਟ ਦਾ ਹੱਕ ਹਾਸਿਲ ਹੋ ਗਿਆ ਸੀ। ਭਾਰਤ ਵਿਚ ਇਹ ਹੱਕ ਸਭ ਤੋਂ ਪਹਿਲਾਂ ਸਿੱਖ ਬੀਬੀਆਂ ਨੂੰ ਹੀ ਮਿਲਿਆ। ਐਕਟ ਵਿਚ ਇਹ ਵੀ ਖੁਲ੍ਹ ਸੀ ਕਿ ਇਹ ਸੈਂਟਰਲ ਬੋਰਡ ਚਾਹਵੇ ਤਾਂ ਆਪਣਾ ਕੋਈ ਵੀ ਨਾਂ ਰੱਖ ਸਕਦਾ ਹੈ। ਇਹ ਕਿਸੇ ਕਾਰਨ ਮੰਨਿਆ ਗਿਆ ਸੀ ਕਿਉਂਕਿ ਅਕਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਂ ਹੀ ਰੱਖਣਾ ਚਾਹੁੰਦੇ ਸਨ।

ਇਸ ਬਿਲ ਦੇ ਖਰੜੇ ਦੇ 21 ਜਨਵਰੀ 1925 ਨੂੰ ਛਾਇਆ ਹੋਣ ਤੇ ਸ਼੍ਰੋਮਣੀ ਕਮੇਟੀ

ਨੇ 1 ਮਾਰਚ 1925 ਨੂੰ ਕਮੇਟੀ ਦੀ ਮੀਟਿੰਗ ਸੱਦ ਲਈ ਪਰ ਸਰਕਾਰ ਨੇ ਸਾਡੀ ਡਾਕ ਰੋਕ ਲਈ। ਇਸ ਕਾਰਨ ਇਹ ਬਿੱਲ 27 ਅਪ੍ਰੈਲ 1925 ਨੂੰ ਅਕਾਲ ਤਖ਼ਤ ਤੇ ਕਮੇਟੀ ਦੇ ਜਨਰਲ ਸਮਾਗਮ ਵਿਚ ਰੱਖਿਆ ਗਿਆ। ਇਸ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਿੱਲ ਪਾਸ ਕਰ ਦਿੱਤਾ। ਜਸਵੰਤ ਸਿੰਘ ਝਬਾਲ ਨੇ ਬਿੱਲ ਉਪਰ ਆਪਣਾ ਵੱਖਰਾ ਨੋਟ ਲਿਖਵਾਇਆ ਪਰ ਕਿਹਾ ਕਿ ਪਰ 'ਹਾਲਾਤ ਤੇ ਲੋੜ ਨੂੰ ਮੁੱਖ ਰੱਖ ਕੇ ਮੈਂ ਇਸ ਬਿੱਲ ਦੀ ਵਿਰੋਧਤਾ ਨਹੀਂ ਕਰਾਂਗਾ।' ਸ਼੍ਰੋਮਣੀ ਕਮੇਟੀ ਨੇ ਮਤਾ ਪਾਸ ਕੀਤਾ ਕਿ :

"ਗੁਰਦੁਆਰਾ ਬਿੱਲ 1925 ਸੰਬੰਧ ਡੂੰਘੀ ਵਿਚਾਰ ਦੇ ਬਾਅਦ ਇਹ ਰਾਇ ਕੀਤੀ ਹੈ ਕਿ ਇਹ ਬਿੱਲ ਗੁਰਦੁਆਰਾ ਸੁਧਾਰ ਲਹਿਰ ਦੀਆਂ ਬਹੁਤ ਸਾਰੀਆਂ ਲੋੜਾਂ ਨੂੰ ਪੂਰਾ ਕਰਦਾ ਹੈ।"

ਸ਼੍ਰੋਮਣੀ ਕਮੇਟੀ ਨੇ ਹੇਠ ਲਿਖੀਆਂ ਤਰਮੀਮਾਂ ਪੇਸ਼ ਕੀਤੀਆਂ :

1. ਅਕਾਲ ਤਖ਼ਤ ਤੇ ਕੇਸਗੜ੍ਹ ਵੀ ਸ਼੍ਰੋਮਣੀ ਕਮੇਟੀ ਕੋਲ ਹੋਣ।
2. ਔਰਤਾਂ ਨੂੰ ਵੀ ਵੋਟ ਦਾ ਹੱਕ ਹੋਵੇ।
3. ਗੁਰੁਦਆਰਾ ਆਮਦਨ, ਧਰਮ, ਵਿਦਿਆ ਤੇ ਦਾਨ ਲਈ ਖਰਚ ਹੋਵੇ।

ਇਸੇ ਤਰ੍ਹਾਂ ਹੀ ਸ਼੍ਰੋਮਣੀ ਕਮੇਟੀ ਨੇ ਇੱਕ ਤਰ੍ਹਾਂ ਨਾਲ ਇਹ ਬਿੱਲ ਮਨਜ਼ੂਰ ਕਰ ਲਿਆ।

7 ਮਈ 1925 ਨੂੰ ਇਹ ਬਿੱਲ ਸਿਲੈਕਟ ਕਮੇਟੀ ਨੂੰ ਦਿੱਤਾ ਗਿਆ ਤੇ 2 ਮਹੀਨੇ ਪਿਛੋਂ 9 ਜੁਲਾਈ 1925 ਨੂੰ ਤਾਰਾ ਸਿੰਘ (ਮੈਂਬਰ ਕੌਂਸਲ) ਵਲੋਂ ਪੇਸ਼ ਕੀਤਾ। ਇਹ ਬਿੱਲ ਸ਼ਿਮਲਾ ਇਜਲਾਸ ਵਿਚ ਪਾਸ ਕਰ ਦਿੱਤਾ ਗਿਆ। 28 ਜੁਲਾਈ ਨੂੰ ਗਵਰਨਰ ਵਲੋਂ ਮਨਜ਼ੂਰੀ ਦੇਣ ਤੇ ਇਹ ਬਿੱਲ ਐਕਟ ਬਣ ਗਿਆ। ਇਹ ਐਕਟ 1 ਨਵੰਬਰ 1925 ਤੋਂ ਲਾਗੂ ਹੋ ਗਿਆ। ਉਸ ਤੋਂ ਬਾਅਦ ਅੱਜ ਤੱਕ ਇਸ ਬਿੱਲ ਵਿਚ ਬਹੁਤ ਤਰਮੀਮਾਂ ਅਤੇ

ਤਬਦੀਲੀਆਂ ਹੋਈਆਂ ਹਨ। ਇਹ ਗੁਰਦੁਆਰੇ ਐਕਟ ਸਿੱਖਾਂ ਦੇ ਬਹੁਤ ਸਾਰੇ ਆਗੂਆਂ ਨੇ ਉਸ ਵਕਤ ਮਨਜ਼ੂਰ ਨਹੀਂ ਕੀਤਾ। ਕਈਆਂ ਨੇ ਤਾਂ ਬਹੁਤ ਹੀ ਵਿਰੋਧਤਾ ਕੀਤੀ, ਪਰ ਉਨ੍ਹਾਂ ਨੂੰ ਇਹ ਕਦਾਚਿਤ ਨਹੀਂ ਪਤਾ ਸੀ ਕਿ ਇਸ ਐਕਟ ਦੇ ਬਣ ਜਾਣ ਨਾਲ ਉਨ੍ਹਾਂ ਦੀ ਤਾਕਤ ਜਥੇਬੰਦੀ ਹੋ ਗਈ ਹੈ। ਗੁਰਦੁਆਰਾ ਐਕਟ ਨੇ ਹੀ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਨੂੰ ਕਾਇਮ ਰੱਖਣ ਵਿਚ ਬੜੀ ਮਦਦ ਕੀਤੀ। ਉਸ ਸਮੇਂ ਗੁਰਦੁਆਰਾ ਐਕਟ ਨਾ ਹੁੰਦਾ ਤਾਂ ਸ਼ਾਇਦ ਅਕਾਲੀ ਦਲ ਖ਼ਤਮ ਹੋ ਗਿਆ ਹੁੰਦਾ। ਇਸ ਐਕਟ ਦੇ ਹੋਂਦ ਵਿਚ ਆਉਣ ਨਾਲ ਸਿੱਖਾਂ ਨੇ ਇੱਕ ਅਰਧ ਰਾਜ ਵਾਲੀ ਤਾਕਤ ਹਾਸਿਲ ਕਰਨ ਲਈ ਸੀ।

ਗੁਰਦੁਆਰਾ ਐਕਟ ਅਨੁਸਾਰ 'ਸੈਂਟਰਲ ਬੋਰਡ' ਦੀਆਂ ਚੋਣਾਂ 18 ਜੂਨ 1926 ਨੂੰ ਹੋਈਆਂ। ਮਹਿਤਾਬ ਸਿੰਘ ਨੇ ਮਾਸਟਰ ਤਾਰਾ ਸਿੰਘ, ਅਮਰ ਸਿੰਘ ਵਾਸੂ ਅਤੇ ਕੁਝ ਹੋਰਾਂ ਦੇ ਕਾਗਜ਼ ਰੱਦ ਕਰਵਾ ਦਿੱਤੇ ਤੇ ਕਪਤਾਨ ਰਾਮ ਸਿੰਘ ਨੂੰ ਬੈਠਾ ਦਿੱਤਾ, ਜਿਸ ਨਾਲ ਉਹ ਆਪ ਤੇ ਮਾਸਟਰ ਤਾਰਾ ਸਿੰਘ ਦੀ ਸੀਟ ਤੋਂ ਗਿਆਨੀ ਸ਼ੇਰ ਸਿੰਘ ਬਿਨਾਂ ਮੁਕਾਬਲੇ ਚੁਣੇ ਗਏ। ਇਸੇ ਤਰ੍ਹਾਂ ਭਗਤ ਜਸਵੰਤ ਸਿੰਘ, ਬਖਸ਼ੀਸ਼ ਸਿੰਘ ਭੁੱਮਦੀ ਤੇ ਗੁਰਦਿੱਤ ਸਿੰਘ ਦੇ ਵਿਰੋਧੀਆਂ ਦੇ ਕਾਗਜ਼ ਵੀ ਰੱਦ ਕਰਵਾ ਦਿੱਤੇ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ, ਪੈਸਾ, ਅਸਰ-ਰਸੂਖ ਅਤੇ ਵਿਰੋਧੀ ਪਾਰਟੀ ਦੇ ਆਗੂ ਜੇਲ੍ਹ ਵਿਚ ਹੋਣ ਦੇ ਬਾਵਜੂਦ ਚੋਣਾਂ ਵਿਚ ਅਕਾਲੀ ਪਾਰਟੀ ਨੂੰ ਭਾਰੀ ਜਿੱਤ ਹਾਸਿਲ ਹੋਈ। ਅਕਾਲੀ ਪਾਰਟੀ ਦੇ 85, ਸ਼੍ਰੋਮਣੀ ਕਮੇਟੀ (ਮਹਿਤਾਬ ਸਿੰਘ ਧੜਾ) ਦੇ 26, ਹੇਲੀ ਸੁਧਾਰ ਕਮੇਟੀ ਦੇ 5 ਤੇ ਅਜ਼ਾਦ 4 ਚੁਣੇ ਗਏ। ਇਸੇ ਤਰ੍ਹਾਂ 120 ਵਿਚੋਂ 85 ਅਕਾਲੀ ਜਿੱਤਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ ਹੋ ਗਿਆ। ਸ. ਬਹਾਦਰ ਪਾਰਟੀ ਤੋਂ ਕਬਜ਼ਾ ਲੈਣ ਵੇਲੇ ਪੁਲਿਸ ਅਤੇ ਫੌਜ ਸੱਦਣੀ ਪਈ। ਇਸ ਜਿੱਤ ਨਾਲ ਦੋਹਾਂ ਧਿਰਾਂ ਵਿਚ ਫੇਰ ਇੱਕ ਵੱਡੀ ਤਰੇੜ ਆ ਗਈ। ਜੋ ਕਦੇ ਵੀ ਭਰੀ ਨਾ ਜਾ ਸਕੀ। ਭਾਵੇਂ ਬਾਬਾ ਸੋਹਨ ਸਿੰਘ ਭਕਨਾ ਨੇ ਸਮਝੌਤਾ ਵੀ

ਕਰਵਾ ਦਿੱਤਾ ਪਰ ਬਾਬਾ ਮਹਿਤਾਬ ਸਿੰਘ ਦੀ ਮੌਤ ਅਤੇ ਗਿਆਨੀ ਸ਼ੇਰ ਸਿੰਘ ਦੀ ਮੌਤ ਨਾਲ ਵੀ ਤਰੇੜ ਖ਼ਤਮ ਨਾ ਹੋਈ।

17 ਜੁਲਾਈ 1926 ਨੂੰ ਸੈਂਟਰਲ ਬੋਰਡ ਦੀਆਂ ਚੋਣਾਂ ਪਿਛੋਂ ਤੇਜਾ ਸਿੰਘ ਸਮੁੰਦਰੀ ਲਾਹੌਰ ਕਿਲ੍ਹੇ ਵਿਚ ਚਲਾਣਾ ਕਰ ਗਏ ਅਤੇ ਜੇਲ੍ਹ ਵਿਚ ਮਾਸਟਰ ਤਾਰਾ ਸਿੰਘ ਅਕਾਲੀ ਗਰੁੱਪ ਦੇ ਨੇਤਾ ਚੁਣੇ ਗਏ। ਸੈਂਟਰਲ ਬੋਰਡ ਦੀ ਪਹਿਲੀ ਮੀਟਿੰਗ 4 ਸਤੰਬਰ 1926 ਨੂੰ ਟਾਊਨ ਹਾਲ ਅੰਮ੍ਰਿਤਸਰ ਵਿਚ ਹੋਈ। ਡੀ.ਸੀ. ਦੀ ਹਾਜ਼ਰੀ ਵਿਚ ਸੈਂਟਰਲ ਬੋਰਡ ਦੀ ਪਹਿਲੀ ਚੋਣ ਹੋਈ। ਪ੍ਰਧਾਨਗੀ ਵਾਸਤੇ ਅਕਾਲੀ ਪਾਰਟੀ ਦੀ ਮਦਦ ਨਾਲ ਜਿਤੇ ਜੋਗਿੰਦਰ ਸਿੰਘ ਵਕੀਲ ਰਾਏਪੁਰ, ਮਹਿਤਾਬ ਸਿੰਘ ਪਾਰਟੀ ਦੇ ਉਮੀਦਵਾਰ ਸਨ ਤੇ ਅਕਾਲੀ ਦਲ ਵੱਲੋਂ ਮੰਗਲ ਸਿੰਘ। ਮੰਗਲ ਸੰਘ 53 ਦੇ ਮੁਕਾਬਲੇ 82 ਵੋਟਾਂ ਨਾਲ ਚੁਣੇ ਗਏ। ਇਸੇ ਮੀਟਿੰਗ ਵਿਚ 14 ਮੈਂਬਰ ਨਾਮਜ਼ਦ ਹੋਏ ਜਿਸ ਵਿਚੋਂ 9 ਅਕਾਲੀ ਪਾਰਟੀ ਅਤੇ 5 ਸਰਦਾਰ ਬਹਾਦਰ ਪਾਰਟੀ ਦੇ ਸਨ। ਸੈਂਟਰਲ ਬੋਰਡ ਦੀ ਬਕਾਇਦਾ ਮੀਟਿੰਗ 2 ਅਕਤੂਬਰ 1926 ਨੂੰ ਹੋਈ। ਇਸ ਤੋਂ ਕੁਝ ਦਿਨ ਪਹਿਲਾਂ, 27 ਸਤੰਬਰ ਨੂੰ, ਲਾਹੌਰ ਕਿਲ੍ਹੇ ਦੇ ਬਾਕੀ ਅਕਾਲੀ ਲੀਡਰ ਵੀ ਛੱਡ ਦਿੱਤੇ ਗਏ ਸਨ। 2 ਅਕਤੂਬਰ ਦੀ ਮੀਟਿੰਗ ਵਿਚ ਹਜ਼ਾਰਾ ਸਿੰਘ ਜਾਮਾਰਾਏ (ਨਾਮਜ਼ਦ) ਮੈਬਰ ਨੇ ਮਾਸਟਰ ਤਾਰਾ ਸਿੰਘ ਵਾਸਤੇ ਸੀਟ ਖਾਲੀ ਕਰ ਦਿੱਤਾ। ਨਵੀਂ ਚੋਣ ਕਰਕੇ ਮਾਸਟਰ ਤਾਰਾ ਸਿੰਘ ਮੀਤ ਤੇ ਖੜਕ ਸਿੰਘ ਪ੍ਰਧਾਨ ਚੁਣੇ ਗਏ। ਪਹਿਲੀ ਐਗਜੈਕਟਿਵ ਵਿਚ 7 ਮੈਂਬਰ (1) ਕੁੰਦਰ ਸਿੰਘ (2) ਮਾਨ ਸਿੰਘ ਸਰਗੋਧਾ (3) ਜਸਵੰਤ ਸਿੰਘ ਦਾਨੇਵਾਲੀਆ (4) ਭਾਗ ਸਿੰਘ ਵਕੀਲ (5) ਮੰਗਲ ਸਿੰਘ (6) ਗਿਆਨੀ ਸ਼ੇਰ ਸਿੰਘ ਅਤੇ ਮਾਸਟਰ ਤਾਰਾ ਸਿੰਘ, ਬਾਬਾ ਖੜਕ ਸਿੰਘ (7) ਮਹਿੰਦਰ ਸਿੰਘ ਸਿੱਧਵਾ ਚੁਣੇ ਗਏ।

2 ਅਕਤੂਬਰ 1926 ਨੂੰ ਹੋਈ ਮੀਟਿੰਗ ਵਿਚ ਸੈਂਟਰਲ ਬੋਰਡ ਦਾ ਨਾਂ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਣ ਦਾ ਮਤਾ ਪਾਸ ਕੀਤਾ। ਇਸ ਤੋਂ ਬਿਨਾ ਕੈਦੀ

ਰਿਹਾ ਕਰਨ, ਸ਼ਰਤਾਂ ਮੰਨ ਕੇ ਬਾਹਰ ਨਾ ਆਉਣ ਵਾਲੀਆਂ ਦੀ ਸਿਫ਼ਤ ਅਤੇ ਕਾਰਵਾਈ ਪੰਜਾਬੀ ਵਿਚ ਕਰਨ ਦੇ ਮਤੇ ਵੀ ਪਾਸ ਕੀਤੇ। ਸਰਕਾਰ ਨੇ 17 ਜਨਵਰੀ 1927 ਨੂੰ ਇਹ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਮਨਜ਼ੂਰ ਕਰ ਲਿਆ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੌਜੂਦਾ ਸ਼ਕਲ ਵਿਚ ਕਾਇਮ ਹੋਈ।

ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਨਾਲ ਗੁਰਦੁਆਰਾ ਸੁਧਾਰ ਲਹਿ ਤਾਂ ਖ਼ਤਮ ਹੋ ਗਈ ਪਰ ਅਕਾਲੀ ਦਲ ਵਿਚ ਭਾਰੀ ਫੁੱਟ ਵੀ ਪੈ ਗਈ। ਦੂਜਾ ਨਤੀਜਾ ਇਹ ਨਿਕਲਿਆ ਕਿ ਸ਼੍ਰੋਮਣੀ ਕਮੇਟੀ ਰਿਆਸਤ ਅੰਦਰ ਰਿਆਸਤ (ਇਕ ਸਰਕਾਰ ਵਾਂਗ) ਬਣ ਗਈ ਜਿਸ ਨੇ ਬਾਅਦ ਵਿਚ ਅਕਾਲੀ ਦਲ, ਸਿੱਖਾਂ, ਪੰਜਾਬ ਅਤੇ ਅਜ਼ਾਦੀ  ਲਹਿਰ ਨੂੰ ਬੜਾ ਫਾਇਦਾ ਪਹੁੰਚਾਇਆ। ਇਸ ਦਾ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਫਾਇਦਾ ਹੋਇਆ ਕਿ ਜਦੋ-ਜਹਿਦ ਕਰਨ ਅਤੇ ਜਥੇਬੰਦੀ ਨੂੰ ਕਾਇਮ ਰੱਖਣ ਵਾਸਤੇ ਇੱਕ ਸ਼ਾਨਦਾਰ ਸਟੇਜ ਮਿਲ ਗਈ। ਸਹੀ ਅਰਥਾਂ ਵਿਚ ਸ਼੍ਰੋਮਣੀ ਕਮੇਟੀ ਹੀ ਹੈ ਜਿਸ ਨੇ ਵਧੇਰੀ ਤਾਕਤ ਅਕਾਲੀ ਦਲ ਨੂੰ ਦਿੱਤੀ ਹੈ। ਜਿਸ ਸਖ਼ਸ਼ੀਅਤ ਜਾਂ ਗਰੁੱਪ ਦਾ ਇਸ ਤੇ 'ਕਬਜ਼ਾ ਰਿਹਾ ਹੈ ਉਸ ਨੇ ਸਿਆਸਤ ਵਿਚ ਤਾਕਤ ਹਾਸਿਲ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ 25 ਜਨਵਰੀ  1926 ਤੋਂ 2 ਅਕਤੂਬਰ 1926 ਤੱਕ ਦਾ ਸਮਾਂ  ਜਥੇਬੰਦੀ ਪੱਖੋਂ  ਬਹੁਤ ਮਹੱਤਵਪੂਰਨ ਸੀ। ਜੇਕਰ ਸ. ਬਹਾਦਰ ਪਾਰਟੀ ਦਾ ਇਸ ਉਪਰ ਕਾਬਜ਼ ਹੋ ਜਾਂਦੀ ਹੈ ਤਾਂ ਅਕਾਲੀ ਦਲ ਦਾ ਵਜੂਦ ਅੱਜ ਤੱਕ ਕਾਇਮ ਨਾ ਰਹਿੰਦਾ।

ਸ. ਮਹਿਤਾਬ ਸਿੰਘ ਅਤੇ ਸ਼ੇਰ ਸਿੰਘ ਉਨ੍ਹਾਂ ਦੇ ਸਾਥੀਆਂ  ਅਤੇ ਗੁਰਦੁਆਰਾ ਐਕਟ ਤੇ ਅਮਨ ਕਰਨ  ਦੀ ਸ਼ਰਤ ਤੇ ਰਿਹਾ ਕਰਨ ਤੇ 26 ਜਨਵਰੀ  1926 ਨੂੰ ਅਕਾਲੀ ਵਿਚ ਫੁੱਟ ਦੀ ਸ਼ੁਰੂਆਤ ਹੋ ਚੁੱਕੀ ਸੀ। ਇਸ ਮਗਰੋਂ  ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣਾਂ ਵਿਚ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ ਧੜੇ ਵਲੋਂ 70 ਫੀਸਦੀ  ਸੀਟਾਂ ਜਿੱਤ

ਲੈਣ ਨਾਲ ਸਿੱਖ ਦਾ ਫਤਵਾ ਇਸ ਧੜੇ ਦਾ ਹੱਕ ਵਿਚ ਮੰਨਿਆ ਗਿਆ ਸੀ। ਇਸ ਕਰਕੇ ਬਾਬਾ ਮਹਿਤਾਬ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਦਾ ਧੜਾ ਕਾਫੀ ਪਿੱਛੇ ਰਹਿ ਗਿਆ ਪਰ ਦੋਨੋਂ ਧੜੇ ਕਾਇਮ ਰਹੇ। ਨਹਿਰੂ ਰਿਪੋਰਟ ਦੇ ਨਾਂ ਤੇ 1927-28 ਨੂੰ ਮੰਗਲ ਸਿੰਘ ਗਿੱਲ ਅਤੇ ਹੀਰਾ ਸਿੰਘ ਦਰਦ ਵੱਖਰੇ ਹੋ ਗਏ। ਸਰਦੂਲ ਸਿੰਘ ਕਵੀਸ਼ਰ, ਝਬਾਲ ਭਰਾ, ਬਾਬਾ ਗੁਰਦਿੱਤ ਸਿੰਘ ਅਕਾਲੀ ਦਲ ਤੋਂ ਦੂਰ ਹੋ ਗਏ। ਇਸ ਤਰ੍ਹਾਂ ਬਾਬਾ ਖੜਕ ਸਿੰਘ ਆਪਣੇ ਸੁਭਾ ਕਰਕੇ ਕਾਂਗਰਸ ਦੇ ਝੰਡੇ ਵਿਚ ਸਿੱਖਾਂ ਦਾ ਰੰਗ ਨਾ ਪਾਉਣ ਕਰਕੇ ਕਾਂਗਰਸ ਨਾਲ ਮਿਲਵਰਤਣ ਦੇ ਨੁਕਤੇ ਤੇ ਡਸਕਾ ਗੁਰਦੁਆਰੇ ਦੇ ਮੋਰਚੇ ਦੀ ਵਜਹ ਕਰਕੇ ਮਾਸਟਰ ਤਾਰਾ ਸਿੰਘ ਨਾਲ ਅਣਬਣ ਹੋਣ ਕਰਕੇ ਰੁਸ ਗਏ ਸਨ। ਹੌਲੀ-ਹੌਲੀ ਬਾਬਾ ਖੜਕ ਸਿੰਘ ਵੀ ਪਿਛੋਕੜ ਵਿਚ ਚਲੇ ਗਏ ਤੇ ਉਹ ਆਪਣੀ ਸਾਖ ਸਿੱਖ ਅਵਾਮ ਵਿਚ ਵੀ ਗੁਆ ਬੈਠੇ। 12 ਅਕਤੂਬਰ 1930 ਦੇ ਦਿਨ ਜਦੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਹੋਈ ਤਾਂ ਉਸ ਵੇਲੇ ਮਾਸਟਰ ਤਾਰਾ ਸਿੰਘ, ਪਠਾਣਾਂ ਦੀ ਹਮਦਰਦੀ ਵਿਚ ਜੈਕਾਰੇ ਲਾਉਂਦੇ ਹੋਏ ਗ੍ਰਿਫ਼ਤਾਰ ਹੋਣ ਕਰਕੇ ਗੁਜਰਾਤ ਜੇਲ੍ਹ ਵਿਚ ਸਨ। ਉਨ੍ਹਾਂ ਨੂੰ ਜੇਲ੍ਹ ਵਿਚ ਬੈਠਿਆਂ ਨੂੰ ਹੀ ਬਾਬਾ ਖੜਕ ਸਿੰਘ ਦੀ ਥਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਸੀ।

ਸਿੱਖ ਆਗੂਆਂ ਦੀ ਇਸ ਫੁੱਟ ਦਾ ਖਮਿਆਜਾ ਸਿੱਖ ਕੌਮ ਨੂੰ ਬਹੁਤ ਵੱਡੇ ਪੱਧਰ ਤੇ ਭੁਗਤਣਾ ਪਿਆ। ਆਜ਼ਾਦੀ ਦੀ ਲੜਾਈ ਵਿਚ ਭਾਵੇਂ ਸਿੱਖਾਂ ਨੇ ਵੱਡੀ ਗਿਣਤੀ ਵਿਚ ਕੁਰਬਾਨੀਆਂ ਦਿੱਤੀਆਂ ਪਰ ਫੁੱਟ ਹੋਣ ਕਰਕੇ ਸਿੱਖ ਕੌਮ ਆਪਣਾ ਬਣਦਾ ਹਿੱਸਾ ਹਾਸਿਲ ਨਾ ਕਰ ਸਕੀ। ਕੌਮ ਦੀ ਤਾਕਤ, ਪੈਸਾ ਅਤੇ ਸਮਾਂ ਬਰਬਾਦ ਹੋਇਆ। ਸਿੱਖਾਂ ਵਿਚ ਭਰਾ-ਭਰਾ ਨੂੰ ਮਾਰਨ ਦੇ ਜੰਗ ਦੌੜਨ ਲੱਗੀ ਅਤੇ ਭਾਈਚਾਰਕ ਸਾਂਝ ਘੱਟ ਗਈ।

ਸ਼੍ਰੋਮਣੀ ਅਕਾਲੀ ਦਲ ਦੇ ਹੋਂਦ ਵਿਚ ਆਉਣ ਤੋਂ ਬਾਅਦ ਅੰਗਰੇਜ਼ ਸਰਕਾਰ ਨਾਲ

ਖੂਬ ਟੱਕਰ ਚੱਲਦੀ ਰਹੀ। ਦੂਜੀ ਵੱਡੀ ਵਿਸ਼ਵ ਜੰਗ ਦੇ ਸ਼ੁਰੂ ਹੋਣ ਮਗਰੋਂ ਸਿੱਖਾਂ ਦੀ ਗਿਣਤੀ ਫੌਜ ਵਿਚ ਕਾਫੀ ਵੱਧ ਗਈ ਸੀ। ਇਸ ਨਾਲ ਇੱਕ ਹੋਰ ਫਾਇਦਾ ਹੋਇਆ ਕਿ ਕੁੱਝ ਅਕਾਲੀ ਆਗੂ ਸਰਕਾਰ ਦੇ ਨੇੜੇ ਆ ਗਏ। ਮਾਰਚ 1942 ਵਿਚ ਮਾਸਟਰ ਤਾਰਾ ਸਿੰਘ ਦੀ ਗਵਰਨਰ ਪੰਜਾਬ ਨਾਲ ਇੱਕ ਅਹਿਮ ਮੁਲਾਕਾਤ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਈ, ਇਸ ਦੌਰਾਨ ਮੇਜਰ ਸ਼ਾਰਟ ਦਾ ਅਹਿਮ ਰੋਲ ਅਦਾ ਕੀਤਾ। ਉਸਨੇ ਸਿੱਖਾਂ ਅਤੇ ਯੂਨੀਅਨਿਸਟ ਪਾਰਟੀ ਵਿਚ ਇੱਕ ਵਿਚੋਲੇ ਦਾ ਰੋਲ ਅਦਾ ਕੀਤਾ। ਸਿੱਖਾਂ ਤੇ ਮੁਸਲਮਾਨਾਂ ਵਿਚ ਸਮਝੌਤਾ ਇੱਕ ਸੋਹਣੀ ਸ਼ੁਰੂਆਤ ਸੀ, ਜਿਸ ਨੂੰ, ਜੇ ਸਿਆਣਪ ਤੇ ਅਕਲਮੰਦੀ ਨਾਲ ਚਲਾਇਆ ਜਾਂਦਾ, ਤਾਂ ਬਹੁਤ ਹੀ ਫਾਇਦੇਮੰਦ ਹੋ ਸਕਦਾ ਸੀ।

ਅਕਾਲੀਆਂ ਅਤੇ ਅਗਰੇਜ਼ ਪੱਖੀ ਯੂਨੀਅਨਿਸਟਾਂ ਦਾ ਸਮਝੌਤਾ ਹੋਣ ਦੇ ਦੋ ਕਾਰਨ ਸਨ। ਪਹਿਲਾ ਤੇ ਮੁੱਖ ਕਾਰਨ ਇਹ ਸੀ ਕਿ ਸਿੱਖਾਂ ਵਲੋਂ ਪਾਕਿਸਤਾਨ ਦਾ ਵਿਰੋਧ ਤੇ ਸਰਕਾਰ ਵਿਰੁੱਧ ਹਰ ਐਜੀਟੇਸ਼ਨ ਵਿਚ ਸਿੱਖਾਂ ਦਾ ਅਹਿਮ ਹਿੱਸਾ ਹੁੰਦਾ ਸੀ- ਇਸ ਕਰਕੇ ਸਿੱਖਾਂ ਨੂੰ ਨਰਮ ਕਰਨਾ ਜ਼ਰੂਰੀ ਸੀ। ਦੂਜਾ ਵਕਤੀ ਕਾਰਨ ਸੀ 1940 ਵਿਚ ਸੁੰਦਰ ਸਿੰਘ ਮਜੀਠਾ ਦੀ ਮੌਤ। ਮਜੀਠਾ ਨੇ ਆਪਣੀ ਸ਼ਖਸੀਅਤ ਦੀ ਵਜਹ ਕਰਕੇ ਸਰਕਾਰ ਵਿਚ ਖਾਸ ਥਾਂ ਹਾਸਿਲ ਕੀਤੀ ਹੋਈ ਸੀ। ਉਸ ਦੀ ਸੀਟ ਤੇ ਹੋਈ ਜ਼ਿਮਨੀ ਚੋਣ ਵਿਚ ਉਸ ਦਾ ਪੁੱਤਰ ਕਿਰਪਾਲ ਸਿੰਘ ਅਕਾਲੀਆਂ ਹੱਥੋਂ ਹਾਰ ਗਿਆ ਇਸ ਮਗਰੋਂ ਦਸੌਂਧਾ ਸਿੰਘ ਪੰਜਾਬ ਵਿਚ ਵਜ਼ੀਰ ਬਣਿਆ। ਦਸੌਂਧਾ ਸਿੰਘ ਨੂੰ ਉੱਜਲ ਸਿੰਘ ਦੀ ਥਾਂ ਵਜ਼ੀਰ ਬਣਾਇਆ ਜਾਣਾ ਖ਼ਾਲਸਾ ਨੈਸ਼ਨਲਿਸਟ ਪਾਰਟੀ ਵਾਸਤੇ ਘਾਟੇਵੰਦਾ ਸੀ। ਹਾਲਾਂਕਿ ਇਸ ਦਾ ਕਾਰਨ ਇਹ ਸੀ ਕਿ ਉੱਜਲ ਸਿੰਘ ਗੈਰ-ਜੱਟ ਸੀ ਤੇ ਦਸੌਂਧਾ ਸਿੰਘ ਜੱਟ ਸੀ। ਦਸੌਂਧਾ ਸਿੰਘ ਨਾ ਸਿਰਫ ਕਮਜ਼ੋਰ ਹੀ ਸੀ ਬਲਕਿ ਉਸਦੇ ਵਜ਼ੀਰ ਬਣਨ ਨਾਲ ਖ਼ਾਲਸਾ ਨੈਸ਼ਨਲਿਸਟ ਪਾਰਟੀ ਦਾ ਗਰੁੱਪ ਵੀ ਟੁੱਟ ਗਿਆ।

ਅੰਤ ਵਿਚ 15 ਜੂਨ 1942 ਦੇ ਦਿਨ ਸਰ ਸਿਕੰਦਰ ਅਤੇ ਬਲਦੇਵ ਸਿੰਘ ਵਿਚ ਹੋਇਆ ਸਮਝੌਤਾ ਪਬਲਿਕ ਵਿਚ ਆਇਆ। ਇਸ ਸਮਝੌਤੇ ਦੇ ਨਤੀਜੇ ਵਜੋਂ 26 ਜੂਨ 1942 ਨੂੰ ਬਲਦੇਵ ਸਿੰਘ ਨੇ ਵਜ਼ੀਰ ਦੇ ਅਹੁਦੇ ਦਾ ਹਲਫ਼ ਲੈ ਲਿਆ। ਬਲਦੇਵ ਸਿੰਘ ਮੁਤਾਬਿਕ ਸਰ ਸਿਕੰਦਰ ਨੇ ਝਟਕੇ ਦੀ ਇਜਾਜ਼ਤ, ਗੁਰਮੁਖੀ ਦੀ ਪੜ੍ਹਾਈ, ਧਾਰਮਿਕ ਮਾਮਲਿਆਂ ਬਾਰੇ ਕਾਨੂੰਨ, ਸੈਂਟਰ ਵਿਚ ਸਿੱਖਾਂ ਦੀ ਨੁਮਾਇੰਦਗੀ ਅਤੇ ਸਰਕਾਰੀ ਨੌਕਰੀਆਂ ਵਿਚ ਸਿੱਖਾਂ ਦੀ ਭਰਤੀ ਬਾਰੇ ਸਮਝੌਤਾ ਕੀਤਾ ਸੀ।

ਇਸ ਸਮਝੌਤੇ ਨਾਲ ਹੁਣ ਸਿੱਖਾਂ ਨੂੰ ਕਈ ਪਾਸੇ ਝਟਕੇ ਦੀ ਖੁਲ੍ਹ ਹੋ ਗਈ। ਧਾਰਮਿਕ ਪੱਖ ਤੋਂ ਆਜ਼ਾਦੀ ਵਿਚ ਬਹੁਤ ਵਾਧਾ ਹੋਇਆ। 20 ਫੀਸਦੀ ਨੌਕਰੀਆਂ ਰਿਜ਼ਰਵ ਹੋ ਗਈਆਂ। ਇਸ ਸਾਰੇ ਕੁਝ ਦੀ ਨੀਂਹ ਸਿਕੰਦਰ-ਬਲਦੇਵ ਸਿੰਘ ਸਮਝੌਤਾ ਹੀ ਸੀ। ਕਈ ਆਗੂਆਂ ਨੇ ਇਹ ਸਮਝੌਤਾ ਤੁੜਵਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਕਾਮਯਾਬੀ ਨਾ ਮਿਲੀ। ਇਨ੍ਹਾਂ ਦਿਨਾਂ ਵਿਚ ਹੀ 7 ਜੂਨ 1943 ਨੂੰ ਅਕਾਲੀ ਦਲ ਨੇ ਆਜ਼ਾਦ ਪੰਜਾਬ ਦਾ ਮਤਾ ਪਾਸ ਕਰ ਦਿੱਤਾ। ਇਸ ਨਾਲ ਪੰਜਾਬ ਤੇ ਭਾਰਤ ਦਾ ਸਿਆਸੀ ਮਾਹੌਲ ਸਾਰੇ ਦਾ ਸਾਰਾ ਹੀ ਬਦਲ ਗਿਆ। ਇਸ ਦਾ ਸਿਕੰਦਰ ਬਲਦੇਵ ਸਿੰਘ ਪੈਕਟ ਤੇ ਵੀ ਕੁਝ ਕੁ ਅਸਰ ਪਿਆ। 26 ਦਿਸੰਬਰ 1943 ਨੂੰ ਸਰ ਸਿਕੰਦਰ ਦੀ ਮੌਤ ਹੋ ਗਈ। ਇਸ ਮਗਰੋਂ ਛੇਤੀ ਹੀ ਪੰਜਾਬ ਦਾ ਸਿਆਸੀ ਮਾਹੌਲ-ਆਜ਼ਾਦ ਪੰਜਾਬ, ਸਿੱਖ ਸਟੇਟ ਤੇ ਖਾਲਿਸਤਾਨ ਦੀ ਮੰਗ ਨਾਲ ਇੱਕ ਪਾਸੇ ਤੇ ਪਾਕਿਸਤਾਨ ਦੀ ਮੰਗ ਦੂਜੇ ਪਾਸੇ-ਨਾਲ ਭਰ ਗਿਆ।

ਸੰਨ 14-15 ਅਗਸਤ 1947 ਦੇਸ਼ ਦੀ ਵੰਡ ਹੋਣ ਨਾਲ ਮੁਸਲਮਾਨਾਂ ਨੂੰ ਆਪਣਾ ਮੁਲਕ ਪਾਕਿਸਤਾਨ ਮਿਲ ਗਿਆ ਅਤੇ ਹਿੰਦੂਆਂ ਨੂੰ ਭਾਰਤ ਮਿਲ ਗਿਆ। ਦੇਸ਼ ਦੀ ਵੰਡ ਹੋਣ ਨਾਲ ਸਿੱਖ ਕੌਮ ਦੋ ਹਿੱਸਿਆਂ ਵਿਚ ਵੰਡੀ ਗਈ। ਲੱਖਾਂ ਦੀ ਗਿਣਤੀ ਵਿਚ ਸਿੱਖ ਦੋ ਪੰਜਾਬਾਂ ਵਿਚ ਵੰਡੇ ਗਏ। ਪੰਜਾਬੀ ਦੀ ਪਵਿੱਤਰ ਧਰਤੀ ਤੇ ਵਗਦੇ ਪੰਜ ਦਰਿਆਵਾਂ ਦੇ ਨਾਲ

ਛੇਵਾਂ ਦਰਿਆ ਖ਼ੂਨ ਦਾ ਵਹਿ ਤੁਰਿਆ। ਦੋਵੇਂ ਪਾਸੇ ਨਸ਼ਵਰ ਦੇ ਗੀਤ ਗਾਉਣ ਲੱਗੇ। ਦੇਸ਼ ਦੀ ਵੰਡ ਮੌਕੇ ਪੰਜਾਬ ਵਿਚ ਲੱਖਾਂ ਸਿੱਖਾਂ ਹਿੰਦੂਆਂ ਅਤੇ ਮੁਸਲਮਾਨਾਂ ਦਾ ਖ਼ੂਨ ਡੁੱਲਦਾ ਵੇਖਿਆ ਗਿਆ। ਦੇਸ਼ ਦੀ ਵੰਡ ਮਗਰੋਂ ਪੰਜਾਬ ਦੇ ਪੰਜਾਬੀ ਬੋਲ ਦੇ ਬਾਰਾਂ ਜਿਲ੍ਹਿਆਂ ਵਿਚ ਸਿੱਖਾਂ ਦੀ ਆਬਾਦੀ ਆਮ 52 % ਦੇ ਕਰੀਬ ਬਣਦੀ ਸੀ। ਇਸ ਵੇਲੇ ਪੰਜਾਬ ਦੇ ਸਮੇਂ ਵਿਚ ਪੰਜਾਬ ਵਿਧਾਨ ਸਭਾ ਵਿਚ 87 ਮੈਂਬਰ ਸਨ ਜਿਨ੍ਹਾਂ ਵਿਚੋਂ 23 ਅਕਾਲੀ ਦਲ ਦੇ, 50 ਕਾਂਗਰਸ ਦੇ, 14 ਆਜ਼ਾਦ ਸਨ। ਕਾਂਗਰਸ ਪਾਰਟੀ ਦੇ ਮੈਂਬਰਾਂ ਵਿਚੋਂ 10 ਸਿੱਖ ਸਨ, ਕਾਂਗਰਸ ਪਾਰਟੀ ਵਿਚ ਵੀ ਫੁੱਟ ਸੀ। ਇਸੇ ਵਿਚ ਇੱਕ ਧੜਾ ਗੋਪੀ ਚੰਦ, ਭਾਰਗੋ ਅਤੇ ਦੂਜਾ ਧੜਾ ਸਤਪਾਲ ਦਾ ਸੀ। ਅਕਾਲੀ ਦਲ ਅੰਦਰ ਵੀ ਮੌਕਾਪ੍ਰਸਤ ਲੋਕ ਸਨ। ਉਸ ਵੇਲ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੇ ਇੱਕੋ-ਇੱਕ ਵਾਹਿਦ ਨੁਮਾਇੰਦਾ ਜਥੇਬੰਦੀ ਸੀ। ਗਿਆਨੀ ਕਰਤਾਰ ਸਿੰਘ ਅਕਾਲੀ ਦਲ ਦਾ ਪ੍ਰਧਾਨ ਸੀ। ਗਿਆਨੀ ਕਰਤਾਰ ਸਿੰਘ ਅਕਾਲੀ ਦੀ ਵਰਕਿੰਗ ਕਮੇਟੀ ਤੋਂ 17 ਮਾਰਚ 1948 ਨੂੰ ਆਪਣੇ ਪੰਜਾਬ ਅਸੈਂਬਲੀ ਅਤੇ ਪਾਰਲੀਮੈਂਟ ਮੈਂਬਰਾਂ ਨੂੰ ਕਾਂਗਰਸ ਵਿਚ ਹੋਣ ਦਾ ਮਤਾ ਪਾਸ ਕਰਵਾਇਆ ਪਰ ਮਾਸਟਰ ਤਾਰਾ ਸਿੰਘ ਅਤੇ ਕੁਝ ਹੋਰ ਆਗੂ ਇਸ ਤੋਂ ਰਾਜੀ ਨਹੀਂ ਸਨ ਪਰ ਫੁੱਟ ਦੇ ਡਰ ਕਰਕੇ ਉਨ੍ਹਾਂ ਨੇ ਕੋਈ ਕਾਰਵਾਈ ਨਾ ਕੀਤੀ। ਗਿਆਨੀ ਕਰਤਾਰ ਸਿੰਘ ਨੇ ਇਸ ਪ੍ਰੈਸ ਕਾਨਫਰੰਸ ਵਿਚ ਆਖਿਆ ਕਿ ਅਕਾਲੀ ਦਲ ਵੱਖਰੀ ਚੋਣ ਨਹੀਂ ਚਾਹੁੰਦਾ ਪਰੰਤੂ ਕਾਂਗਰਸ ਸਿੱਖਾਂ ਨੂੰ ਉਨ੍ਹਾਂ ਦੇ ਹੱਕਾਂ ਦੀ ਅਤੇ ਹੋਂਦ ਦੀ ਰੱਖਿਆ ਲਈ ਯਕੀਨ ਦਿਵਾਵੇ। ਇਨ੍ਹਾਂ ਹਾਲਾਤਾਂ ਵਿਚ ਅਕਾਲੀ ਦਲ ਦੇ ਐਮ.ਐਲ.ਤੇ ਐਮ.ਪੀ. ਗਿਆਨੀ ਕਰਤਾਰ ਸਿੰਘ ਸਰਪ੍ਰਸਤੀ ਵਿਚ ਕਾਂਗਰਸ ਦੇ ਫਾਰਮ ਭਰ ਦਿੱਤੇ। ਮਾਸਟਰ ਤਾਰਾ ਸਿੰਘ ਭਾਵੇਂ ਇਸ ਗੱਲ ਤੇ ਅੰਦਰੋਂ ਦੁਖੀ ਸੀ ਪਰ ਫੁੱਟ ਦੇ ਡਰ ਕਰਕੇ ਉਹ ਕੁਝ ਵੀ ਨਾ ਕਹਿ ਸਕਿਆ।

ਇਸ ਮੌਕੇ ਤੇ ਸਭ ਤੋਂ ਘਟੀਆ ਰੋਲ ਬਲਦੇਵ ਸਿੰਘ ਦਾ ਸੀ। ਉਸ ਨੇ ਕਾਂਗਰਸ ਦੀ

ਖੂਬ ਹਮਾਇਤ ਕੀਤੀ ਤੇ ਵਜ਼ੀਰੀ ਕਾਇਮ ਰੱਖਣ ਦੀ ਕੀਮਤ ਅਦਾ ਕੀਤੀ। ਚੰਦ ਸਿੱਕਿਆਂ ਜਾਂ ਸਰਕਾਰੀ ਤਾਕਤ ਖਾਤਰ ਇਹ ਲੋਕ ਕਾਂਗਰਸ ਦੀ ਝੋਲੀ ਵਿਚ ਪੈ ਗਏ ਅਤੇ ਇਨ੍ਹਾਂ ਲੋਕਾਂ ਨੇ ਸਿੱਖਾਂ ਉੱਤੇ ਜ਼ੁਲਮ ਹੁੰਦਾ ਵੇਖ ਕੇ ਕਬੂਤਰ ਵਾਂਗ ਅੱਖਾਂ ਬੰਦ ਕਰ ਲਈਆਂ ਸਨ। ਸਿਰਫ ਅਕਾਲੀ ਦਲ ਹੀ ਸੀ ਜਿਸ ਨੇ ਸਿੱਖੀ ਸਰੂਪ ਨੂੰ ਬਚਾਉਣ ਲਈ ਜੀਅ ਜਾਨ ਦੀ ਜਦੋਜਹਿਦ ਕੀਤੀ ਇਸ ਜਦੋਜਹਿਦ ਵਿਚ ਸਭ ਤੋਂ ਵੱਧ ਹਿੱਸਾ ਮਾਸਟਰ ਤਾਰਾ ਸਿੰਘ ਦਾ ਸੀ।

ਸ਼੍ਰੋਮਣੀ ਅਕਾਲੀ ਦਲ ਨੇ 7 ਮਈ 1959 ਨੂੰ ਇਹ ਐਲਾਨ ਕੀਤਾ ਕਿ ਅਗਲੀਆਂ ਗੁਰਦੁਆਰਾ ਚੋਣਾਂ ਅਕਾਲੀ ਦਲ ਪੰਜਾਬੀ ਸੂਬੇ ਦੇ ਸੰਬੰਧ ਵਿਚ ਲੜੇਗਾ। ਦੂਸਰੇ ਪਾਸੇ ਗਿਆਨੀ ਕਰਤਾਰ ਸਿੰਘ ਦੇ ਤੇ ਉਸਦੇ ਸਾਥੀਆਂ ਨੇ ਮਾਸਟਰ ਤਾਰਾ ਅਤੇ ਅਕਾਲੀ ਦਲ ਨੂੰ ਹਰਾਉਣ ਵਾਸਤੇ ਪੰਜਾਬੀ ਸੂਬੇ ਵਿਰੁੱਧ ਚੋਣ ਲੜ ਰਹੇ ਸਨ। ਗਿਆਨੀ ਕਰਤਾਰ ਸਿੰਘ ਸਰਕਾਰ ਦੀ ਮਦਦ ਨਾਲ ਮੈਦਾਨ ਵਿਚ ਆਇਆ। ਮਿਤੀ 17 ਜਨਵਰੀ 1960 ਨੂੰ ਚੋਣਾਂ ਹੋਣੀਆਂ ਸਨ। ਚੋਣਾਂ ਤੋਂ ਪਹਿਲਾਂ ਸਰਕਾਰ ਨੇ ਅਕਾਲੀ ਦਲ ਦੇ ਵਰਕਰਾਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਪਰ ਕਾਂਗਰਸ ਨੂੰ ਇਨ੍ਹਾਂ ਗ੍ਰਿਫ਼ਤਾਰੀਆਂ ਦਾ ਕੋਈ ਫਾਇਦਾ ਨਾ ਹੋਇਆ। ਅਕਾਲੀ ਦਲ ਨੇ 140 ਵਿਚੋਂ 137 ਸੀਟਾਂ ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਗਿਆਨੀ ਕਰਤਾਰ ਸਿੰਘ ਦੇ ਸਾਧ ਸੰਗਤ ਬੋਰਡ ਨੇ ਸਿਰਫ 3 ਸੀਟਾਂ ਜਿੱਤੀਆਂ। ਇਸ ਤਰ੍ਹਾਂ ਦੇਸ਼ ਭਗਤ ਪਾਰਟੀ ਦਾ ਬਿਲਕੁਲ ਸਫਾਇਆ ਹੋ ਗਿਆ। ਅਕਾਲੀ ਦਲ ਨੇ ਇਹ ਚੋਣਾਂ ਪੰਜਾਬੀ ਸੂਬੇ ਦੇ ਸਵਾਲ ਤੇ ਲੜੀਆਂ ਸਨ। ਇਸ ਕਰਕੇ ਅਕਾਲੀ ਦਲ ਨੇ 24 ਜਨਵਰੀ 1960 ਨੂੰ ਪੰਜਾਬੀ ਸੂਬਾ ਕਾਇਮ ਕਰਨ ਦੇ ਸੰਬੰਧ ਵਿਚ ਮੋਰਚੇ ਦਾ ਐਲਾਨ ਕਰ ਦਿੱਤਾ। ਕਾਂਗਰਸ ਸਰਕਾਰ ਨੇ ਪੰਜਾਬੀ ਸੂਬੇ ਅਕਾਲੀ ਦਲ ਦੀ ਮੰਗ ਦਾ ਵਿਰੋਧ ਕੀਤਾ। ਮਾਸਟਰ ਤਾਰਾ ਸਿੰਘ ਨੇ ਜੋ ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਤਾਂ ਜੋ ਆਪਣਾ ਧਿਆਨ ਪੰਜਾਬੀ ਸੂਬੇ ਵੱਲ ਲਗਾ ਸਕਣ।

ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਵਾਸਤੇ ਮੁੱਢ ਭਾਰੀ ਜਥੇਦਾਰੀ ਕੀਤੀ ਗਈ ਅਤੇ ਅਕਾਲੀਆਂ ਵੱਲੋਂ ਇਸ ਸੰਬੰਧ ਵਿਚ ਵੱਡੀ ਗਿਣਤੀ ਵਿਚ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਪੰਜਾਬੀ ਸੂਬਾ ਮੋਰਚੇ ਵਿਚ ਗ੍ਰਿਫ਼ਤਾਰੀ ਵਾਸਤੇ ਬੜਾ ਭਾਰੀ ਜ਼ੋਰ ਸੀ। ਇਸ ਪਿਛੋਂ ਪੰਜਾਬੀ ਸੂਬਾ ਮੋਰਚਾ ਦੀ ਵਾਗਡੋਰ ਬਾਬਾ ਫ਼ਤਿਹ ਸਿੰਘ ਨੇ ਸੰਭਾਲੀ ਜਿਹੜਾ ਕਿ ਬੀਕਾਨੇਰ ਦਾ ਰਹਿਣ ਵਾਲਾ ਸੀ। ਸੰਤ ਫ਼ਤਿਹ ਸਿੰਘ ਨੇ ਗੁਰਦੁਆਰਾ ਮੰਜੀ ਸਾਹਿਬ ਵਿਖੇ ਲੈਕਚਰ ਕਰਨਾ ਸ਼ੁਰੂ ਕਰ ਦਿੱਤਾ। ਸੰਗਤਾਂ ਤੇ ਹੌਂਸਲੇ ਵਿਚ ਵਾਧਾ ਹੋਇਆ ਤੇ ਬਖਲਾਈ ਹੋਈ ਸਰਕਾਰ ਨੇ 6 ਸਤੰਬਰ 1960 ਨੂੰ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਸਿੱਖਾਂ ਦਾ ਜੋਸ਼ ਹੋਰ ਵੱਧ ਗਿਆ। ਸੰਤ ਫ਼ਤਿਹ ਸਿੰਘ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਕਿਹਾ ਅਸੀਂ, ਜਿਨ੍ਹਾਂ ਲੰਮਾਂ ਸਮਾਂ ਮੁਗਲਾਂ ਨਾਲ ਘੋਲ ਕੀਤਾ ਹੈ। ਅੰਗਰੇਜ਼ੀ ਸਾਮਰਾਜ ਦੇ ਹਮਲੇ ਦਾ ਟਾਕਰਾ ਕੀਤਾ ਹੈ। ਇਸੇ ਤਰ੍ਹਾਂ ਤੁਹਾਡੇ ਰਾਜ ਦੇ ਵਿਤਕਰੇ ਨੂੰ ਦੂਰ ਕਰਨ ਲਈ ਕੁਰਬਾਨੀਆਂ ਦੇ ਦੇਵਾਂਗੇ ਪਰ ਝੁਕਾਂਗੇ ਨਹੀਂ। ਸੰਤ ਫ਼ਤਿਹ ਸਿੰਘ ਨੇ ਮਰਨ ਵਰਤ ਦਾ ਐਲਾਨ ਕਰ ਦਿੱਤਾ। 18 ਦਸੰਬਰ 1960 ਨੂੰ ਆਪਣਾ ਮਰਨ ਵਰਤ ਸ਼ੁਰੂ ਕਰ ਲਿਆ। ਜਦੋਂ ਉਨ੍ਹਾਂ ਦਾ ਮਰਨ ਵਰਤ 18ਵੇਂ ਦਿਨ ਸ਼ੁਰੂ ਹੋ ਗਿਆ ਤਾਂ 31 ਦਸੰਬਰ ਵਾਲੇ ਦਿਨ ਨਹਿਰੂ ਨੇ ਇੱਕ ਬਿਆਨ ਦਿੱਤਾ ਕਿ ਪੰਜਾਬੀ ਸੂਬਾ ਤਾਂ ਬਣਿਆ ਹੋਇਆ ਹੈ ਪੰਜਾਬ ਪੰਜਾਬੀ ਸੂਬਾ ਹੀ ਹੈ ਤੇ ਉਸਦੀ ਮੁੱਖ ਬੋਲੀ ਪੰਜਾਬੀ ਹੀ ਹੈ।

ਮੌਜੂਦਾ ਪੰਜਾਬ 1 ਨਵੰਬਰ 1966 ਈ. ਨੂੰ ਹੋਂਦ ਵਿਚ ਆਇਆ। ਸ. ਗੁਰਮੁਖ ਸਿੰਘ ਮੁਸਾਫਿਰ ਪੰਜਾਬ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਦੇ ਨਾਲ 11 ਕੈਬਨਿਟ ਮੰਤਰੀ, 4 ਰਾਜ ਮੰਤਰੀ, 4 ਉਪ ਮੰਤਰੀ, ਇੱਕ ਪਾਰਲੀਮੈਂਟ ਸਕੱਤਰ, ਕੁੱਲ 22 ਮੰਤਰੀ ਬਣੇ। ਹੁਣ ਪੰਜਾਬ ਰਾਜ 18 ਜਿਲ੍ਹਿਆਂ ਦੀ ਥਾਂ 11 ਜਿਲ੍ਹਿਆਂ ਦਾ ਛੋਟਾ ਰਾਜ ਰਹਿ ਗਿਆ ਸੀ ਪਰ ਮੰਤਰੀਆਂ ਦੀ ਸੈਨਾ ਵੱਡੀ ਬਣਾ ਦਿੱਤਾ ਗਈ। ਹੁਕਮਰਾਨ ਕਾਂਗਰਸ ਪਾਰਟੀ ਖੁਸ਼ੀਆਂ ਮਨਾ ਰਹੀ ਸੀ।

ਸੰਤ ਫਤਹਿ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ 1 ਨਵੰਬਰ 1966 ਨੂੰ ਕਿਹਾ ਕਿ, ਸਰਕਾਰ ਨੇ ਪੰਜਾਬੀ ਸੂਬੇ ਦੀ ਖੀਰ ਪਰੋਸ ਕੇ, ਸਾਂਝੀਆਂ ਕੜੀਆਂ ਲਾ ਕੇ ਅਤੇ ਪੰਜਾਬੀ ਇਲਾਕੇ ਇਸ ਤੋਂ ਵਿਛੋੜ ਕੇ ਉੱਤੇ ਸੁਆਹ ਪਾ ਦਿੱਤੀ ਹੈ ਜੋ ਬਰਦਾਸ਼ਤ ਨਹੀਜ਼ ਕੀਤੀ ਜਾ ਸਕਦੀ। ਲੋਕ ਸਭਾ ਵਿਚ ਅਕਾਲੀ ਮੈਂਬਰਾਂ ਸ. ਕਪੂਰ ਸਿੰਘ, ਸ. ਬੂਟਾ ਸਿੰਘ, ਸ. ਧੰਨਾ ਸਿੰਘ ਗੁਲਸ਼ਨ ਨੇ ਰੋਸ ਵਜੋਂ ਵਾਕ ਆਊਟ ਕੀਤਾ ਅਤੇ ਬਿੱਲ ਨੂੰ ਗੰਦਾ ਆਂਡਾ ਆਖ ਕੇ ਰੱਦ ਕਰਨ ਦਾ ਸੁਝਾਉ ਦਿੱਤਾ।

ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੰਤ ਫਤਹਿ ਸਿੰਘ ਨੇ 5 ਦਸੰਬਰ 1966 ਈ. ਨੂੰ ਐਲਾਨ ਜਾਰੀ ਕਰਵਾਇਆ ਕਿ ਜਦ ਤੱਕ ਪੰਜਾਬੀ ਬੋਲਦੇ ਇਲਾਕੇ ਜੋ ਪੰਜਾਬ ਤੋਂ ਵਿਛੋੜੇ ਗਏ ਹਨ ਅਤੇ ਹਰਿਆਣਾ ਰਾਜ ਨਾਲ ਰੱਖੀਆਂ ਗਈਆਂ ਸਾਂਝੀਆਂ ਕੜੀਆਂ ਤੋੜੀਆਂ ਨਹੀਂ ਜਾਂਦੀਆਂ ਅਤੇ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿੱਤਾ ਜਾਂਦਾ ਤਾਂ ਮੈਂ 17 ਦਸੰਬਰ ਤੋਂ ਭੁੱਖ ਹੜਤਾਲ ਕਰਾਂਗਾ ਅਤੇ 27 ਦਸੰਬਰ ਨੂੰ ਸੜ ਮਰਾਂਗਾ। ਮੇਰੇ 6 ਸਾਥੀ ਸੰਤ ਚੰਨਣ ਸਿੰਘ, ਜਥੇਦਾਰ ਜੀਵਨ ਸਿੰਘ ਉਮਰਨੰਗਲ, ਜਥੇਦਾਰ ਮੱਲ ਸਿੰਘ ਚੜਿਕ, ਸ. ਦਲੀਪ ਸਿੰਘ, ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ. ਜਗਜੀਤ ਸਿੰਘ 26 ਦਸੰਬਰ ਨੂੰ ਸੜ ਮਰਨਗੇ।

ਦੂਜੇ ਪਾਸੇ ਭਾਰਤ ਦੇ ਚੋਣ ਕਮਿਸ਼ਨਰ ਨੇ ਜਨਰਲ ਚੋਣਾਂ ਦਾ ਐਲਾਨ ਕਰ ਦਿੱਤਾ। ਪੰਜਾਬ ਵਿਚ 19 ਫਰਵਰੀ 1967 ਈ. ਨੂੰ ਚੋਣਾਂ ਹੋਈਆਂ। ਸੰਤ ਫਤਹਿ ਸਿੰਘ ਦਾ ਮਰਨ ਵਰਤ ਗੱਲਾਂਬਾਤਾਂ ਰਾਹੀਂ ਛੁਡਵਾ ਦਿੱਤਾ ਗਿਆ। ਵੋਟਾਂ ਤੋਂ ਪਹਿਲਾਂ ਸੰਤ ਫਤਹਿ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੇ ਅਕਾਲੀ ਗਰੁੱਪਾਂ ਵਿਚ ਏਕਤਾ ਦੀ ਗੱਲ ਚੱਲੀ ਅਤੇ ਫੈਸਲਾ ਹੋਇਆ ਚੋਣਾਂ ਰਲ ਕੇ ਲੜੀਆਂ ਜਾਣ ਪਰ ਬਠਿੰਡੇ ਦੀ ਲੋਕ ਸਭਾ ਸੀਟ 'ਤੇ ਫੈਸਲਾ ਨਾ ਹੋ ਸਕਿਆ। ਸੰਤ ਫਤਹਿ ਸਿੰਘ ਆਪਣੀ ਕਾਰ ਦੇ ਡਰਾਈਵਰ ਕਿੱਕਰ ਸਿੰਘ ਨੂੰ ਚੋਣ ਲੜਾਉਣਾ ਚਾਹੁੰਦੇ ਸਨ ਪਰ ਮਾਸਟਰ ਤਾਰਾ ਸਿੰਘ ਚਾਹੁੰਦੇ ਸਨ ਕਿ ਸ. ਧੰਨਾ ਸਿੰਘ ਗੁਲਸ਼ਨ ਬਠਿੰਡਾ

ਲੋਕ ਸਭਾ ਸੀਟ ਤੋਂ ਚੋਣ ਲੜੇ। ਸਮਝੌਤਾ ਟੁੱਟ ਗਿਆ, ਸੰਤ ਫਤਹਿ ਸਿੰਘ ਨੇ ਕਾਮਰੇਡਾਂ ਨਾਲ ਸਮਝੌਤਾ ਕਰ ਲਿਆ। ਇਨ੍ਹਾਂ ਚੋਣਾਂ ਦਾ ਨਤੀਜਾ 24 ਫਰਵਰੀ ਨੂੰ ਆਇਆ। ਕਾਂਗਰਸ ਨੇ 48 ਅਕਾਲੀ ਦਲ ਸੰਤ ਨੇ 24, ਸੀ.ਪੀ.ਆਈ. 5, ਸੀ.ਪੀ.ਐਮ. 3, ਜਨਸੰਘ 9, ਪੀ.ਐਸ.ਪੀ.1, ਅਕਾਲੀ ਦਲ ਮਾਸਟਰ 2, ਐਸ.ਐਸ.ਪੀ. 3, ਆਜ਼ਾਦ 9 ਜਿੱਤੇ। ਲੋਕ ਸਭੀਆਂ ਦੀਆਂ 9 ਸੀਟਾਂ ਕਾਂਗਰਸ ਨੇ, 1 ਜਨਸੰਘ ਨੇ ਤੇ 3 ਸੰਤ ਦਲ ਨੇ ਜਿੱਤੀਆਂ। ਚੰਡੀਗੜ੍ਹ ਦੀ ਸੀਟ ਜਨਸੰਘ ਨੇ ਜਿੱਤੀ। ਇਸ ਚੋਣ ਵਿਚ ਸ. ਗੁਰਮੁੱਖ ਸਿੰਘ ਮੁਸਾਫਿਰ, ਛੇਹਰਟਾ ਹਲਕੇ ਤੋਂ ਸੀ.ਪੀ.ਆਈ. ਦ ਉਮੀਦਵਾਰ ਸਤਪਾਲ ਡਾਂਗ ਤੋਂ ਦਸ ਹਜ਼ਾਰ ਦੇ ਕਰੀਬ ਵੋਟਾਂ ਨਾਲ ਹਾਰ ਗਏ। ਕਾਂਗਰਸ ਪਾਰਟੀ ਦੇ ਨੇਤਾ ਸ. ਗਿਆਨ ਸਿੰਘ ਰਾੜੇ ਵਾਲੇ ਨੂੰ ਚੁਣ ਲਿਆ ਗਿਆ। ਸਾਂਝੇ ਮੋਰਚੇ ਦੇ ਨੇਤਾ ਸ. ਗੁਰਨਾਮ ਸਿੰਘ ਬਣੇ ਅਤੇ 8 ਮਾਰਚ 1967 ਨੂੰ ਮੁੱਖ ਮੰਤਰੀ ਦੀ ਸਹੁੰ ਚੁੱਕੀ। ਇਸ ਸਮੇਂ ਭਾਰਤ ਦੇ 9 ਰਾਜਾਂ ਵਿਚ ਗੈਰ-ਕਾਂਗਰਸੀ ਸਰਕਾਰਾਂ ਬਣੀਆਂ। ਸਾਂਝੇ ਮੋਰਚੇ ਦੀ ਸਰਕਾਰ ਲਈ ਸਪੀਕਰ ਚੁਣਨ ਦਾ ਸਮਾਂ ਆਇਆ ਤਾਂ ਡਾਕਟਰ ਜਗਜੀਤ ਸਿੰਘ ਚੌਹਾਨ ਦੇ ਮੁਕਾਬਲੇ ਸ. ਜੋਗਿੰਦਰ ਸਿੰਘ 'ਮਾਨ' ਸਪੀਕਰ ਚੁਣੇ ਗਏ। ਸ. ਸਤਨਾਮ ਸਿੰਘ ਬਾਜਵਾ, ਜਗਤਾਰ ਸਿੰਘ ਟਿੱਕਾ, ਅਮਰ ਸਿੰਘ ਦੁਸਾਂਝ ਨੇ ਮਾਨ ਨੂੰ ਵੋਟਾਂ ਪਾਈਆਂ। ਇਸੇ ਦਿਨ ਅਮਰ ਸਿੰਘ ਦੁਸਾਂਝ ਸਾਂਝੇ ਫਰੰਟ ਵਿਚ ਸ਼ਾਮਿਲ ਹੋ ਗਏ। ਸ. ਗੁਰਨਾਮ ਸਿੰਘ 24 ਨਵੰਬਰ 1967 ਤੱਕ ਮੁੱਖ ਮੰਤਰੀ ਰਹੇ।

ਸ. ਲਛਮਣ ਸਿੰਘ ਗਿੱਲ ਜੋ ਜਸਟਿਸ ਗੁਰਨਾਮ ਸਿੰਘ ਦੇ ਮੰਤਰੀ ਮੰਡਲ ਵਿਚ ਸਿੱਖਿਆ ਮੰਤਰੀ ਸਨ, 22 ਨਵੰਬਰ 1967 ਨੂੰ 16 ਮੈਂਬਰਾਂ ਨੂੰ ਲੈ ਕੇ ਸਾਂਝੇ ਫਰੰਟ ਤੋਂ ਵੱਖਰੇ ਹੋ ਗਏ ਅਤੇ ਕਾਂਗਰਸੀ ਮੈਂਬਰਾਂ ਦੀ ਹਮਾਇਤ ਨਾਲ 25 ਨਵੰਬਰ ਨੂੰ ਮੁੱਖ ਮੰਤਰੀ ਬਣੇ। ਸ. ਲਛਮਣ ਸਿੰਘ ਗਿੱਲ 23 ਅਗਸਤ 1968 ਤੱਕ ਮੁੱਖ ਮੰਤਰੀ ਰਹੇ। ਇਸ ਸਮੇਂ ਦੌਰਾਨ 22 ਨਵੰਬਰ 1967 ਨੂੰ ਮਾਸਟਰ ਤਾਰਾ ਸਿੰਘ ਚੜ੍ਹਾਈ ਕਰ ਗਏ। ਸ. ਲਛਮਣ ਸਿੰਘ ਗਿੱਲ ਨੇ

ਮਾਂ ਬੋਲੀ ਪੰਜਾਬੀ ਭਾਸ਼ਾ ਵਾਸਤੇ ਉਸਾਰੂ ਕਦਮ ਚੁੱਕੇ ਪਰ ਲਛਮਣ ਸਿੰਘ ਗਿੱਲ ਨੇ ਸੰਤ ਫ਼ਤਹਿ ਸਿੰਘ ਦੀ ਸੱਜੀ ਬਾਂਹ ਸੰਤ ਚੰਨਣ ਸਿੰਘ ਅਤੇ ਕਈ ਹੋਰ ਸਾਥੀਆਂ ’ਤੇ 28 ਜੁਲਾਈ 1968 ਨੂੰ ਕੇਸ ਦਰਜ ਕਰਵਾ ਦਿੱਤੇ। ਕਾਂਗਰਸ ਸ. ਲਛਮਣ ਸਿੰਘ ਗਿੱਲ ਦੇ ਕੰਮ ਤੋਂ ਖੁਸ਼ ਨਹੀਂ ਸੀ। ਕਾਂਗਰਸ ਨੇ ਸ. ਗਿੱਲ ਤੋਂ ਆਪਣੀ ਹਮਾਇਤ ਵਾਪਿਸ ਲੈਣ ਦਾ ਐਲਾਨ ਕਰ ਦਿੱਤਾ। ਸ. ਲਛਮਣ ਸਿੰਘ ਗਿੱਲ ਨੇ 31 ਅਗਸਤ 1968 ਨੂੰ ਆਪਣਾ ਤਿਆਗ ਪੱਤਰ ਗਵਰਨਰ ਪੰਜਾਬ ਨੂੰ ਦੇ ਦਿੱਤਾ। ਗਵਰਨਰ ਨੇ ਸਾਰੀ ਸਥਿਤੀ ਬਾਰੇ ਰਾਸ਼ਟਰਪਤੀ ਨੂੰ ਜਾਣੂ ਕਰਵਾਇਆ। ਸਾਰੇ ਹਾਲਾਤ ਨੂੰ ਦੇਖਦਿਆਂ ਹੋਇਆ ਪੰਜਾਬ ਵਿਚ ਗਵਰਨਰੀ ਰਾਜ ਲਾਗੂ ਕਰ ਦਿੱਤਾ ਗਿਆ।

ਸੰਤ ਫ਼ਤਹਿ ਸਿੰਘ ਨੇ 28-29 ਸਤੰਬਰ 1968 ਨੂੰ ਬਟਾਲੇ ਸਰਬ ਹਿੰਦ ਅਕਾਲੀ ਕਾਨਫਰੰਸ ਕੀਤੀ। ਇਸੇ ਕਾਨਫਰੰਸ ਵਿਚ ਸੂਬਾਈ ਖੁਦਮੁਖਤਿਆਰੀ ਦੀ ਮੰਗ ਕੀਤੀ ਗਈ। ਫਰਵਰੀ 1969 ਈ. ਨੂੰ ਨਵੀਆਂ ਚੋਣਾਂ ਦਾ ਐਲਾਨ ਹੋ ਗਿਆ। ਇਸੇ ਸਮੇਂ ਪੂਰੀਆਂ ਕੋਸ਼ਿਸ਼ਾਂ ਨਾਲ ਸੰਤ ਅਤੇ ਮਾਸਟਰ ਅਕਾਲੀ ਦਲ ਵਿਚ 7 ਅਕਤੂਬਰ 1968 ਨੂੰ ਏਕਤਾ ਹੋ ਗਈ। ਸੰਤ ਫ਼ਤਹਿ ਸਿੰਘ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ, ਗਿਆਨੀ ਭੁਪਿੰਦਰ ਸਿੰਘ ਚੋਣ ਬੋਰਡ ਦੇ ਚੇਅਰਮੈਨ, ਸ. ਕਪੂਰ ਸਿੰਘ ਐਮ.ਪੀ. ਸੀਨੀਅਰ ਮੀਤ ਪ੍ਰਧਾਨ, ਸ. ਆਤਮਾ ਸਿੰਘ ਜਨਰਲ ਸਕੱਤਰ, ਗਿਆਨੀ ਅਜਮੇਰ ਸਿੰਘ ਦਲ ਦੇ ਸਕੱਤਰ ਬਣੇ। ਚੋਣਾਂ ਰਲ ਕੇ ਲੜੀਆਂ ਗਈਆਂ ਅਤੇ 17 ਫਰਵਰੀ 1969 ਨੂੰ ਚੋਣਾਂ ਦੇ ਨਤੀਜੇ ਆਏ, ਜਿਸ ਅਨੁਸਾਰ ਸ਼੍ਰੋਮਣੀ ਅਕਾਲੀ ਦਲ 43, ਕਾਂਗਰਸ 38 ਸੀ.ਪੀ.ਆਈ. 4, ਸੀ.ਪੀ.ਐਮ. 2, ਜਨਸੰਘ 38, ਪੀ.ਆਈ. 4, ਸੀ.ਪੀ.ਐਮ.. 2 ਜਨਸੰਘ 8 ਤੇ ਆਜ਼ਾਦ 4 ਚੁਣੇ ਗਏ। ਗੈਰ ਕਾਂਗਰਸੀ ਪਾਰਟੀਆਂ ਨੇ ਸ. ਗੁਰਨਾਮ ਸਿੰਘ ਨੂੰ ਆਪਣਾ ਨੇਤਾ ਚੁਣ ਲਿਆ। ਗਵਰਨਰ ਪੰਜਾਬ ਨੇ ਜਸਟਿਸ ਗੁਰਨਾਮ ਸਿੰਘ ਦੀ ਵਜ਼ਾਰਤ ਦੇ 5 ਮੈਂਬਰਾਂ ਨੂੰ ਸਹੁੰ

ਚੁਕਾਈ। ਜਸਟਿਸ ਗੁਰਨਾਮ ਸਿੰਘ ਨੇ ਮੁੱਖ ਮੰਤਰੀ ਬਣ ਕੇ ਬਦਲੇ ਦੀ ਭਾਵਨਾ ਨੂੰ ਮੁੱਖ ਰੱਖਿਆ ਅਤੇ 13 ਮਾਰਚ, 1969 ਨੂੰ ਸਾਬਕਾ ਮੁੱਖ ਮੰਤਰੀ ਸ. ਲਛਮਣ ਸਿੰਘ ਗਿੱਲ ਨੂੰ ਚੰਡੀਗੜ੍ਹ ਹਵਾਈ ਅੱਡੇ 'ਤੇ ਉਤਰਦਿਆਂ ਹੀ ਗ੍ਰਿਫ਼ਤਾਰ ਕਰ ਲਿਆ। ਸ. ਲਛਮਣ ਸਿੰਘ ਗਿੱਲ ਨੂੰ 26 ਅਪ੍ਰੈਲ, 1969 ਨੂੰ ਦਿਲ ਦਾ ਦੌਰਾ ਪਿਆ ਅਤੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਸ ਵਜ਼ਾਰਤ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਮਸਲਾ ਆਇਆ, ਭਾਰਤ ਦੇ ਰਾਸ਼ਟਰਪਤੀ ਦੀ ਚੋਣ, ਸ. ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ, ਸੰਤ ਫ਼ਤਹਿ ਸਿੰਘ ਦਾ 26 ਜਨਵਰੀ, 1970 ਨੂੰ ਫਿਰ ਮਰਨ ਵਰਤ, ਰਾਜ ਸਭਾ ਦੇ ਮੈਂਬਰਾਂ ਦੀ ਚੋਣ, ਜਿਸ ਵਿਚ ਜਸਟਿਸ ਗੁਰਨਾਮ ਸਿੰਘ ਨੇ ਜਥੇਦਾਰ ਸੰਤੋਖ ਸਿੰਘ ਦਿੱਲੀ ਦੀ ਥਾਂ ਗਿਆਨੀ ਭੁਪਿੰਦਰ ਸਿੰਘ ਨੂੰ ਸਹਿਯੋਗ ਦਿੱਤਾ। ਗਿਆਨੀ ਭੁਪਿੰਦਰ ਸਿੰਘ ਰਾਜ ਸਭ ਦੇ ਮੈਂਬਰ ਚੁਣੇ ਗਏ ਅਤੇ ਸੰਤ ਫ਼ਤਹਿ ਸਿੰਘ ਦੇ ਉਮੀਦਵਾਰ ਜਥੇਦਾਰ ਸੰਤੋਖ ਸਿੰਘ ਦਿੱਲੀ ਚੋਣ ਹਾਰ ਗਏ। ਪਾਰਟੀ ਵਿਚ ਫੁੱਟ ਪੈਦਾ ਹੋ ਗਈ।

ਪੰਜਾਬੀ ਵਿਧਾਨ ਸਭਾ ਦੇ ਚਾਲੂ ਸਮਾਗਮ ਵਿਚ ਮਾਲੀ ਬਿੱਲ ਪੇਸ਼ ਹੋਣਾ ਸੀ, ਸੰਤ ਫ਼ਤਹਿ ਸਿੰਘ ਅਤੇ ਸਾਥੀਆਂ ਦੀ ਮਿਲੀ ਭੁਗਤ ਨਾਲ ਸ. ਬਲਵੰਤ ਸਿੰਘ ਖਜ਼ਾਨਾ ਮੰਤਰੀ ਨੇ ਬਿੱਲ ਨਾ ਪੇਸ਼ ਕੀਤਾ। ਜਸਟਿਸ ਗੁਰਨਾਮ ਸਿੰਘ ਨੇ ਇਜਲਾਸ ਅਗਲੇ ਦਿਨ ਤੇ ਮੁਲਤਵੀ ਕਰਕੇ ਅਗਲੇ ਦਿਨ ਆਪ ਹੀ ਬਿੱਲ ਪੇਸ਼ ਕਰ ਦਿੱਤਾ ਜੋ 22 ਦੇ ਮੁਕਾਬਲੇ 44 ਵੋਟਾਂ ਨਾਲ ਫੇਲ੍ਹ ਹੋ ਗਿਆ। ਜਸਟਿਸ ਗੁਰਨਾਮ ਸਿੰਘ ਨੂੰ ਭੰਗ ਕਰਵਾਉਣਾ ਚਾਹੁੰਦਾ ਸੀ। ਇਸੇ ਦਿਨ ਅਕਾਲੀ ਵਿਧਾਇਕਾ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਆਪਣਾ ਨਵਾਂ ਨੇਤਾ ਚੁਣ ਲਿਆ। ਸ. ਪ੍ਰਕਾਸ਼ ਸਿੰਘ ਬਾਦਲ ਪਹਿਲੀ ਵਾਰ 27 ਮਾਰਚ, 1970 ਈ. ਨੂੰ ਮੁੱਖ ਮੰਤਰੀ ਬਣੇ। ਇਸੇ ਦਿਨ ਇਨ੍ਹਾਂ ਦੇ ਨਾਲ ਸ੍ਰੀ ਬਲਰਾਮ ਜੀ ਦਾਸ ਟੰਡਨ ਸ. ਬਲਵੰਤ ਸਿੰਘ ਨੇ ਵੀ ਸਹੁੰ ਚੁੱਕੀ।

ਸ਼੍ਰੋਮਣੀ ਅਕਾਲੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ 31 ਮਾਰਚ, 1970 ਨੂੰ

ਚੰਡੀਗੜ੍ਹ ਵਿਖੇ ਸੰਤ ਫ਼ਤਹਿ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਇਕੱਤਰਤਾ ਵਿਚ ਕਮੇਟੀ ਵੱਲੋਂ ਜਸਟਿਸ ਗੁਰਨਾਮ ਸਿੰਘ, ਸ. ਆਤਮਾ ਸਿੰਘ ਮਾਲ ਮੰਤਰੀ, ਸ. ਗੁਰਚਰਨ ਸਿੰਘ ਨਿਹਾਲ ਸਿੰਘਵਾਲਾ ਐਮ.ਪੀ. ਨੂੰ ਪਾਰਟੀ ਨਾਲ ਗ਼ੱਦਾਰੀ ਕਰਨ 'ਤੇ ਕੱਢਿਆ ਗਿਆ। ਸੰਤ ਫ਼ਤਹਿ ਸਿੰਘ ਕਹਿਣ ਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ 25 ਅਪ੍ਰੈਲ, 1970 ਈ. ਨੂੰ ਮੰਤਰੀ ਮੰਡਲ ਵਿਚ ਵਾਧਾ ਕਰਦੇ ਹੋਏ ਸ. ਸੋਹਣ ਸਿੰਘ ਬਾਸੀ, ਸ. ਸੁਰਜੀਤ ਸਿੰਘ ਬਰਨਾਲਾ, ਰਾਧਾ ਕ੍ਰਿਸ਼ਨ, ਡਾ. ਭਗਤ ਸਿੰਘ ਨੂੰ ਕੈਬਨਿਟ ਮੰਤਰੀ ਅਤੇ ਸ. ਤਾਰਾ ਸਿੰਘ ਲਾਇਲਪੁਰ ਨੂੰ ਰਾਜ ਮੰਤਰੀ ਬਣਾਇਆ। ਸ. ਪ੍ਰਕਾਸ਼ ਸਿੰਘ ਬਾਦਲ ਇੱਕ ਇਮਾਨਦਾਰ ਅਤੇ ਸਰੀਫ਼ ਇਨਸਾਨ ਹਨ। ਉਸ ਸਮੇਂ ਸ. ਤੇਜਾ ਸਿੰਘ ਢਿੱਲੋਂ ਬਠਿੰਡਾ, ਸ. ਸੁਰਜੀਤ ਸਿੰਘ ਰੋਪੜ ਜੋ ਰਾਜ ਮੰਤਰੀ ਸਨ, ਬਾਦਲ ਦੇ ਰਿਸ਼ਤੇਦਾਰ ਸਨ ਨੂੰ ਲੋਕ ਇਮਾਨਦਾਰੀ ਪੱਖੋਂ ਸ਼ੱਕ ਦੀ ਨਿਗ੍ਹਾ ਨਾਲ ਦੇਖਦੇ ਸਨ। ਦੂਜੇ ਪਾਸੇ ਸ. ਤੇਜਾ ਸਿੰਘ ਢਿੱਲੋਂ ਅਤੇ ਸ. ਤਰਲੋਚਨ ਸਿੰਘ ਰਿਆਸਤੀ ਦੀ ਵੀ ਆਪਸ ਵਿਚ ਨਹੀਂ ਬਣਦੀ ਸੀ। ਜਥੇਦਾਰ ਜੀਵਨ ਸਿੰਘ ਉਮਰਾਨੰਗਲ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਆਪਦੇ ਤੌਰ 'ਤੇ ਬਿਆਨ ਦੇ ਰਿਹਾ ਸੀ, ਡਾ. ਭਗਤ ਸਿੰਘ ਆਪਣੀ ਵੱਖਰੀ ਤੂਤੀ ਵਜਾ ਰਿਹਾ ਸੀ। ਸ. ਤਰਲੋਚਨ ਸਿੰਘ ਰਿਆਸਤੀ, ਅਨੰਦਪੁਰ ਸਾਹਿਬ ਵਿਧਾਨ ਸਭਾ ਦੇ ਜ਼ਿਮਨੀ ਚੋਣ ਲਈ ਜਿਥੇ ਗਿਆਨੀ ਜ਼ੈਲ ਸਿੰਘ ਖੜ੍ਹੇ ਸਨ ਦੇ ਮੁਕਾਬਲੇ ਅਕਾਲੀ ਉਮੀਦਵਾਰ ਸ਼ਿਵ ਸਿੰਘ ਬੇਲਾ ਦੀ ਹਾਰ ਦਾ ਦੋਸ਼ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਤੇ ਲਗਾ ਰਿਹਾ ਸੀ।

ਹਰ ਅਕਾਲੀ ਜਨਸੰਘੀ ਮੰਤਰੀ ਬਣਨਾ ਚਾਹੁੰਦਾ ਸੀ। ਸ. ਪ੍ਰਕਾਸ਼ ਸਿੰਘ ਬਾਦਲ ਨੇ 31 ਮਈ, 1970 ਨੂੰ ਫਿਰ ਮੰਤਰੀ ਮੰਡਲ ਵਿਚ ਵਾਧਾ ਕਰਕੇ ਸ੍ਰੀ ਦੇਵ ਦੱਤ ਅਬੋਹਰ ਕੈਬਨਿਟ ਮੰਤਰੀ, ਜਥੇਦਾਰ ਮੋਹਨ ਸਿੰਘ ਤੂੜ, ਸ. ਰਣਧੀਰ ਸਿੰਘ ਚੀਮਾ, ਸ. ਜਗਦੇਵ ਸਿੰਘ ਤਲਵੰਡੀ, ਸ. ਗੁਰਮੀਤ ਸਿੰਘ ਬਰਾੜ ਮੁਕਤਸਰ, ਸ. ਸਤਨਾਮ ਸਿੰਘ ਬਾਜਵਾ, ਸ.

ਜਗਦੇਵ ਸਿੰਘ ਸੰਧੂ, ਸ੍ਰੀ ਗਿਆਨ ਚੰਦ ਜਨਸੰਘ, ਸ. ਸੁਰਜੀਤ ਸਿੰਘ ਰੋਪੜ, ਰਾਜਾ ਨਰਿੰਦਰ ਸਿੰਘ ਨਾਭਾ (ਸਾਰੇ ਰਾਜ ਮੰਤਰੀ) ਨੂੰ ਮੰਤਰੀ ਮੰਡਲ ਵਿਚ ਲਿਆ। ਮੰਤਰੀ ਮੰਡਲ ਬਹੁਤ ਵੱਡਾ ਹੋ ਚੁੱਕਿਆ ਸੀ। ਸ. ਸੁਰਿੰਦਰ ਸਿੰਘ ਕੈਰੋਂ ਮੰਤਰੀ ਬਣਨਾ ਚਾਹੁੰਦਾ ਸੀ ਪਰ ਇਸ ਦੀ ਜ਼ਿੰਮੇਵਾਰੀ ਸੰਤ ਚੰਨਣ ਸਿੰਘ ਨੇ ਲਈ। ਜਨਸੰਘ ਨੇ 29 ਜੂਨ 1970 ਈ. ਨੂੰ ਜਨਸੰਘ ਦੇ ਕੇਂਦਰੀ ਪਾਰਲੀਮੈਂਟ ਬੋਰਡ ਤੋਂ ਅਕਾਲੀਆਂ ਨਾਲੋਂ ਵੱਖ ਹੋਣ ਦੀ ਆਗਿਆ ਲੈ ਲਈ। ਇਸ ਸਮੇਂ ਜਸਟਿਸ ਗੁਰਨਾਮ ਸਿੰਘ ਨੇ ਵੀ ਬਾਦਲ ਸਰਕਾਰ ਤੋਂ ਅਸਤੀਫਾ ਦੇਣ ਦੀ ਮੰਗ ਕੀਤੀ। ਵਿਧਾਨ ਸਭਾ ਦੇ ਸਮਾਗਮ ਵਿਚ ਜਨਸੰਘ ਅਤੇ ਕਮਿਊਨਿਸਟਾਂ ਨੇ ਬਾਦਲ ਸਰਕਾਰ ਵਿਰੁੱਧ ਬੇਵਿਸ਼ਵਾਸੀ ਦਾ ਮਤਾ ਪੇਸ਼ ਕੀਤਾ ਪਰ ਬਹਿਸ਼ ਸਮੇਂ 26 ਮੈਂਬਰ ਨਾ ਖੜ੍ਹੇ ਕਰ ਸਕੇ। ਇਸ ਸਮੇਂ ਬਾਦਲ ਸਰਕਾਰ ਬਚ ਗਈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਹਿ ਸਿੰਘ ਨੇ 26 ਨਵੰਬਰ 1970 ਨੂੰ ਸ. ਗੁਰਨਾਮ ਸਿੰਘ ਤੇ ਗਿਆਨ ਸਿੰਘ ਰਾੜੇਵਾਲੇ ਨਾਲ ਗੱਲਬਾਤ ਉਪਰੰਤ ਏਕਤਾ ਕੀਤੀ। ਸੰਤ ਫ਼ਤਹਿ ਸਿੰਘ ਨੇ ਜਸਟਿਸ ਗੁਰਨਾਮ ਸਿੰਘ ਨੂੰ ਪਾਰਲੀਮਾਨੀ ਬੋਰਡ ਦਾ ਚੇਅਰਮੈਨ, ਸ. ਗਿਆਨ ਸਿੰਘ ਰਾੜੇਵਾਲੇ ਨੂੰ ਲੋਕ ਸਭਾ ਪਟਿਆਲਾ ਤੋਂ ਸੀਟ ਦੇਣ ਦਾ ਸਮਝੌਤਾ ਕੀਤਾ ਪਰ ਜਸਟਿਸ ਗੁਰਨਾਮ ਸਿੰਘ ਕਿਸੇ ਤਰੀਕੇ ਨਾਲ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਡੇਗਣਾ ਚਾਹੁੰਦੇ ਸਨ। ਦੇਸ਼ ਵਿਚ 1971 ਦੀਆਂ ਲੋਕ ਸਭਾ ਦੀਆਂ ਚੋਣਾਂ ਹੋਈਆਂ। ਉਸ ਸਮੇਂ ਸੰਤ ਚੰਨਣ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੀ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਦਿੱਲੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਗੱਲਬਾਤ ਕਰਕੇ ਚੋਣਾਂ ਲਈ ਸਮਝੌਤਾ ਕਰ ਲਿਆ ਸੀ ਪਰ ਸ. ਗੁਰਨਾਮ ਸਿੰਘ ਨੇ ਇਹ ਸਮਝੌਤਾ ਸਿਰੇ ਨਾ ਲੱਗਣ ਦਿੱਤਾ। ਸ਼੍ਰੋਮਣੀ ਅਕਾਲੀ ਦਲ ਸ. ਗੁਰਦਾਸ ਸਿੰਘ ਬਾਦਲ ਤੋਂ ਬਿਨਾਂ ਲੋਕ ਸਭਾ ਦੀਆਂ ਸਾਰੀਆਂ ਸੀਟਾਂ ਹਾਰ ਗਿਆ। ਪੰਜਾਬ ਵਿਚ ਅਕਾਲੀ ਸਰਕਾਰ ’ਤੇ ਸੰਕਟ ਦੇ ਬੱਦਲ ਮੰਡਰਾ

ਰਹੇ ਸਨ। ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਹਰੇਕ ਵਿਰੋਧੀ ਦੀਆਂ ਸਰਗਰਮੀਆਂ ’ਤੇ ਨਿਗ੍ਹਾ ਰੱਖ ਰਹੇ ਸਨ। ਅਕਾਲੀ ਸਰਕਾਰ ਦੀਆਂ ਜੜ੍ਹਾਂ ਅੰਦਰੋਂ ਖੋਖਲੀਆਂ ਹੋ ਚੁੱਕੀਆਂ ਸਨ, ਕਿਉਂਕਿ ਛੱਡ ਕੇ ਨਵੇਂ ਬਣੇ ਅਕਾਲੀ ਵਿਧਾਇਕ ਵਜ਼ੀਰੀਆਂ ਅਤੇ ਚੰਗੇ ਮਹਿਕਮਿਆਂ ਲਈ ਮੂੰਹ ਅੱਡ ਕੇ ਸਰਕਾਰ ਨੂੰ ਹੜੱਪ ਕਰਨ ਲਈ ਡਟੇ ਖੜ੍ਹੇ ਸਨ। ਕਾਂਗਰਸੀਆਂ ਦਾ ਕਿਰਦਾਰ ਹਮੇਸ਼ਾ ਇਹ ਹੀ ਰਿਹਾ ਹੈ ਕਿ ਮੌਕੇ ਦਾ ਫਾਇਦਾ ਉਠਾ ਕੇ ਫਿਰ ਬਗਾਵਤ ਕਰਦੇ ਰਹੇ ਹਨ। ਸ. ਪ੍ਰਕਾਸ਼ ਸਿੰਘ ਬਾਦਲ ਨੂੰ ਜਸਟਿਸ ਗੁਰਨਾਮ ਸਿੰਘ ਦੀ ਬਗਾਵਤੀ ਮੀਟਿੰਗ ਦਾ ਪਤਾ ਲੱਗਣ ’ਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਜਸਟਿਸ ਗੁਰਨਾਮ ਸਿੰਘ ਦੇ ਗਵਰਨਰ ਕੋਲ ਜਾਣ ਤੋਂ ਪਹਿਲਾਂ ਹੀ ਆਪ ਗਵਰਨਰ ਪੰਜਾਬ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਅਤੇ ਵਿਧਾਨ ਸਭਾ ਭੰਗ ਕਰਨ ਦਾ ਸੁਝਾਅ ਦਿੱਤਾ। ਰਾਜਪਾਲ ਡੀ.ਸੀ. ਪਾਵਟੇ ਨੇ ਤਿਆਗ ਪੱਤਰ ਸਵੀਕਾਰ ਕਰਕੇ 14 ਜੂਨ 1971 ਨੂੰ ਵਿਧਾਨ ਸਭਾ ਭੰਗ ਕਰ ਦਿੱਤੀ। ਪੰਜਾਬੀ ਵਿਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ।

ਉਹ ਐਮ.ਐਲ.ਏ. ਜਿਨ੍ਹਾਂ ਨੇ ਜਸਟਿਸ ਗੁਰਨਾਮ ਸਿੰਘ ਨਾਲ ਰਲ ਕੇ ਗ਼ਦਾਰੀ ਕੀਤੀ, ਸ. ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ, ਸ. ਤਾਰਾ ਸਿੰਘ ਲਾਇਲਪੁਰੀ, ਚੌਧਰੀ ਰਾਧਾ ਕ੍ਰਿਸ਼ਨ, ਸ. ਤਰਲੋਚਨ ਸਿੰਘ ਰਿਆਸਤੀ, ਸ. ਜਸਦੇਵ ਸਿੰਘ ਸੰਧੂ, ਸ.ਪ੍ਰੀਤਮ ਸਿੰਘ ਸਮਾਣਾ, ਸ. ਬਲਵੰਤ ਸਿੰਘ ਬਨੂੜ, ਸ. ਸੁਰਿੰਦਰ ਸਿੰਘ ਕੈਰੋਂ, ਸ. ਮਹਿੰਦਰ ਸਿੰਘ ਬੱਬੇਹਾਲੀ, ਸ. ਹਰਦੀਪ ਸਿੰਘ ਵਲਟੋਹਾ, ਸ. ਹਰੀ ਸਿੰਘ ਬਿਆਸ, ਸ. ਨੌਰੰਗ ਸਿੰਘ ਖੰਨਾ, ਸ. ਰਾਜਾ ਸਿੰਘ ਖਰੜ, ਸ. ਪ੍ਰਤਾਪ ਸਿੰਘ ਕਾਦੀਆਂ, ਸ. ਹਰਚਰਨ ਸਿੰਘ ਬਰਾੜ, ਸ. ਦਵਿੰਦਰ ਸਿੰਘ ਸਮੇਤ 17 ਵਿਧਾਇਕ ਸਨ। ਇਨ੍ਹਾਂ ਨੇ ਜਸਟਿਸ ਗੁਰਨਾਮ ਸਿੰਘ ਨੂੰ ਆਪਣਾ ਲੀਡਰ ਚੁਣ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ 15 ਜੁਲਾਈ 1971 ਨੂੰ ਦਲ ਦੇ ਪ੍ਰਧਾਨ ਸੰਤ ਫ਼ਤਹਿ ਸਿੰਘ ਦੀ ਅਗਵਾਈ ਵਿਚ ਹੋਈ। ਦਲ ਦੀ ਕਾਰਜਕਾਰਨੀ ਮੀਟਿੰਗ

ਵਿਚ ਸੀ ਪ੍ਰੀਤਮ ਸਿੰਘ ਸਮਾਣੇ ਤੋਂ ਬਿਨਾਂ ਇਨ੍ਹਾਂ ਬਾਗ਼ੀ ਵਿਧਾਇਕਾਂ ਨੂੰ ਅਕਾਲੀ ਦਲ ਵਿਚੋਂ ਕੱਢ ਦਿੱਤਾ ਗਿਆ।

ਪੰਜਾਬੀ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਣ ਉਪਰੰਤ ਸ਼੍ਰੋਮਣੀ ਅਕਾਲੀ ਦਾ ਦਾ ਧਿਆਨ ਦਿੱਲੀ ਦੇ ਗੁਰਦੁਆਰਿਆਂ ਵੱਲ ਗਿਆ ਜਿਥੇ ਸਰਕਾਰ ਨੇ ਆਪਣੇ ਬੰਦਿਆਂ ਦੁਆਰਾ ਗੁਰਦੁਆਰਿਆਂ 'ਤੇ ਕਬਜ਼ਾ ਕਰ ਲਿਆ ਸੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ 22 ਜੁਲਾਈ 1971 ਈ. ਤੋਂ 6 ਦਸੰਬਰ 1971 ਈ. ਤੱਕ ਦਿੱਲੀ ਦੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਮੋਰਚਾ ਲਗਾਇਆ। ਇਸ ਸਮੇਂ 3 ਦਸੰਬਰ 1971 ਈ. ਨੂੰ ਹਿੰਦ-ਪਾਕ ਜੰਗ ਸ਼ੁਰੂ ਹੋ ਗਿਆ। ਜੰਗ ਦੇ ਖ਼ਤਮ ਹੋਣ 'ਤੇ ਫਿਰ 12 ਮਾਰਚ 1971 ਈ. ਨੂੰ ਪੰਜਾਬ ਵਿਚ ਚੋਣਾਂ ਹੋਈਆਂ ਅਤੇ 17 ਮਾਰਚ 1972 ਈ. ਨੂੰ ਕਾਂਗਰਸ ਨੇ ਸਰਕਾਰ ਬਣਾਈ। ਕਾਂਗਰਸ ਦੀ ਸਰਕਾਰ ਪੂਰੇ ਪੰਜ ਸਾਲ 1977 ਈ. ਤੱਕ ਚੱਲੀ। ਇਸ ਸਮੇਂ ਦੌਰਾਨ ਸੰਤ ਫ਼ਤਹਿ ਸਿੰਘ, ਸੰਤ ਚੰਨਣ ਸਿੰਘ ਚੜ੍ਹਾਈ ਕਰ ਗਏ, ਕਰਨਾਲ ਮੋਰਚ; ਲੱਗਿਆ, ਅਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਲੀਡਰਸ਼ਿਪ ਸਾਹਮਣੇ ਆਈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਐਮਰਜੈਂਸੀ ਵਿਰੁੱਧ 9 ਜੁਲਾਈ, 1975 ਈ. ਨੂੰ ਮੋਰਚਾ ਸ਼ੁਰੂ ਕੀਤਾ ਗਿਆ ਜੋ ਜਨਵਰੀ 1977 ਈ. ਤੱਕ 19 ਮਹੀਨੇ ਚੱਲਿਆ। ਸਰਕਾਰ ਵੱਲੋਂ ਚੋਣਾਂ ਦਾ ਐਲਾਨ ਹੋਣ ਤੇ ਸ਼੍ਰੋਮਣੀ ਅਕਾਲੀ ਦਲ ਨੇ ਵੱਡੀ ਜਿੱਤ ਹਾਸਿਲ ਕੀਤੀ। ਐਮਰਜੈਂਸੀ ਸਮੇਂ ਜਦੋਂ ਸ਼੍ਰੋਮਣੀ ਅਕਾਲੀ ਦੀ ਦੀ ਸਾਰੀ ਲੀਡਰਸ਼ਿਪ ਜੇਲ੍ਹਾਂ ਵਿਚ ਬੰਦ ਸੀ ਤਾਂ ਸ. ਸਤਿਨਾਮ ਸਿੰਘ ਬਾਜਵਾ ਜੋ 16ਵੀਂ ਸਰਬਹਿੰਦ ਅਕਾਲੀ ਕਾਨਫਰੰਸ ਜਿਹੜੀ ਬਟਾਲਾ ਵਿਖੇ 27-28 ਸਤੰਬਰ 1968 ਈ. ਨੂੰ ਹੋਈ ਸੀ ਦੇ ਸਵਾਗਤੀ ਕਮੇਟੀ ਦੇ ਪ੍ਰਧਾਨ ਸਮੇਤ ਅਕਾਲੀ ਐਮ.ਐਲ.ਏ. ਸ. ਕਰਨੈਲ ਸਿੰਘ ਮਰੜ੍ਹੀ ਮਾਰਚ 1976 ਈ. ਨੂੰ ਕਾਂਗਰਸ ਵਿਚ ਸ਼ਾਮਿਲ ਹੋ ਗਏ। ਐਮਰਜੈਂਸੀ ਉਪਰੰਤ

ਪਹਿਲਾਂ ਮਾਰਚ 1977 ਈ. ਨੂੰ ਲੋਕ ਸਭਾ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ 13 ਵਿਚੋਂ 9 ਸੀਟਾਂ ਜਿੱਤੀਆਂ। ਸ. ਪ੍ਰਕਾਸ਼ ਸਿੰਘ ਬਾਦਲ ਕੇਂਦਰੀ ਖੇਤੀਬਾੜੀ ਤੇ ਸਿੰਚਾਈ ਮੰਤਰੀ ਬਣੇ ਸ.। ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਮੰਤਰੀ ਮੰਡਲ ਵਿਚ ਰਹਿਣ ਦੀ ਥਾਂ ਪੰਜਾਬੀ ਵਿਚ ਮੁੱਖ ਮੰਤਰੀ ਬਣਨ ਨੂੰ ਪਹਿਲ ਦਿੱਤੀ। ਸ. ਬਾਦਲ ਤੋਂ ਬਾਅਦ ਸ. ਸੁਰਜੀਤ ਸਿੰਘ ਬਰਨਾਲਾ ਕੇਂਦਰੀ ਮੰਤਰੀ ਬਣੇ ਅਤੇ ਸ. ਧੰਨਾ ਸਿੰਘ ਗੁਲਸ਼ਨ ਕੇਂਦਰੀ ਰਾਜ ਮੰਤਰੀ, ਸਿੱਖਿਆ, ਸਮਾਜ ਕਲਿਆਣ ਤੇ ਸੱਭਿਆਚਾਰ ਮੰਤਰੀ ਬਣੇ। ਇਨ੍ਹਾਂ ਦੇ ਨਾਲ ਸ. ਗੁਰਚਰਨ ਸਿੰਘ ਟੌਹੜਾ, ਸ. ਜਗਦੇਵ ਸਿੰਘ ਤਲਵੰਡੀ, ਸ. ਮੋਹਣ ਸਿੰਘ ਤੁੜ, ਸ. ਇਕਬਾਲ ਸਿੰਘ ਢਿੱਲੋਂ, ਸ. ਬਸੰਤ ਸਿੰਘ ਖ਼ਾਲਸਾ, ਸ. ਮਹਿੰਦਰ ਸਿੰਘ ਸਾਈਆਂਵਾਲਾ ਐਮ.ਪੀ. ਬਣੇ। ਸ. ਬਾਦਲ ਵੱਲੋਂ ਕੇਂਦਰ ਸਰਕਾਰ ਤੋਂ ਅਸਤੀਫਾ ਦੇਣ ਨਾਲ ਸ. ਬਲਵੰਤ ਸਿੰਘ ਰਾਮੂਵਾਲੀਆ ਐਮ.ਪੀ. ਬਣੇ। ਪੰਜਾਬੀ ਅਸੈਂਬਲੀ ਚੋਣਾਂ ਜੋ ਜੂਲ 1977 ਈ. ਨੂੰ ਹੋਈਆਂ ਵਿਚ ਸ਼੍ਰੋਮਣੀ ਅਕਾਲੀ ਨੂੰ ਬਹੁਮਤ ਮਿਲਿਆ। ਸ਼੍ਰੋਮਣੀ ਅਕਾਲੀ ਦਲ 58, ਅਕਾਲੀ ਹਮਾਇਤੀ 2, ਜਨਤਾ ਪਾਰਟੀ, 25 ਸੀ.ਪੀ.ਐਮ. 8, ਸੀ.ਪੀ.ਆਈ. 7 ਅਤੇ ਕਾਂਗਰਸ ਨੂੰ 17 ਸੀਟਾਂ ਮਿਲੀਆਂ।

ਪੰਜਾਬ ਵਿਚ ਸੀ ਪ੍ਰਕਾਸ਼ ਸਿੰਘ ਬਾਦਲ 20 ਜੂਨ, 1977 ਤੋਂ 17 ਫਰਵਰੀ 1980 ਤੱਕ ਮੁੱਖ ਮੰਤਰੀ ਰਹੇ। ਇਸ ਸਰਕਾਰੇ ਸਮੇਂ 13 ਅਪ੍ਰੈਲ 1978 ਈ. ਨੂੰ ਅੰਮ੍ਰਿਤਸਰ ਸਾਹਿਬ ਵਿਖੇ ‘ਨਿਰੰਕਾਰੀ ਸਾਕਾ’ ਵਾਪਰਿਆ। ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਸ. ਪ੍ਰਕਾਸ਼ ਸਿੰਘ ਬਾਦਲ ’ਤੇ ਇਲਜ਼ਾਮ ਲਗਾਏ ਅਤੇ ਮਾਮਲਾ ਸ੍ਰੀ ਅਕਾਲ ਤਖ਼ਤ ਸਹਿਬ ’ਤੇ ਗਿਆ। ਅਖੀਰ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ। ਪੰਜਾਬ ਵਿਚ ਰਾਸ਼ਟਰਪਤੀ ਰਾਜ ਸਮੇਂ ਦਿੱਲੀ ਵਿਖੇ ਨਿਰੰਕਾਰੀ ਮੁਖੀ ਦਾ ਕਤਲ ਹੋ ਗਿਆ।

ਪੰਜਾਬ ਵਿਚ ਫਿਰ ਅਸੈਂਬਲੀ ਚੋਣਾਂ ਹੋਈਆਂ ਅਤੇ ਸ. ਦਰਬਾਰਾ ਸਿੰਘ ਮੁੱਖ ਮੰਤਰੀ ਬਣੇ ਜੋ 6 ਅਕਤੂਬਰ, 1983 ਈ. ਤੱਕ ਰਹੇ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਸਮੇਂ 11 ਮਈ, 1981 ਈ. ਨੂੰ 'ਸਿੱਖ ਇੱਕ ਕੌਮ ਹਨ' ਬਾਰੇ ਮਤਾ ਪਾਸ ਕੀਤਾ ਗਿਆ, ਕਪੂਰੀ ਮੋਰਚਾ ਲੱਗਿਆ, ਧਰਮ ਯੁੱਧ ਮੋਰਚਾ ਸ਼ੁਰੂ ਹੋਇਆ, ਲਾਲਾ ਜਗਤ ਨਾਰਾਇਣ ਦਾ ਕਤਲ ਹੋਇਆ, ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਲਈ ਗਿਆਨੀ ਜ਼ੈਲ ਸਿੰਘ ਦੀ ਹਮਾਇਤ ਦਾ ਐਲਾਨ ਕੀਤਾ ਗਿਆ, ਏਸ਼ੀਅਨ ਖੇਡਾਂ ਸਮੇਂ ਦਿੱਲੀ ਮੋਰਚਾ ਲੱਗਿਆ, ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਅਤੇ ਕੇਂਦਰੀ ਨੇਤਾਵਾਂ ਵਿਚਕਾਰ ਪੰਜਾਬ ਦੀਆਂ ਮੰਗਾਂ ਸੰਬੰਧੀ ਮੀਟਿੰਗਾਂ ਹੋਈਆਂ। ਪੰਜਾਬ ਦੇ ਹਾਲਾਤ ਵਿਗੜਦੇ ਗਏ ਅਤੇ ਫਿਰ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ ਜੋ ਸਤੰਬਰ 1985 ਈ. ਤੱਕ ਰਿਹਾ। ਰਾਸ਼ਟਰਪਤੀ ਰਾਜ ਸਮੇਂ ਧਰਮ ਯੁੱਧ ਜਾਰੀ ਰਿਹਾ, ਸ਼੍ਰੋਮਣੀ ਅਕਾਲੀ ਦਲ ਵੱਲੋਂ ਨਾ-ਮਿਲਵਰਤਨ ਦਾ ਐਲਾਨ ਕੀਤਾ ਗਿਆ। 6 ਜੂਨ, 1984 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਅਤੇ 34 ਹੋਰ ਗੁਰਦੁਆਰਿਆਂ 'ਤੇ ਭਾਰਤੀ ਫੌਜ ਵੱਲੋਂ ਹਮਲੇ ਕੀਤੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਜੀ, ਜਨਰਲ ਸੁਬੇਗ ਸਿੰਘ ਜੀ ਅਤੇ ਹਜ਼ਾਰਾ ਸਿੰਘ, ਸਿੰਘਣੀਆਂ ਅਤੇ ਭੁਝੰਗੀ ਸ਼ਹੀਦੀਆਂ ਪਾ ਗਏ।

ਪੰਜਾਬੀ ਵਿਚ ਸਿੱਖ ਨੌਜਵਾਨਾਂ 'ਤੇ ਅੱਤਿਆਚਾਰ ਜਾਰੀ ਰਿਹਾ। ਦਿੱਲੀ ਵਿਚ ਇੰਦਰਾ ਗਾਂਧੀ ਦਾ ਕਤਲ ਅਤੇ ਸਿੱਖ ਕਤਲੇਆਮ ਹੋਇਆ। ਅਕਾਲੀ ਨੇਤਾਵਾਂ ਦੀਆਂ ਗ੍ਰਿਫ਼ਤਾਰੀਆਂ ਅਤੇ ਉਨ੍ਹਾਂ ਨੂੰ ਮੀਸਾ ਅਧੀਨ ਵੱਖੋ-ਵੱਖ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ। ਕੇਂਦਰ ਸਰਕਾਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵਿਚਕਾਰ ਪੰਜਾਬ ਸਮਝੌਤਾ ਹੋਇਆ। ਪੰਜਾਬ ਵਿਚ

ਵਿਧਾਨ ਸਭਾ ਚੋਣਾਂ 22 ਸਤੰਬਰ 1985 ਈ. ਨੂੰ ਹੋਈਆਂ। ਸ਼੍ਰੋਮਣੀ ਅਕਾਲੀ ਦਲ ਨੂੰ ਬਹੁਮਤ ਮਿਲਿਆ। ਸ. ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਪੰਜਾਬ ਬਣੇ। ਪੰਜਾਬੀ ਸੂਬਾ ਬਣਨ ਤੋਂ ਬਾਅਦ ਇਹ ਪਹਿਲੀ ਸਰਕਾਰ ਸੀ ਜੋ ਨਿਰੋਲ ਅਕਾਲੀ ਐਮ.ਐਲ.ਏ. ਜਿੱਤਣ ਤੋਂ ਬਾਅਦ ਬਣੀ ਸੀ। ਸਰਕਾਰ ਬਣੀ ਨੂੰ ਇੱਕ ਸਾਲ ਪੂਰਾ ਨਹੀਂ ਹੋਇਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਪੁਲਿਸ ਦਾਖਲੇ ’ਤੇ 26 ਅਕਾਲੀ ਵਿਧਾਇਕਾਂ ਨੇ ਆਪਣਾ ਨਾਤਾ ਪਾਰਟੀ ਨਾਲੋਂ ਤੋੜ ਲਿਆ ਅਤੇ ਵੱਖਰਾ ਗਰੁੱਪ ਸ਼੍ਰੋਮਣੀ ਅਕਾਲੀ ਦਲ (ਬਾਦਲ) ਬਣਾ ਲਿਆ। ਇਹ ਐਮ.ਐਲ.ਏ. ਅਤੇ ਵਜ਼ੀਰ ਸ. ਪ੍ਰਕਾਸ਼ ਸਿੰਘ ਬਾਦਲ, ਸ. ਸੁਖਜਿੰਦਰ ਸਿੰਘ, ਮਹਾਰਾਜਾ ਅਮਰਿੰਦਰ ਸਿੰਘ ਪਟਿਆਲਾ, ਪ੍ਰੇਮ ਸਿੰਘ ਲਾਲਪੁਰਾ, ਸੁੱਚਾ ਸਿੰਘ ਛੋਟੇਪੁਰਾ, ਸ. ਤਾਰਾ ਸਿੰਘ, ਸ. ਬਚਿੱਤਰ ਸਿੰਘ, ਸ. ਕਿਰਪਾਲ ਸਿੰਘ, ਸ. ਹਰਦਿਆਲ ਸਿੰਘ ਰਾਜਲਾ, ਰਾਜਾ ਨਰਿੰਦਰ ਸਿੰਘ ਨਾਭਾ, ਸ. ਜਸਮੇਲ ਸਿੰਘ ਨਥਾਣਾ, ਸ. ਸੁਜਾਨ ਸਿੰਘ ਮਲੋਟ, ਸ. ਗੁਰਦੇਵ ਸਿੰਘ ਬਾਦਲ, ਸ. ਮਹਿੰਦਰ ਸਿੰਘ ਬਰਾੜ, ਗਿਆਨੀ ਅਰਜਨ ਸਿੰਘ, ਸ. ਦਵਿੰਦਰ ਸਿੰਘ ਗਰਚਾ, ਸ. ਸੁਖਦੇਵ ਸਿੰਘ ਲਿਬੜਾ, ਸ. ਤਾਲਬ ਸਿੰਘ ਸੰਧੂ, ਜਥੇਦਾਰ ਕੁਲਦੀਪ ਸਿੰਘ ਵਡਾਲਾ, ਡਾ. ਰਤਨ ਸਿੰਘ ਬੀਬੀ ਜਗਦੀਸ਼ ਕੌਰ ਫਰੀਦਕੋਟ ਆਦਿ ਸਨ।

ਇਸ ਸਮੇਂ 45 ਐਮ.ਐਲ.ਏ. ਸ. ਬਰਨਾਲਾ ਦੇ ਨਾਲ ਰਹੇ, ਸਰਕਾਰ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ ਕਾਂਗਰਸ ਦੀ ਸਹਾਇਤਾ ਨਾਲ 11 ਮਈ 1987 ਤੱਕ ਚੱਲਦੀ ਰਹੀ। ਸ. ਬਰਨਾਲਾ ਨੇ ਸ. ਰਵੀਇੰਦਰ ਸਿੰਘ ਦੀ ਥਾਂ ਸ. ਸੁਰਜੀਤ ਸਿੰਘ ਮਿਨਹਾਸ ਨੂੰ ਨਵਾਂ ਸਪੀਕਰ ਬਣਾ ਦਿੱਤਾ। ਸ. ਬਰਨਾਲਾ ਦੀ ਸਰਕਾਰ ਸਮੇਂ ਕੁਝ ਅਕਾਲੀ ਵਿਧਾਇਕਾਂ ਨੇ 19 ਜੂਨ, 1986 ਨੂੰ ਸ. ਸੁਰਜੀਤ ਸਿੰਘ ਮਿਨਹਾਸ ਦੀ ਕੁੱਟਮਾਰ ਕੀਤੀ ਅਤੇ ਪੱਗ ਲਾਹ ਦਿੱਤੀ।

ਸ. ਸੁਰਜੀਤ ਸਿੰਘ ਬਰਨਾਲਾ 15 ਮਈ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 26 ਜਨਵਰੀ, 1987 ਨੂੰ ਭਾਈ

ਜਸਵੀਰ ਸਿੰਘ ਰੋਡ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਐਲਾਨਿਆ ਅਤੇ ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਰਾਗੀ ਸ. ਦਰਸ਼ਨ ਸਿੰਘ ਨੂੰ ਕਾਰਜਕਾਰੀ ਜਥੇਦਾਰ ਬਣਾ ਦਿੱਤਾ। ਜਥੇਦਾਰ ਦਰਸ਼ਨ ਸਿੰਘ ਨੇ ਅਕਾਲੀ ਦਲਾਂ ਨੂੰ ਇੱਕ ਕਰਨ ਦਾ ਪ੍ਰੋਗਰਾਮ ਬਣਾ ਕੇ ਅਕਾਲੀ ਦਲਾਂ ਦੇ ਪ੍ਰਧਾਨਾਂ ਤੋਂ ਅਸਤੀਫੇ ਮੰਗੇ। ਪਹਿਲੇ ਦਿਨ ਬਾਬਾ ਜੋਗਿੰਦਰ ਸਿੰਘ (ਸੰਯੁਕਤ ਅਕਾਲੀ ਦਲ), ਸ. ਪ੍ਰਕਾਸ਼ ਸਿੰਘ ਬਾਦਲ (ਸ਼੍ਰੋਮਣੀ ਅਕਾਲੀ ਦਲ) ਨੇ ਅਸਤੀਫੇ ਦਿੱਤੇ। ਸ. ਬਰਨਾਲਾ ਨੇ ਇੱਕ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਜੋ ਜਥੇਦਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਗੱਲਬਾਤ ਕਰੇਗੀ। ਸ. ਬਰਨਾਲਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਗੱਲ ਨਾ ਮੰਨੀ ਅਤੇ ਕਮੇਟੀ ਮੈਂਬਰ ਸ. ਹਰਭਜਨ ਸਿੰਘ ਸੰਧੂ, ਉਸ ਦੇ ਨਾਲ ਸ. ਮੇਜਰ ਸਿੰਘ ਉਬੋਕੇ, ਸ. ਨਰਿੰਜਨ ਸਿੰਘ ਪੱਟੀ, ਨਿਰਮਲ ਸਿੰਘ ਕਾਹਲੋਂ, ਸ. ਬਸੰਤ ਸਿੰਘ 'ਖ਼ਾਲਸਾ' ਸਾਂਝੇ ਅਕਾਲੀ ਦਲ ਵਿਚ ਆ ਗਏ। ਜਥੇਦਾਰ ਵੱਲੋਂ 5 ਫਰਵਰੀ 1987 ਨੂੰ ਨਵੇਂ ਅਕਾਲੀ ਦਲ ਦਾ ਸੰਵਿਧਾਨ ਬਣਾ ਕੇ ਇੱਕ ਕਮੇਟੀ ਐਲਾਨੀ ਗਈ। ਇਸ ਐਲਾਨੀ ਕਮੇਟੀ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ 'ਮਾਨ' ਅਤੇ ਉਨ੍ਹਾ ਨਾਲ ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਠੇਕੇਦਾਰ ਸੁਰਜਨ ਸਿੰਘ, ਬਾਬਾ ਜੋਗਿੰਦਰ ਸਿੰਘ ਤੇ ਬਾਬਾ ਗੇਜਾ ਸਿੰਘ ਸਨ। ਇਸ ਦੇ ਨਾਲ ਹੀ ਇੱਕ ਕਾਰਜਕਾਰਨੀ ਕਮੇਟੀ ਬਣਾਈ ਗਈ ਜਿਸ ਵਿਚ ਸ. ਮਨਜੀਤ ਸਿੰਘ ਕਲਕੱਤਾ, ਸ. ਗੁਰਦੇਵ ਸਿੰਘ ਬਾਦਲ, ਸ. ਪ੍ਰੇਮ ਸਿੰਘ ਲਾਲਪੁਰਾ, ਸ. ਰਣਜੀਤ ਸਿੰਘ ਬ੍ਰਹਮਪੁਰਾ, ਮੇਜਰ ਨਰਿੰਦਰ ਸਿੰਘ, ਸ. ਸੁਖਜਿੰਦਰ ਸਿੰਘ, ਜਥੇਦਾਰ ਉਜਗਾਰ ਸਿੰਘ ਸੇਖਵਾਂ, ਕੈਪਟਨ ਹਰਚਰਨ ਸਿੰਘ ਰੋਡੇ ਸਨ। ਇਸ ਤੋਂ ਅਗਲੇ ਦਿਨ ਜਥੇਦਾਰ ਦਰਸ਼ਨ ਸਿੰਘ ਨੇ ਸ. ਬਰਨਾਲਾ ਦੇ ਬਾਕੀ ਸਾਥੀਆਂ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਵਫ਼ਾਦਾਰੀ ਪ੍ਰਗਟ ਕਰਨ ਦਾ ਹੁਕਮ ਦਿੱਤਾ। ਇਸ ਗੱਲ ਨੂੰ ਮੰਨਦੇ ਹੋਏ ਪਹਿਲਾਂ ਸ. ਬਲਵੰਤ ਸਿੰਘ ਖਜ਼ਾਨਾ ਮੰਤਰੀ, ਪ੍ਰੇਮ ਸਿੰਘ ਚੰਦੂਮਾਜਰਾ, ਮਹਿੰਦਰ ਸਿੰਘ

ਸਾਈਆਂਵਾਲਾ, ਸੁਰਿੰਦਰਪਾਲ ਸਿੰਘ ਧੂਰੀ, ਹਰਦੀਪ ਇੰਦਰ ਸਿੰਘ, ਬਲਦੇਵ ਸਿੰਘ ਖਿਆਲਾ, ਦਲੀਪ ਸਿੰਘ ਪਾਂਧੀ, ਸਰਵਨ ਸਿੰਘ ਫਿਲੌਰ, ਅਮਰਜੀਤ ਸਿੰਘ ਸਮਰਾਲਾ, ਗੁਰਦੀਪ ਸਿੰਘ ਭੈਣੀ, ਤਾਰਾ ਸਿੰਘ ਅਟਾਰੀ ਅਤੇ ਜਸਵੰਤ ਸਿੰਘ ਫਫੜੇ ਭਾਈਕੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਵਫ਼ਾਦਾਰੀ ਬਾਰੇ ਲਿਖ ਕੇ ਦਿੱਤਾ ਪਰ ਬਾਅਦ ਵਿਚ ਇਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਗੀ ਹੋਣ ਦਾ ਐਲਾਨ ਕਰ ਦਿੱਤਾ। ਸ. ਬਰਨਾਲਾ ਤਾਂ ਬਿਲਕੁਲ ਬਾਗੀ ਹੋ ਗਏ। ਦਿੱਲੀ ਡਰਾਮਾ ਖੇਡਣ ਵਿਚ ਕਾਮਯਾਬ ਹੋ ਗਈ। ਕੇਂਦਰ ਸਰਕਾਰ ਨੇ 11 ਮਈ, 1987 ਈ. ਨੂੰ ਬਰਨਾਲਾ ਸਰਕਾਰ ਭੰਗ ਕਰ ਦਿੱਤੀ ਅਤੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਨਾ ਚੰਡੀਗੜ੍ਹ ਮਿਲਿਆ, ਨਾ ਪਾਣੀਆਂ ਲਈ ਇਨਸਾਫ ਹੋਇਆ। ਪੰਜਾਬ ਵਿਚ ਸਿੱਖ ਨੌਜਵਾਨਾਂ ਦੇ ਖੂਨ ਦੀ ਹੋਲੀ ਖੇਡੀ ਜਾਣ ਲੱਗੀ। ਜਿਸ ਦਾ ਦਾਅ ਲੱਗਿਆ ਉਸ ਨੇ ਖੁੱਲ੍ਹ ਕੇ ਦਾਅ ਲਾਇਆ। ਸ. ਪ੍ਰਕਾਸ਼ ਸਿੰਘ ਬਾਦਲ ਨੇ 12 ਦਸੰਬਰ 1987 ਨੂੰ ਪੰਜ ਨੁਕਾਤੀ ਪ੍ਰੋਗਰਾਮ ਐਲਾਨਿਆ। ਭਾਈ ਜਸਵੀਰ ਸਿੰਘ ਨੇ 9 ਮਾਰਚ 1988 ਈ. ਨੂੰ ਸ. ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਸੰਭਾਲੀ। ਸ. ਬਰਨਾਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋ ਕੇ ਮੁਆਫੀ ਮੰਗੀ ਅਤੇ ਤਨਖਾਹ ਲੁਆਈ।

ਲੋਕ ਸਭਾ ਚੋਣਾਂ ਜੋ 26 ਨਵੰਬਰ, 1989 ਨੂੰ ਹੋਈਆਂ, ਇਨ੍ਹਾਂ ਚੋਣਾਂ ਵਿਚ ਸ. ਸਿਮਰਨਜੀਤ ਸਿੰਘ ਮਾਨ ਦੇ ਹਮਾਇਤੀਆਂ ਨੂੰ ਜ਼ਬਰਦਸਤ ਜਿੱਤ ਹਾਸਿਲ ਹੋਈ ਪਰ ਸ. ਮਾਨ ਅਤੇ ਸ. ਧਿਆਨ ਸਿੰਘ ਮੰਡ ਕਿਰਪਾਨ ਦੇ ਮਸਲੇ ਨੂੰ ਲੈ ਕੇ ਲੋਕ ਸਭਾ ਦੇ ਅੰਦਰ ਹੀ ਨਹੀਂ ਜਾ ਸਕੇ। ਲੋਕ ਸਭਾ ਦੀਆਂ ਮੁੜ ਹੋਈਆਂ ਚੋਣਾਂ ਦੇ ਨਾਲ ਹੀ ਕੇਂਦਰ ਦੀ ਚੰਦਰ ਸ਼ੇਖਰ ਦੀ ਅਗਵਾਈ ਵਾਲੀ ਸਰਕਾਰ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਚੋਣ ਕਮਿਸ਼ਨਰ ਟੀ.ਐਨ.ਸੈਸ਼ਨ ਨੇ ਇੱਕ ਦਿਨ ਪਹਿਲਾਂ ਚੋਣਾਂ ਰੱਦ ਕਰ ਦਿੱਤੀਆਂ। ਦੁਬਾਰਾ ਪੰਜਾਬ ਵਿਚ 19 ਫਰਵਰੀ, 1992 ਨੂੰ ਚੋਣਾਂ ਹੋਈਆਂ। ਇਨ੍ਹਾਂ ਦਾ

ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ ਦਾ ਬਾਈਕਾਟ ਕੀਤਾ ਅਤੇ ਕਾਂਗਰਸ ਬੇਅੰਤ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਈ। ਬੇਅੰਤ ਸਿੰਘ ਤੋਂ ਬਾਅਦ ਹਰਚਰਨ ਸਿੰਘ ਬਰਾੜ ਅਤੇ ਫਿਰ ਬੀਬੀ ਰਾਜਿੰਦਰ ਕੌਰ ਭੱਠਲ 11 ਫਰਵਰੀ 1997 ਤੱਕ ਮੁੱਖ ਮੰਤਰੀ ਬਣੇ।

ਪੰਜਾਬ ਵਿਚ ਬੇਅੰਤ ਸਿੰਘ ਦੇ ਮੁੱਖ ਮੰਤਰੀ ਬਣਨ ਦੇ ਨਾਲ ਹੀ ਸਖ਼ਤੀ ਦਾ ਦੌਰ ਸ਼ੁਰੂ ਹੋ ਗਿਆ। ਸ. ਪ੍ਰਕਾਸ਼ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਐਲਾਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਿਲ੍ਹਾ ਹੈਡਕੁਆਟਰਾਂ 'ਤੇ ਧਰਨੇ ਦਿੱਤੇ ਜਾਣਗੇ। ਪਹਿਲਾ ਧਰਨਾ 7 ਦਸੰਬਰ 1993 ਜਲੰਧਰ, 8 ਦਸੰਬਰ ਰੋਪੜ, 9 ਦਸੰਬਰ ਫ਼ਤਿਹਗੜ੍ਹ ਸਾਹਿਬ, 10 ਦਸੰਬਰ ਸੰਗਰੂਰ, 11 ਦਸੰਬਰ ਗੁਰਦਾਸਪੁਰ, 13 ਦਸੰਬਰ ਲੁਧਿਆਣਾ, 14 ਦਸੰਬਰ ਅੰਮ੍ਰਿਤਸਰ, 15 ਦਸੰਬਰ ਬਠਿੰਡਾ, 16 ਦਸੰਬਰ ਫਿਰੋਜ਼ਪੁਰ ਤੇ ਫਰੀਦਕੋਟ ਮਾਰਿਆ ਜਾਵੇਗਾ। ਪਹਿਲੇ ਧਰਨੇ ਦੇ ਸਮੇਂ ਹੀ ਪੁਲਿਸ ਨੇ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਅਗਲੇ ਦਿਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਵਰਕਰਾਂ ਸਮੇਤ ਜਲੰਧਰ ਤੋਂ ਗ੍ਰਿਫ਼ਤਾਰ ਕਰ ਲਿਆ। ਅਕਾਲੀ ਨੇਤਾਵਾਂ ਅਤੇ ਵਰਕਰਾਂ ਨੂੰ 23 ਦਸੰਬਰ 1993 ਨੂੰ ਰਿਹਾਅ ਕਰ ਦਿੱਤਾ ਗਿਆ। ਅਕਾਲੀ ਦਲ ਦੇ ਵਰਕਰਾਂ ਅਤੇ ਸਿੱਖਾਂ ਵਿਚ ਦਹਿਸ਼ਤ ਪੈਦਾ ਕਰਨ ਦੇ ਲਈ ਇਹ ਸਭ ਕੁਝ ਕੀਤਾ ਗਿਆ।

ਸਿੱਖ ਪੰਥ ਅਤੇ ਅਕਾਲੀ ਦਲਾਂ ਵਿਚ ਉਥਲ-ਪੁਥਲ ਚੱਲ ਰਹੀ ਸੀ, ਖਾੜਕੂ ਆਪਣਾ ਦਬਦਬਾ ਬਣਾਉਣਾ ਚਾਹੁੰਦੇ ਸਨ। ਇਸੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਵੀ ਅਕਾਲੀ ਦਲਾਂ ਵਿਚ ਏਕਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਅਤੇ ਸਮੁੱਚੇ ਅਕਾਲੀ ਦਲਾਂ ਦੇ ਪ੍ਰਧਾਨਾਂ ਤੋਂ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹੋਣ ਲਈ ਪੱਤਰ ਮੰਗੇ। ਸ. ਪ੍ਰਕਾਸ਼ ਸਿੰਘ ਬਾਦਲ ਤੋਂ ਬਿਨਾਂ ਸਾਰੇ ਅਕਾਲੀ ਦਲਾਂ ਨੇ ਆਪਣੇ

ਪੱਤਰ ਅਸਤੀਫਿਆਂ ਸਮੇਤ ਪ੍ਰੋ. ਮਨਜੀਤ ਸਿੰਘ ਨੂੰ ਭੇਜ ਦਿੱਤੇ। ਪ੍ਰੋ. ਮਨਜੀਤ ਸਿੰਘ ਨੇ 1 ਮਈ 1994 ਨੂੰ ਸ੍ਰੀ ਅੰਮ੍ਰਿਤਸਰ, ਅਕਾਲੀ ਦਲ ਦੀ ਸਥਾਪਨ ਦਾ ਐਲਾਨ ਕੀਤਾ। ਇਸ ਅਕਾਲੀ ਦਲ ਦਾ ਨਾਂਅ 'ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ) ਰੱਖਿਆ। ਅੰਮ੍ਰਿਤਸਰ ਅਕਾਲੀ ਦਲ ਤੋਂ ਬਾਹਰ ਰਹਿ ਕੇ ਸ. ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ 'ਬਾਦਲ' ਚਲਾਉਂਦੇ ਰਹੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖਾਂ ਵਿਚ ਧਾਰਮਿਕ ਜਜ਼ਬਾ ਪੈਦਾ ਕਰਨ ਲਈ 20 ਤੋਂ 25 ਸਤੰਬਰ 1995 ਨੂੰ ਅੰਮ੍ਰਿਤਸਰ ਵਿਸ਼ਵ ਸਿੱਖ ਸੰਮੇਲਨ ਰੱਖਿਆ ਗਿਆ, ਜਿਥੇ ਸੰਮੇਲਨ ਦੇ ਅਖੀਰਲੇ ਦਿਨ ਰਾਮ ਬਾਗ਼ ਅੰਮ੍ਰਿਤਸਰ ਦੀ ਸਟੇਜ 'ਤੇ ਸ. ਪ੍ਰਕਾਸ਼ ਸਿੰਘ 'ਬਾਦਲ' ਨੇ ਐਲਾਨ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਕਾਲੀ ਦਲ ਦੀ 75ਵੀਂ ਸਥਾਪਨਾ ਵਰ੍ਹੇਗੰਢ ਮਨਾਈ ਜਾਵੇਗੀ।

ਸ਼੍ਰੋਮਣੀ ਅਕਾਲੀ ਦਲ ਨੇ 24-26 ਫਰਵਰੀ 1996 ਨੂੰ ਅਕਾਲੀ ਦਲ ਦੀ 75ਵੀਂ ਵਰ੍ਹੇਗੰਢ ਮਨਾਈ। ਇਸ ਵਰੇਵਗੰਢ ਮੌਕੇ ਪ੍ਰਧਾਨ ਸ਼੍ਰੋਮਣੀ ਅਕਾਲੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਮਾਨ ਹੈ ਕਿ ਦੇਸ਼ ਦੀ ਸਭ ਤੋਂ ਪੁਰਾਣੀਆਂ ਪਾਰਟੀਆਂ ਵਿਚੋਂ ਇੱਕ ਹੈ। ਸ਼੍ਰੋਮਣੀ ਅਕਾਲੀ ਦਲ ਸ਼ੁਰੂ ਤੋਂ ਹੀ ਸਮੁੱਚੇ ਸਿੱਖ ਪੰਥ ਦੀਆਂ ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਲੋੜਾਂ ਅਤੇ ਪ੍ਰਾਪਤੀਆਂ ਲਈ ਮੋਹਰੀ ਅਤੇ ਰੱਖਿਅਕ ਬਣ ਕੇ ਉਭਰਿਆ।ਸ਼੍ਰੋਮਣੀ ਅਕਾਲੀ ਦਲ ਧਰਮ ਦੀ ਰੱਖਿਆ ਦੀ ਲਹਿਰ ਵਿਚੋਂ ਜਨਮੀ ਪਾਰਟੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਅਤੇ ਗੁਰੂਧਾਮਾਂ ਨੂੰ ਆਪ ਮਤੇ ਲੋਕਾਂ ਤੋਂ ਸੁਤੰਤਰ ਕਰਾਉਣ ਦੇ ਟੀਚ ਦੀ ਪ੍ਰਾਪਤੀ ਲਈ ਕੁਰਬਾਨੀ ਦੇਣ ਵਾਲੇ ਅਤੇ ਸਿੱਦਕਵਾਨ ਲੋਕਾਂ ਦੀ ਲੋੜ ਸੀ। ਇਸ ਜਿੰਮੇਵਾਰੀ ਨੂੰ ਨਿਭਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਮੋਹਰੀ ਰੋਲ ਨਿਭਾਇਆ ਅਤੇ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਇਸ ਕਾਰਜ ਦੀ ਪੂਰਤੀ ਲਈ ਅਕਾਲੀ ਜਥੇ ਬਣ ਕੇ ਗਏ।

ਉਨ੍ਹੀਵੀਂ ਸਦੀ ਦੇ ਅੰਤਲੇ ਵਰ੍ਹਿਆਂ ਵਿਚ ਸਿੱਖਾਂ ਅੰਦਰ ਨਵੀਂ ਜਾਗ੍ਰਿਤੀ ਦੇ ਰੁਝਾਨ ਉਭਰਨੇ ਸ਼ੁਰੂ ਹੋ ਗਏ ਸਨ। ਆਪਣੀ ਹੋਂਦ ਅਤੇ ਆਪਣੀ ਨਵੇਕਲੀ ਪਛਾਣ ਨੂੰ ਕਾਇਮ ਰੱਖਣ ਅਤੇ ਉਸ ਲਈ ਸੁਚੇਤ ਢੰਗ ਨਾਲ ਕੰਮ ਕਰਨ ਦਾ ਜਜ਼ਬਾ ਸਭ ਪਾਸੇ ਫੈਲ ਰਿਹਾ ਸੀ। ਸ਼੍ਰੋਮਣੀ ਅਕਾਲੀ ਦਲ ਉਸ ਵਿਆਪਕ ਜਜ਼ਬੇ ਦਾ ਮੂਰਤੀਮਾਨ ਸਰੂਪ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਇੱਕ ਦੂਜੇ ਦੀਆਂ ਪੂਰਕ ਸੰਸਥਾਵਾਂ ਬਣਕੇ ਕੰਮ ਕਰਦੇ ਰਹੇ। ਦੋਹਾਂ ਸੰਸਥਾਵਾਂ ਤੇ 12 ਅਕਤੂਬਰ 1923 ਨੂੰ ਅੰਗਰੇਜ਼ ਸਰਕਾਰ ਨੇ ਪਾਬੰਦੀ ਲਗਾ ਦਿੱਤੀ ਸੀ। ਦੋਹਾਂ ਸੰਸਥਾਵਾਂ ਤੋਂ ਇਹ ਪਾਬੰਦੀ 12 ਸਤੰਬਰ 1926 ਨੂੰ ਹਟਾਈ ਗਈ ਸੀ।

ਉਸ ਵੇਲੇ ਦੇ ਅਕਾਲੀ ਅੰਦੋਲਨ ਨੇ ਆਪਣਾ ਕਾਰਜ ਪੂਰਾ ਕਰ ਲਿਆ ਜਦੋਂ 1925 ਵਿਚ ਸਿੱਖ ਗੁਰਦੁਆਰਾ ਐਕਟ ਬਣ ਗਿਆ ਅਤੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਉਤੋਂ ਪਾਬੰਦੀ ਹਟਾ ਲਈ ਗਈ। ਨਾਲ ਹੀ ਆਪਣੇ ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਉਨ੍ਹਾਂ ਨਾਲ ਜੁੜੀਆਂ ਜਾਇਦਾਦਾਂ ਦੇ ਪ੍ਰਬੰਧ ਦਾ ਪੂਰਾ ਹੱਕ ਸਿੱਖਾਂ ਨੂੰ ਮਿਲ ਗਿਆ। ਇਸ ਹੱਕ ਦੀ ਵਰਤੋਂ ਪੰਜਾਬ ਵਿਚ ਵਸਦੇ ਸਿੱਖਾਂ ਦੀ ਕੇਂਦਰੀ ਸੰਸਥਾ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਲਗ ਮਤਾਧਿਕਾਰ ਦੇ ਆਧਾਰ ਤੇ ਚੁਣੇ ਗਏ ਮੈਂਬਰਾਂ ਨੇ ਕਰਨੀ ਸੀ।

ਇਸ ਪੜਾਅ ਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਗਰਮੀਆਂ ਦਾ ਨਵਾਂ ਦੌਰ ਸ਼ੁਰੂ ਹੋਇਆ। ਉਸਦੀਆਂ ਜ਼ਿੰਮੇਵਾਰੀਆਂ ਦਾ ਖੇਤਰ ਵਿਸ਼ਾਲ ਤੇ ਵਿਆਪਕ ਹੋ ਗਿਆ। ਸਿੱਖਾਂ ਦੇ ਰਾਜਸੀ ਹੱਕਾਂ ਦੀ ਪਹਿਰੇਦਾਰੀ ਕਰਨਾ, ਸ਼੍ਰੋਮਣੀ ਕਮੇਟੀ, ਅਸੈਂਬਲੀ ਅਤੇ ਅਜਿਹੀਆਂ ਹੋਰ ਸੰਸਥਾਵਾਂ, ਜਿਥੇ ਚੋਣ-ਪ੍ਰਣਾਲੀ ਨਾਲ ਪ੍ਰਤਿਨਿਧ ਚੁਣੇ ਜਾਂਦੇ ਸਨ, ਵਿਚ ਹਿੱਸਾ ਲੈਣਾ ਅਤੇ ਆਪਣੇ ਉਮਦੀਵਾਰਾਂ ਨੂੰ ਜੇਤੂ ਬਣਾ ਕੇ ਸਾਰੇ ਪ੍ਰਬੰਧ ਉੱਤੇ ਆਪਣਾ ਪੂਰਾ ਅਸਰ ਪਾਉਣਾ ਉਸਦਾ ਕਾਰਜ ਖੇਤਰ ਬਣ ਗਿਆ 10 ਜੂਨ 1926 ਨੂੰ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ

ਵਿਚ ਚੁਣੇ ਗਏ 120 ਮੈਂਬਰਾਂ ਵਿਚੋਂ 85 ਮੈਂਬਰ ਸ਼੍ਰੋਮਣੀ ਅਕਾਲੀ ਦਲ ਦੇ ਚੁਣੇ ਗਏ ਸਨ। ਖੇਤਰ ਵਿਚ ਇਹ ਅਕਾਲੀ ਦਲ ਦੀ ਪਹਿਲੀ ਵੱਡੀ ਜਿੱਤ ਸੀ।

ਪੰਜਾਬੀ ਵਿਚ ਭਾਸ਼ਾ ਨੂੰ ਆਪਣੀ ਯੋਗ ਥਾਂ ਪ੍ਰਾਪਤ ਕਰਾਉਣ ਅਤੇ ਭਾਸ਼ਾ ਦੇ ਆਧਾਰ ਤੇ ਪੰਜਾਬ ਦਾ ਪੁਨਰਗਠਨ ਕਰਕੇ, ਪੰਜਾਬੀ ਸੂਬਾ ਬਣਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਨਿਰੰਤਰ ਸੰਘਰਸ਼ ਕਰਨਾ ਪਿਆ। ਪੰਜਾਬੀ ਸੂਬੇ ਦੀ ਮੁਹਿੰਮ ਸੱਚ ਫਾਰਮੂਲਾ ਅਤੇ ਰੀਜ਼ਨਲ ਫਾਰਮੂਲਾ ਦੀਆਂ ਮੰਜ਼ਿਲਾਂ ਪਾਰ ਕਰਦੀ ਹੋਈ ਅਖੀਰ ਨਵੰਬਰ 1966 ਵਿਚ ਆਪਣੇ ਨਿਸ਼ਾਨੇ ਤੀਕ ਪੁੱਜੀ। ਸਾਰੇ ਦੇਸ਼ ਵਿਚ ਬੋਲੀ ਦੇ ਆਧਾਰ ਤੇ ਰਾਜਾਂ ਦੀ ਮੁੜ ਹਦਬੰਦੀ ਛੇਵੇਂ ਦਹਾਕੇ ਵਿਚ ਹੀ ਹੋ ਗਈ ਸੀ ਪਰ ਪੰਜਾਬੀ ਬੋਲੀ ਦੇ ਆਧਾਰ ਤੇ ਪੰਜਾਬ ਦੇ ਪੁਨਰਗਠਨ ਦੀ ਮੰਗ ਨੂੰ ਲੰਮੇ ਸਮੇਂ ਤੀਕ ਲਟਕਾਈ ਰੱਖਿਆ ਗਿਆ। ਇਸ ਦੀ ਪ੍ਰਾਪਤ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਕਿੰਨੇ ਮੋਰਚੇ ਲਾਉਣੇ ਪਏ, ਕਿੰਨੇ ਅਕਾਲੀ ਵਰਕਰਾਂ ਨੇ ਆਪਣੀਆਂ ਸ਼ਹੀਦੀਆਂ ਦਿੱਤੀਆਂ, ਅਣਗਿਣਤ ਲੋਕਾਂ ਨੇ ਪੁਲਿਸ ਦੀਆਂ ਲਾਠੀਆਂ ਦੀਆਂ ਸੱਟਾਂ ਸਹਾਰੀਆਂ, ਜੇਲ੍ਹਾਂ ਕੱਟੀਆਂ। ਜਿਹੜਾ ਅਸੂਲ ਸਾਰੇ ਦੇਸ਼ ਵਿਚ ਬਿਨਾਂ ਕਿਸੇ ਖਾਸ ਹੀਲ-ਹੁੱਜ਼ਤ ਦੇ ਮੰਨ ਲਿਆ ਗਿਆ ਸੀ, ਪੰਜਾਬੀ ਬੋਲਦੇ ਲੋਕਾਂ ਲਈ ਇਸ ਗੱਲ ਨੂੰ ਤਕਰੀਬਨ 10 ਵਰ੍ਹੇ ਪਿਛੋਂ ਪ੍ਰਵਾਨ ਕੀਤਾ ਗਿਆ। ਇਸ ਉਦੇਸ਼ ਦੀ ਪ੍ਰਾਪਤੀ ਲਈ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਨੂੰ ਮਰਨ ਵਰਤ ਰੱਖਣੇ ਪਏ ਅਤੇ ਚੰਡੀਗੜ੍ਹ ਲਈ ਸ. ਦਰਸ਼ਨ ਸਿੰਘ ਫੇਰੂਮਾਨ ਨੂੰ ਆਪਣੀ ਸ਼ਹਾਦਤ ਦੇਣੀ ਪਈ।

ਕੇਂਦਰ ਸਰਕਾਰ ਨੇ ਜਿਹੜਾ ਪੰਜਾਬੀ ਸੂਬਾ ਪ੍ਰਵਾਨ ਕੀਤਾ ਉਸ ਵਿਚ ਵੀ ਬਦਨੀਤੀ ਦਾ ਪੂਰਾ ਸਬੂਤ ਦਿੱਤਾ। ਬੜੇ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖ ਕੇ ਗੁਆਂਢੀ ਰਾਜਾਂ ਵਿਚ ਸ਼ਾਮਿਲ ਕਰ ਦਿੱਤੇ ਗਏ।

ਸ਼੍ਰੋਮਣੀ ਅਕਾਲੀ ਦਲ ਆਪਣੇ ਜਨਮ ਤੋਂ ਹੀ ਇੱਕ ਲੋਕਤੰਤਰੀ ਦਲ ਰਿਹਾ ਹੈ ਅਤੇ

ਸ਼ਾਂਤਮਈ ਸੰਘਰਸ਼ ਰਾਹੀਂ, ਉਹ ਆਪਣੇ ਮਨੋਰਥਾਂ ਦੀ ਪ੍ਰਾਪਤੀ ਲਈ ਯਤਨ ਕਰਦਾ ਰਿਹਾ ਹੈ। ਉਸਦਾ ਲੋਕਤੰਤਰੀ ਅਤੇ ਸੰਵਿਧਾਨਕ ਢੰਗ ਨਾਲ ਕੀਤੇ ਜਾਣ ਵਾਲੇ ਸੰਘਰਸ਼ ਵਿਚ ਪੂਰਾ ਭਰੋਸਾ ਹੈ। ਆਪਣੀਆਂ ਮੰਗਾਂ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਦੇ ਅੱਗੇ ਅਨੇਕ ਵਾਰ ਰੱਖਿਆ ਤੇ ਇਸ ਗੱਲ ਦਾ ਭਰਪੂਰ ਯਤਨ ਕੀਤਾ ਕਿ ਸਰਕਾਰ ਪੰਜਾਬ ਅਤੇ ਸਿੱਖਾਂ ਦੀਆਂ ਜਾਇਜ਼ ਮੰਗਾਂ ਨੂੰ ਸਵੀਕਾਰ ਕਰਕੇ ਪੰਜਾਬ ਦੇ ਵਾਸੀਆਂ ਦੀਆਂ ਉਨ੍ਹਾਂ ਅਦੁੱਤੀ ਕੁਰਬਾਨੀਆਂ ਦਾ ਮੁੱਲ ਪਾਵੇ ਜਿਹੜੀਆਂ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ, ਦੇਸ਼ ਦੀਆਂ ਹੱਦਾਂ ਦੀ ਸੁਰੱਖਿਆ ਲਈ ਅਤੇ ਦੇਸ਼ ਵਿਚ ਹਰਾ ਇਨਕਲਾਬ ਲਿਆਉਣਾ ਲਈ ਦਿੱਤੀਆ ਹਨ।

8 ਅਗਸਤ 1982 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਮਜਬੂਰ ਹੋ ਕੇ ਧਰਮ ਯੁੱਧ ਮੋਰਚੇ ਦਾ ਐਲਾਨ ਕੀਤਾ। ਮੋਰਚੇ ਦੇ ਦੌਰਾਨ ਹਜ਼ਾਰਾਂ ਅਕਾਲੀ ਵਰਕਰਾਂ ਜੇਲ੍ਹਾਂ ਵਿਚ ਗਏ। ਸਰਕਾਰ ਨੇ ਕਦੀ ਦੋ-ਪੱਖੀ ਅਤੇ ਕਦੇ ਤਿੰਨ-ਪੱਖੀ ਮੀਟਿੰਗਾਂ ਦਾ ਢੋਂਗ ਰਚਾਈ ਰੱਖਿਆ। ਇਸ ਗੱਲ ਨੂੰ ਦੇਸ਼ ਦੀਆਂ ਅਨੇਕ ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਬੁੱਧੀਜੀਵੀਆਂ ਨੇ ਮੰਨਿਆ ਹੈ ਕਿ ਘੱਟ ਤੋਂ ਘੱਟ ਤਿੰਨ ਵਾਰ ਇੰਦਰਾ ਗਾਂਧੀ ਦੀ ਸਰਕਾਰ ਸਮਝੌਤੇ ਦੀਆਂ ਸ਼ਰਤਾਂ ਨੂੰ ਸਵੀਕਾਰ ਕਰਕੇ ਉਨ੍ਹਾਂ ਤੋਂ ਮੁਨਕਰ ਹੋ ਗਈ ਕਿਉਂਕਿ ਉਹ ਕਿਸੇ ਹੋਰ ਢੰਗ ਨਾਲ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ।

ਉਸਨੇ 4-6 ਜੂਨ 1984 ਨੂੰ ਦਰਬਾਰ ਸਾਹਿਬ ਅਤੇ ਪੰਜਾਬ ਤੇ ਹੋਰ ਅਨੇਕਾਂ ਗੁਰਧਾਮਾਂ ਤੇ ਫੌਜ ਭੇਜ ਕੇ ਹਮਲਾ ਕਰਾਇਆ। ਇਸ ਸਾਕੇ ਵਿਚ ਸਰਕਾਰੀ ਤੋਪਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਗੋਲੇ ਮਾਰ ਕੇ ਫਹਿ ਢੇਰ ਕਰ ਦਿੱਤਾ। ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਨੂੰ ਭਾਰੀ ਨੁਕਸਾਨ ਪੁਚਾਇਆ, ਇਤਿਹਾਸਿਕ ਮਹੱਤਤਾ ਰੱਖਣ ਵਾਲੀ ਵੱਡਮੁੱਲੀ ਸੋਨੇ ਜਵਾਹਰਾਤਾਂ ਨਾਲ ਬਣੀ ਚਾਨਣੀ ਨੂੰ ਸਾੜ ਕੇ ਸੁਆਹ ਕਰ ਦਿੰਤਾ। ਬੇਸ਼ਕੀਮਤੀ ਖਰੜਿਆਂ, ਹੁਕਮਨਾਮਿਆਂ, ਦਸਤਾਵੇਜ਼ਾਂ ਅਤੇ ਤਸਵੀਰਾਂ ਨਾਲ ਭਰੀ ਸਿੱਖ

ਰੈਫਰੈਂਸ ਲਾਇਬ੍ਰੇਰੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ। 3 ਜਨ ਨੂੰ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਹੋਣ ਕਰਕੇ ਦਰਬਾਰ ਸਾਹਿਬ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਜੁੜੀਆਂ ਹੋਈਆਂ ਸਨ। ਫੌਜ ਨੇ ਉਨ੍ਹਾਂ ਨੂੰ ਵੀ ਆਪਣੇ ਘੇਰੇ ਵਿਚ ਲੈ ਲਿਆ। ਇਸ ਸਾਕੇ ਵਿਚ ਅਣਗਿਣਤ ਮਾਸੂਮ ਬੱਚੇ, ਤੀਵੀਆਂ, ਨੌਜਵਾਨ ਤੇ ਬੁੱਢੇ ਲੋਕੀ ਮਾਰੇ ਗਏ ਅਤੇ ਕਰੋੜਾਂ ਮਨਾਂ ਨੂੰ ਜਿਸ ਤਰ੍ਹਾਂ ਵਲੂੰਧਰਿਆ ਗਿਆ ਉਹ ਕਦੀ ਨਾ ਵਿਸਰਣ ਵਾਲੀ ਦਾਸਤਾਨ ਹੈ।

ਸ਼੍ਰੋਮਣੀ ਅਕਾਲੀ ਦਲ ਅਜਿਹੀਆਂ ਸਾਰੀਆਂ ਹਮਖ਼ਿਆਲ ਕੌਮੀ ਅਤੇ ਖੇਤਰੀ ਪਾਰਟੀਆਂ ਨਾਲ ਡੂੰਘੀ ਸਾਂਝ ਪਾਉਣ ਲਈ ਉਪਰਾਲੇ ਕਰ ਰਿਹਾ ਹੈ ਜਿਹੜੀਆਂ ਰਾਜਾਂ ਨੂੰ ਵੱਧ ਅਧਿਕਾਰ ਤੇ ਅੰਦਰੂਨੀ ਖੁਦਮੁਖਤਾਰੀ ਦੇਣ ਦੀ ਹਮਾਇਤ ਕਰਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਇਹ ਵੀ ਚਾਹੁੰਦਾ ਹੈ ਕਿ ਇਸ ਦੇਸ਼ ਦੇ ਸੰਵਿਧਾਨ ਦੀ ਬਣਤਰ ਉੱਤੇ ਮੁੜ ਵਿਚਾਰ ਕੀਤੀ ਜਾਏ ਅਤੇ ਇਸਦੇ ਸਰੂਪ ਨੂੰ ਇਸ ਤਰ੍ਹਾਂ ਘੜਿਆ ਜਾਏ ਜਿਸ ਨਾਲ ਇਸ ਨੂੰ ਸਹੀ ਫੈਡਰਲ ਰੂਪ ਮਿਲ ਸਕੇ ਅਤੇ ਇਹ ਭਾਰਤੀ ਵਿਚ ਵੱਸਣ ਵਾਲੇ ਭਿੰਨ-ਭਿੰਨ ਵਰਗਾਂ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਰੀਝਾਂ ਅਤੇ ਸੱਧਰਾਂ ਦੀ ਪ੍ਰਾਪਤੀ ਦਾ ਆਦਰਸ਼ਕ ਨਮੂਨਾ ਬਣ ਸਕੇ।

ਸ਼੍ਰੋਮਣੀ ਅਕਾਲੀ ਦਲ ਵੱਲੋਂ 24-25 ਫਰਵਰੀ 1996 ਈ. ਨੂੰ ਮੋਗਾ ਵਿਖੇ 75ਵੀਂ ਵਰ੍ਹੇਗੰਢ ਮਨਾਈ ਗਈ। ਮੋਗਾ ਵਿਚ ਹੋਏ ਇਕੱਠ ਨੇ ਅਕਾਲ ਦੀ ਨੂੰ ਮਜ਼ਬੂਤ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸਮੁੱਚੇ ਪੰਜਾਬ ਵਿਚ ਮੀਟਿੰਗਾਂ ਕੀਤੀਆਂ ਗਈਆਂ। ਪੰਜਾਬ ਵਿਚ 1997 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੇ ਅਕਾਲੀ ਦਲ ਨੂੰ ਬਹੁਮਤ ਮਿਲਿਆ ਅਤੇ ਸ. ਪ੍ਰਕਾਸ਼ ਸਿੰਘ ਬਾਦਲ 12 ਫਰਵਰੀ 1997 ਤੋਂ 26 ਫਰਵਰੀ 2002 ਈ. ਤੱਕ ਮੁੱਖ ਮੰਤਰੀ ਪੰਜਾਬ ਬਣੇ। ਇਹ ਪਹਿਲੀ ਵਾਰ ਸੀ ਜਦੋਂ ਸ਼੍ਰੋਮਣੀ ਅਕਾਲੀ ਦੇ ਮੁੱਖ ਮੰਤਰੀ ਨੇ ਪੰਜ ਸਾਲ ਪੂਰੇ ਕੀਤੇ ਹੋਣ। ਇਸੇ ਸਮੇਂ ਦੌਰਾਨ ਖ਼ਾਲਸਾ ਪੰਥ ਦਾ 300 ਸਾਲਾ ਸਾਜਨਾ ਦਿਵਸ ਮਨਾਇਆ ਗਿਆ, ਪਰ ਸਿਆਸਤ ਦੀ ਖੇਡ ਬਹੁਤ ਗੰਦੀ ਖੇਡ ਹੈ।

ਰਾਜਨੀਤੀ ਵਿਚ ਕੌਣ ਕਿਸ ਦਾ ਮਿੱਤਰ ਬਣ ਜਾਵੇ, ਕੌਣ ਕਿਸੇ ਦਾ ਦੁਸ਼ਮਣ, ਕੁਝ ਨਹੀਂ ਕਿਹਾ ਜਾ ਸਕਦਾ। ਇਸੇ ਸਮੇਂ ਸ. ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਜਿਨ੍ਹਾਂ ਨੇ ਇਕੱਠਿਆਂ ਰਲ ਕੇ ਸਰਕਾਰ ਬਣਾਈ ਸੀ ਵੱਖੋ-ਵੱਖ ਹੋ ਗਏ। ਸ. ਮਨਜੀਤ ਸਿੰਘ ਕਲਕੱਤਾ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਸ. ਇੰਦਰਜੀਤ ਸਿੰਘ ਜ਼ੀਰਾ, ਸ. ਸੁਰਜੀਤ ਸਿੰਘ ਕੋਹਲੀ ਅਤੇ ਸ. ਹਰਮੇਲ ਸਿੰਘ ਟੌਹੜਾ ਨੇ ਬਾਦਲ ਵਜ਼ਾਰਤ ਤੋਂ ਅਸਤੀਫਾ ਦੇ ਦਿੱਤਾ ਅਤੇ ਜਥੇਦਾਰ ਗੁਰਚਰਨ ਸਿੰਘ ਦੀ ਅਗਵਾਈ ਵਿਚ ਸਰਬਹਿੰਦ ਸ਼੍ਰੋਮਣੀ ਅਕਾਲੀ ਦਲ ਬਣ ਗਿਆ। ਸਤੰਬਰ 1999 ਦੀਆਂ ਲੋਕ ਸਭਾ ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ ਦੀਆਂ 8 ਪੰਥਕ ਸੀਟਾਂ ਕਾਂਗਰਸ ਨੇ ਜਿੱਤ ਲਈਆਂ ਅਤੇ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਆਪਸੀ ਫੁੱਟ ਕਾਰਨ ਕਾਂਗਰਸ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਈ। ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੀਆਂ ਸਰਗਰਮੀਆਂ ਜਾਰੀ ਰੱਖੀਆਂ ਅਤੇ ਫਿਰ ਸ. ਪ੍ਰਕਾਸ਼ ਸਿੰਘ ਬਾਦਲ 2 ਮਾਰਚ 2007 ਨੂੰ ਮੁੱਖ ਮੰਤਰੀ ਪੰਜਾਬ ਬਣੇ। ਇਸ ਸਰਕਾਰ ਵਿਚ ਸ. ਸੁਖਬੀਰ ਸਿੰਘ ਬਾਦਲ ਉਪ-ਮੁੱਖ ਮੰਤਰੀ ਪੰਜਾਬ ਸਨ। ਸ. ਸੁਖਬੀਰ ਸਿੰਘ ਬਾਦਲ ਜਨਵਰੀ 2008 ਈ. ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। ਸ. ਸੁਖਬੀਰ ਸਿੰਘ ਬਾਦਲ ਨੇ ਜਥੇਬੰਦੀ ਵਿਚ ਨਵਾਂ ਉਤਸ਼ਾਹ ਪੈਦਾ ਕਰ ਦਿੱਤਾ। ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ 2009 ਈ. ਨੂੰ ਲੜੀਆਂ ਗਈਆਂ ਲੋਕ ਸਭਾ ਚੋਣਾਂ, 2011 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ, 2012 ਵਿਚ ਵਿਧਾਨ ਸਭਾਂ ਦੀਆਂ ਚੋਣਾਂ, 2013 ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਤੇ ਇਨ੍ਹਾਂ ਚੋਣਾਂ ਤੋਂ ਇਲਾਵਾ ਅੰਮ੍ਰਿਤਸਰ ਦੱਖਣੀ, ਨੂਰਮਹਿਲ, ਬਨੂੜ, ਕਾਹਨੂੰਵਾਲ, ਜਲਾਲਾਬਾਦ ਅਤੇ ਮੋਗਾ ਦੀਆਂ ਚੋਣਾਂ ਨੇ ਸ. ਸੁਖਬੀਰ ਸਿੰਘ ਬਾਦਲ ਦੀ ਹਿੰਮਤ ਅਤੇ ਦਲੇਰੀ ਦੇ ਝੰਡੇ

ਸਾਰੇ ਪੰਜਾਬ ਵਿਚ ਝੁਲਾ ਦਿੱਤੇ। ਇਹ ਪੰਜਾਬੀ ਵਿਚ ਦੂਜੀ ਵਾਰ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪੰਜ ਸਾਲ ਪੂਰੇ ਕੀਤੇ ਅਤੇ ਪਹਿਲੀ ਵਾਰ ਹੈ ਕਿ ਲਗਾਤਾਰ ਦੂਜੀ ਵਾਰ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ। ਇਸ ਸਮੇਂ ਸ. ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦੀ ਰਾਜਨੀਤੀ ਦਾ ਥੰਮ੍ਹ ਹੈ ਜਿਸ ਦੁਆਲੇ ਅਕਾਲੀ ਰਾਜਨੀਤੀ ਘੁੰਮਦੀ ਹੈ ਅਤੇ ਧੜਾਧੜ ਵਿਰੋਧੀ ਜਥੇਬੰਦੀਆਂ ਦੇ ਮੈਂਬਰ ਅਤੇ ਨੁਮਾਇੰਦੇ ਸ਼੍ਰੋਮਣੀ ਅਕਾਲੀ ਦਲ ਵਿਚ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਸ਼ਾਮਿਲ ਹੋ ਰਹੇ ਹਨ। ਅੱਜ ਦੇ ਸਮੇਂ ਵਿਚ ਸ. ਸੁਖਬੀਰ ਸਿੰਘ ਬਾਦਲ ਜਿਹਾ ਨਿਡਰ, ਉਤਸ਼ਾਹੀ, ਧੜੱਲੇਦਾਰ ਨੇਤਾ ਸ਼੍ਰੋਮਣੀ ਅਕਾਲੀ ਦਲ ਤੇ ਅਕਾਲੀ ਰਾਜਨੀਤੀ ਵਿਚ ਹੀ ਨਹੀਂ ਸਗੋਂ ਪੰਜਾਬ ਦੀ ਕਿਸੇ ਰਾਜਨੀਤਿਕ ਪਾਰਟੀ ਵਿਚ ਵੀ ਨਹੀਂ ਹੈ। ਅੱਜ ਦੀ ਰਾਜਨੀਤੀ ਬਹੁਤ ਮਹਿੰਗੀ ਹੋ ਚੁੱਕੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਚਲਾਉਣਾ ਅਤੇ ਅੱਜ ਦੀ ਮੌਜੂਦਾ ਸਥਿਤੀ ਨੂੰ ਸਮਝਦੇ ਹੋਏ ਅਕਾਲੀ ਦਲ ਨੂੰ ਇਕਜੁੱਟ ਰੱਖ ਕੇ ਅੱਗੇ ਤੋਰਨਾ ਸੌਖਾ ਨਹੀਂ ਹੈ। ਟਕਸਾਲੀ ਅਕਾਲੀ ਸਿੰਘਾਂ ਅਤੇ ਨਵੇਂ ਅਕਾਲੀ ਵਰਕਰਾਂ ਨੂੰ ਇੱਕ ਸੰਤੁਲਨ ਵਿਚ ਲੈ ਚੱਲਣਾ ਆਮ ਵਿਅਕਤੀ ਦਾ ਕੰਮ ਨਹੀਂ। ਅਕਾਲੀ ਰਾਜਨੀਤੀ ਪਹਿਲਾਂ ਕੁਰਬਾਨੀ ਕਰਨ ਵਾਲੇ, ਸਿੱਧੇ ਸਾਦੇ, ਸੇਵਾ ਭਾਵਨਾ ਵਾਲੇ ਤਿਆਗੀ ਲੋਕਾਂ ਦੀ ਰਾਜਨੀਤੀ ਸੀ ਪਰ ਅੱਜ ਜ਼ਿਆਦਾ ਖੇਡ ਧੰਨ ਦੌਲਤ ਵਾਲਿਆਂ ਦੀ ਹੈ। ਅੱਜ ਹਾਲਾਤ ਇਹੋ ਜਿਹੇ ਪੈਦਾ ਹੋ ਗਏ ਹਨ ਕਿ ਪਤਾ ਨਹੀਂ ਲੱਗਦਾ ਕਿ ਕਿਹੜਾ ਟਪੂਸੀ ਮਾਰ ਕੇ ਕਿਹੜੇ ਪਾਸੇ ਚਲਾ ਜਾਵੇ। ਅੱਜ ਰਾਜਸੀ ਖੇਤਰ ਵਿਚ ਵਿਚਰਦੇ ਰਹਿਣ ਲਈ ਕੱਛੂ-ਕੁੰਮੇ ਦੀ ਚਮੜੀ, ਮਗਰਮੱਛ ਦੀਆਂ ਅੱਖਾਂ, ਸੱਪ ਵਾਲੀ ਬਿਰਤੀ, ਠੂਹੇ ਵਾਲਾ ਡੰਗ ਅਤੇ ਵੇਸਵਾ ਵਾਲੀ ਮੁਸਕਰਾਹਟ ਦੀ ਲੋੜ ਹੈ। ਅੱਜ ਪੰਜਾਬ ਵਿਚਲੀ ਅਕਾਲੀ ਰਾਜਨੀਤੀ ਦਾ ਵਿਸ਼ਲੇਸ਼ਣ ਕਰੀਏ ਤਾਂ ਨੇੜੇ ਭਵਿੱਖ ਵਿਚ ਅਕਾਲੀ ਰਾਜਨੀਤੀ ਅੰਦਰ ਸ. ਸੁਖਬੀਰ ਸਿੰਘ ਬਾਦਲ ਜਿਹਾ ਰਾਜਨੀਤਕ ਨੇਤਾ ਨੇੜੇ-ਤੇੜੇ ਨਜ਼ਰ ਨਹੀਂ ਆਉਂਦਾ। ਅਕਾਲੀ ਰਾਜਨੀਤੀ ਨੂੰ

ਸਮਝਣਾ ਹਰ ਇੱਕ ਦੇ ਵਸ ਦੀ ਗੱਲ ਨਹੀਂ ਹੈ। ਪਿੰਡ ਦੀ ਸੱਥ ਤੋਂ ਚੰਡੀਗੜ੍ਹ ਦੇ ਸੈਕਟਰੀਏਟ ਤੱਕ ਚੱਲਣ ਵਾਲੀ ਅਕਾਲੀ ਰਾਜਨੀਤੀ ਨੂੰ ਸਮਝਣ ਵਾਲਾ ਹੀ ਅਕਾਲੀ ਨੇਤਾ ਹੈ ਪਰ ਫਿਰ ਵੀ ਸੱਥ ਵਿਚ ਬੈਠੇ ਜਥੇਦਾਰ ਅਕਾਲੀ ਰਾਜਨੀਤੀ ਦੀ ਗੱਲ ਚਲਾ ਕੇ ਕੀ ਚੱਕਰ ਚਲਾ ਦੇਣ, ਇਸ ਨੂੰ ਜੋ ਸਮਝ ਗਿਆ ਉਸ ਨੂੰ ਅਕਾਲੀ ਰਾਜਨੀਤੀ ਦਾ ਗਿਆਤਾ ਕਿਹਾ ਜਾ ਸਕਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਡਾ. ਹਰਜਿੰਦਰ ਸਿੰਘ ਦਿਲਗੀਰ, ਸ਼੍ਰੋਮਣੀ ਅਕਾਲੀ ਦਲ, ਸਿੱਖ ਯੂਨੀਵਰਸਿਟੀ ਸੈਂਟਰ, 2000, ਪੰਨਾ-10.
2. ਡਾ. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਅਕਾਲੀ ਦਲ,* ਮਾਡਰਨ ਪਬਲਿਸ਼ਰਜ਼, ਚੰਡੀਗੜ੍ਹ, 1980, ਪੰਨਾ-51.

## ਪਾਠ ਪੰਜਵਾਂ

## ਧਰਮ ਅਕਾਲੀ ਦਲ ਦੇ ਸੰਦਰਭ ਵਿਚ

ਬਹੁਤੇ ਧਰਮਾਂ ਅਨੁਸਾਰ ਮਨੁੱਖ ਦਾ ਉਦੇਸ਼ ਆਤਮਾ ਨੂੰ ਸਰੀਰ ਤੋਂ ਮੁਕਤ ਕਰਵਾਉਣਾ ਹੈ। ਮਨੁੱਖ ਲਈ ਸਮਾਜਿਕ ਮੁਕਤੀ ਮਾਰਗ ਹੈ ਜੋ ਆਤਮਿਕ ਮੁਕਤੀ ਮੰਜ਼ਿਲੀ ਹੈ।

ਜਗਤ ਦੇ ਸਾਰੇ ਧਰਮ ਮਨੁੱਖ ਨੂੰ 'ਏਕੋ ਪਿਤਾ ਏਕਸ ਕੇ ਹਮ ਬਾਰਿਕ' ਵਾਲਾ ਸਮਾਜ ਸਥਾਪਤ ਕਰਨ ਦਾ ਉਪਦੇਸ਼ ਦਿੰਦੇ ਹਨ ਤਾਂ ਕਿ ਮਨੁੱਖ ਸਮਾਜਿਕ ਤੇ ਆਤਮਿਕ ਮੁਕਤੀ ਪ੍ਰਾਪਤ ਕਰ ਸਕੇ।

ਦਰਅਸਲ ਸਾਰੇ ਮਹਾਨ ਦਾਰਸ਼ਨਿਕ ਤੇ ਧਰਮ ਦੇ ਬਾਨੀਆਂ ਦਾ ਸਦਾ ਇਹ ਹੀ ਮਨੋਰਥ ਰਿਹਾ ਹੈ ਕਿ ਇਨਸਾਨ ਵਿਚਲੇ ਹੈਵਾਨ ਨੂੰ ਲਗਾਮ ਦਿੱਤੀ ਜਾਵੇ, ਇਸ ਵਿਚਲੇ ਇਨਸਾਨ ਨੂੰ ਜਗਾਇਆ ਜਾਵੇ, ਉਸ ਨੂੰ ਦੇਵਤਿਆਂ ਦੇ ਦਰਜੇ ਤੱਕ ਪਹੁੰਚਾ ਕੇ ਸਰਬ ਸ਼ਕਤੀਮਾਨ ਪਿਤਾ ਨਾਲ ਅਭੇਦ ਕੀਤਾ ਜਾਵੇ। ਹਜ਼ਰਤ ਮੂਸਾ ਜੀ ਦਾ ਫੁਰਮਾਨ ਹੈ ਕਿ ਤੁਸੀਂ ਆਪਣੇ ਗਵਾਂਢੀ ਨਾਲ ਇਸ ਤਰ੍ਹਾਂ ਪਿਆਰ ਕਰੋ ਕਿ ਜਿਸ ਤਰ੍ਹਾਂ ਆਪਣੇ ਨਾਲ ਕਰਦੇ ਹੋ। ਹਜ਼ਰਤ ਈਸਾ ਜੀ ਨੇ ਹੁਕਮ ਕੀਤਾ ਕਿ ਤੁਸੀਂ ਆਪਣੀ ਆਤਮਾ ਨੂੰ ਸਾਫ ਕਰੋ। ਹਜ਼ਰਤ ਮੁਹੰਮਦ ਸਾਹਿਬ ਨੇ ਵਿਸ਼ਵ ਭਾਈਚਾਰੇ ਦਾ ਪ੍ਰਚਾਰ ਕੀਤਾ ਤੇ ਫੁਰਮਾਇਆ ਕਿ ਹਰ ਮਨੁੱਖ ਨੇ ਆਪਣੀ ਮੁਕਤੀ ਆਪ ਪ੍ਰਾਪਤ ਕਰਨੀ ਹੈ।

ਤਾਓਵਾਦ ਅਨੁਸਾਰ ਪਿਆਰ, ਸੰਜਮ ਤੇ ਨਿਮਰਤਾ ਤਿੰਨ ਮਹਾਨ ਖ਼ਜ਼ਾਨੇ ਹਨ। ਜੋ ਰਾਸ਼ਟਰ ਅਨੁਸਾਰ ਮਨੁੱਖ ਜ਼ਿੰਦਗੀ ਦਾ ਇਹ ਉਦੇਸ਼ ਹੈ ਕਿ ਮਨੁੱਖ ਨਿਆਂ ਲਈ ਸੋਚੇ, ਦੂਜਿਆਂ ਦੇ ਦੁੱਖਾਂ ਨੂੰ ਵੰਡੇ ਤੇ ਖੁਸ਼ੀ ਦੇਵੇ, ਅਗਿਆਨਤਾ ਨੂੰ ਖ਼ਤਮ ਕਰੇ, ਸਦਾ ਸੱਚ ਬੋਲੇ, ਨੇਕ ਕੰਮ ਕਰੇ, ਦਬਾਏ ਜਾਣ ਵਾਲੇ ਨੂੰ ਉਠਾਏ ਤੇ ਦਬਾਉਣ ਵਾਲੇ ਨੂੰ ਹਟਾਏ।

ਉਪਨਿਸ਼ਦਾਂ ਅਨੁਸਾਰ ਪ੍ਰਮਾਤਮਾ ਇੱਕ ਹੈ ਤੇ ਸਭ ਜੀਵਾਂ ਦੇ ਹਿਰਦੇ ਵਿਚ ਹੈ। ਹੰਕਾਰ, ਕ੍ਰੋਧ ਤੇ ਲਾਲਸ਼ਾਵਾਂ ਨੂੰ ਜੜ੍ਹੋਂ ਪੁੱਟਣਾ ਚਾਹੀਦਾ ਹੈ। ਪੰਦਰਵੀਂ ਸਦੀ ਵਿਚ ਭਾਰਤੀ ਸਮਾਜ ਦੀ ਸਮਾਜਿਕ, ਆਰਥਿਕ ਰਾਜਸੀ ਤੇ ਧਾਰਮਿਕ ਹਾਲਤ ਬਹੁਤ ਦਰਦਨਾਕ ਸੀ। ਸੱਚ ਦੀਆਂ ਜੋਤਾਂ ਕਰਮ-ਕਾਂਡਾਂ ਦੀਆਂ ਹਨ੍ਹੇਰੀਆਂ ਨੇ ਬੁਝਾ ਦਿੱਤੀਆਂ ਸਨ ਤੇ ਰੱਬ ਦੀ ਪੂਜਾ ਦੇਵਤਿਆਂ ਦੀ ਪੂਜਾ ਵਿਚ ਗੁਆਚ ਗਈ ਸੀ। ਰਾਜੇ ਅਧਰਮੀ ਹੋ ਕੇ ਜ਼ੁਲਮ ਕਰ ਰਹੇ ਸਨ।

ਸ਼੍ਰੋਮਣੀ ਅਕਾਲੀ ਦਲ ਸਿੱਖ ਰਾਜਨੀਤੀ ਦੇ ਆਧਾਰ ਵਾਲੀ ਸਿਆਸੀ ਪਾਰਟੀ ਹੈ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਰਾਜਨੀਤੀ ਖੇਤਰ ਵਿਚ ਅਗਵਾਈ ਕਰਦੀ ਹੈ। ਸ਼੍ਰੋਮਣੀ ਅਕਾਲੀ ਸਿੱਖ ਧਰਮ ਦੇ ਅਸੂਲਾਂ ਨੂੰ ਮੰਨਦਾ ਹੈ। ਸਿੱਖ ਧਰਮ ਅਤੇ ਰਾਜਨੀਤੀ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ -ਨਾਲ ਲੈ ਕੇ ਚੱਲਦਾ ਹੈ। ਸਿੱਖਾਂ ਦਾ ਭਾਰਤੀ ਰਾਜਨੀਤੀ ਵਿਚ ਮਹੱਤਵਪੂਰਨ ਰੋਲ ਰਿਹਾ ਹੈ। ਭਾਰਤ ਦੇ ਇਤਿਹਾਸ ਵਿਚ ਮੁਗਲ ਸਰਕਾਰ ਦਾ ਬੋਲਬਾਲਾ ਸੀ। ਜੋ ਇਸਲਾਮ ਧਰਮ ਦੇ ਆਧਾਰ ਤੇ ਰਾਜਨੀਤੀ ਕਰਦੇ ਸਨ। ਇਸਲਾਮੀ ਸਰਕਾਰਾਂ ਹਿੰਦੁਸਤਾਨੀਆਂ ਨੂੰ ਜ਼ਲੀਲ ਕਰਦੀਆਂ ਸਨ। ਇਥੋਂ ਤੱਕ ਕਿ ਕਿਸੇ ਵੀ ਬਹੁ-ਬੇਟੀ ਦੀ ਇੱਜ਼ਤ ਅਤੇ ਜਾਨਮਾਲ ਸੁਰੱਖਿਅਤ ਨਹੀਂ ਸੀ। ਮੁਸਲਿਮ ਹਕੂਮਤ ਦੇ ਵਿਰੁੱਧ ਸਿੱਖ ਗੁਰੂ ਸਾਹਿਬਾਨਾਂ ਨੇ ਡਟ ਕੇ ਲੜਾਈ ਕੀਤੀ। ਗੁਰੂ ਨਾਨਕ ਸਾਹਿਬ ਜੀ ਨੇ ਮੁਸਲਿਮ ਤਸ਼ੱਦਦ ਨੂੰ ਇਸ ਤਰ੍ਹਾਂ ਬਿਆਨ ਕੀਤਾ। ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁਗਲ ਜ਼ੁਲਮਾਂ ਦੇ ਖਿਲਾਫ ਲੜਨ ਕਰਕੇ ਜਹਾਂਗੀਰ ਬਾਦਸ਼ਾਹ ਨੇ ਤੱਤੀ ਤਵੀ ਤੇ ਬਿਠਾ ਕੇ ਸ਼ਹੀਦ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਨੂੰ ਜਗਤ ਦਾ ਕਰਤਾ, ਪਾਲਕ ਤੇ ਨਾਸ਼ਕ ਦੱਸਿਆ। ਪ੍ਰਮਾਤਮਾ ਤੋਂ ਹਵਾ ਪੈਦਾ ਹੋਈ, ਹਵਾ ਤੋਂ ਪਾਣੀ ਬਣਿਆ ਤੇ ਪਾਣੀ ਤੋਂ ਸਾਰੀ ਰਚਨਾ ਹੋਈ ਹੈ ਜਿਸ ਵਿਚ ਪ੍ਰਮਾਤਮਾ ਨੇ ਆਪਣੀ ਜੋਤ ਸਮੋਈ ਹੋਈ ਹੈ। ਸਾਰੀ ਕੁਦਰਤ ਉਸਦੇ ਹੁਕਮ ਵਿਚ ਚੱਲ ਰਹੀ ਹੈ ਪਰ ਮਨੁੱਖ ਦੀ ਆਪਣੀ ਕਮ-ਅਕਲੀ ਕਾਰਨ ਉਹ

ਸੁਖਦਾਇਕ ਚੀਜ਼ਾਂ ਦੁਖਦਾਇਕ ਚੀਜ਼ਾਂ ਦਾ ਰੂਪ ਧਾਰ ਗਈਆਂ ਹਨ। ਰਾਜ ਕੋਈ ਜੱਦੀ ਵਿਰਾਸਤ ਨਹੀਂ, ਸਗੋਂ ਰਾਜ ਕਰਨ ਦਾ ਹੱਕਦਾਰ ਹੈ ਉਹ ਹੈ ਜੋ ਰਾਜ ਕਰਨ ਦੇ ਲਾਇਕ ਹੈ। ਰਾਜ ਦੇ ਲਾਇਕ ਉਹ ਹੈ ਜੋ ਪੰਜਾਂ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਤਜ ਚੁੱਕਾ ਹੈ ਤੇ ਪੰਜ ਦੈਵੀ ਗੁਣਾਂ ਵਿਚਾਰ, ਪਿਆਰ, ਸੱਚ ਸੰਤੋਖ ਤੇ ਸੇਵਾ ਨੂੰ ਧਾਰਨ ਕਰ ਚੁੱਕਾ ਹੈ। ਦਰਅਸਲ ਗੁਰੂ ਜੀ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਵਾਲਾ ਸਮਾਜ ਸਥਾਪਤ ਕਰਨਾ ਚਾਹੁੰਦੇ ਸਨ ਜਿਸ ਵਿਚ ਹਰ ਮਨੁੱਖ ਗ੍ਰਹਿਸਤ ਵਿਚ ਰਹਿੰਦਿਆਂ ਆਪਣੇ ਹੱਥੀਂ ਨੇਕ ਕਿਰਤ ਕਰੇ ਤੇ ਉਸ ਵਿਚੋਂ ਲੋੜਵੰਦਾਂ ਦੀ ਸਹਾਇਤਾਂ ਕਰੇ। ਗਿਆਨ ਦਾ ਆਪ ਵਿਚਾਰ ਕਰੇ ਤੇ ਦੂਜਿਆਂ ਨੂੰ ਗਿਆਨ ਦੇਵੇ। ਸੱਚਾ ਜੀਵਨ ਬਤੀਤ ਕਰੇ ਤੇ ਸਭ ਨਾਲ ਭਾਰਵਾਂ ਵਾਂਗ ਪਿਆਰ ਕਰੇ, ਸੰਤੋਖ ਧਾਰਨ ਕਰੇ, ਦੂਸਰੇ ਦਾ ਹੱਕ ਮਾਰਨਾ ਬੁਰੀ ਵਸਤ ਸਮਝੇ, ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰੇ ਤੇ ਸਰਬੱਤ ਦਾ ਭਲਾ ਮੰਗਦਿਆਂ ਪ੍ਰਭੂ ਦੇ ਨਾਮ ਦਾ ਸਿਮਰ ਕਰੇ। ਇਸ ਤਰ੍ਹਾਂ ਉਹ ਸਮਾਜਿਕ ਮੁਕਤੀ ਦੇ ਮਾਰਗ ਤੇ ਚੱਲਦਿਆਂ ਆਤਮਿਕ ਮੁਕਤੀ ਦੀ ਮੰਜ਼ਿਲ ਤੇ ਪੁੱਜ ਜਾਏਗਾ।

ਮੀਰੀ ਤੇ ਪੀਰੀ ਦੇ ਮਾਲਕ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਕੀਤੀ ਤਾਂਕਿ ਗੁਰੂ ਨਾਨਕ ਨਾਮ ਲੇਵਾ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਭਗਤੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਸ਼ਕਤੀ ਪ੍ਰਾਪਤ ਕਰਕੇ ਸਮਾਜਿਕ ਮੁਕਤੀ ਦੇ ਮਾਰਗ ਤੇ ਚੱਲਦਿਆਂ ਆਤਮਿਕ ਮੁਕਤੀ ਦੀ ਮੰਜ਼ਿਲ ਨੂੰ ਪਾ ਸਕਣ। ਸਰਬੰਸਦਾਨੀ ਦਸਮੇਸ਼ ਪਿਤਾ ਜੀ ਨੇ 1699 ਦੀ ਵਿਸਾਖੀ ਦੇ ਪਵਿੱਤਰ ਦਿਹਾੜੇ ਸਿੱਖ ਕੌਮ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਖਾਲਸੇ ਦੀ ਸਿਰਜਨਾ ਕੀਤੀ ਤੇ ਇਸ ਨੂੰ ਮਾਨਵਤਾ ਦੇ ਕਲਿਆਣ ਲਈ ਉੱਦਮਸ਼ੀਲ ਰਹਿਣ ਤੇ ਸੱਚ ਲਈ ਸੀਸ ਵਾਰਨ ਦਾ ਉਪਦੇਸ਼ ਦਿੱਤਾ। ਸੱਚ ਲਈ ਸੀਸ ਵਾਰਨ ਵਾਲੇ ਖ਼ਾਲਸਾ ਪੰਥ ਨੂੰ ਅਕਾਲ ਪੁਰਖ ਦੀ ਫੌਜ ਕਿਹਾ।

ਖ਼ਾਲਸਾ ਪੰਥ ਨੇ ਪੰਥ ਦੀ ਚੜ੍ਹਦੀ ਕਲਾ ਤੇ ਸਰੱਬਤ ਦੇ ਭਲੇ ਲਈ 1708 ਤੋਂ 1767 ਤੱਕ ਬੜੀਆਂ ਘਾਲਣਾਂ ਘਾਲੀਆਂ। ਪੁੱਠੀਆਂ ਖੱਲਾਂ ਲੁਹਾ ਕੇ, ਸੀਸ ਆਰਿਆਂ ਨਾਲ ਚਰਵਾ ਕੇ, ਬੰਦ ਬੰਦ ਕਟਵਾ ਤੇ, ਖੋਪਰੀਆਂ ਉਤਰਵਾ ਕੇ, ਬੱਚੇ ਨੇਜ਼ਿਆਂ ਤੇ ਟੰਗਵਾ ਕੇ, ਉਬਲਦੀਆ ਦੇਗਾਂ ਵਿਚ ਬਹਿ ਕੇ, ਅਨੇਕਾਂ ਕਸ਼ਟ ਸਹਿ ਕੇ, ਪਾਵਨ ਧਰਤੀ ਤੇ ਲਗੇ ਮਨੁੱਖ ਦਰਿੰਦਿਆਂ ਦੇ ਪੈਰਾਂ ਦੇ ਨਿਸ਼ਾਨਾਂ ਨੂੰ ਆਪਣੇ ਖੂਨ ਨਾਲ ਧੋ ਕੇ ਪੰਜਾਬ  ਵਿਚ ੧੨ ਮਿਸਲਾਂ ਦਾ ਸਿੱਖ ਰਾਜ ਕਾਇਮ ਕੀਤਾ। ਜਦੋਂ ਅਫਗਾਨ, ਮਰਹੱਟੇ ਤੇ ਅੰਗਰੇਜ਼ ਪੰਜਾਬ ਦੀ ਆਜ਼ਾਦੀ ਲਈ ਖਤਰਾ ਬਣ ਰਹੇ ਸਨ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਪੰਥ ਦੀ ਬਿਖਰੀ ਤਾਕਤ ਨੂੰ ਇਕੱਠਾ ਕਰਕੇ ਅਜਿਹਾ ਸਿੱਕਾ ਕਾਇਮ ਕੀਤਾ ਕਿ ਦਿੱਲੀ ਦੇ ਤਾਜਦਾਰ ਤੇ ਕਾਬਲ ਕੰਧਾਰ ਦੇ ਖੂਨੀ ਸਿੱਪਾਸਲਾਰ ਥਰਥਰਾਉਣ ਲੱਗੇ। ਜਿਹੜੇ ਅਫਗਾਨ ਆਪਣੀ ਹੁਕਮਰਾਨੀ ਹਵੱਸ ਨੂੰ ਪੂਰਾ ਲਈ ਸਦੀਆਂ ਤੋਂ ਭਾਰਤ ਦੀ ਜਾਨ, ਮਾਲ ਤੇ ਇੱਜ਼ਤ ਨਾਲ ਖਿਲਵਾੜ ਖੇਲ ਰਹੇ ਸਨ, ਉਹੀ ਅਫਗਾਨ ਸ਼ੇਰੇ ਪੰਜਾਬ ਦੇ ਕਮਾਲ ਸਦਕਾ ਦੇਸ਼ ਨੂੰ ਉਜਾੜਨ ਦੀ ਥਾਂ ਦੇਸ਼ ਦੀਆਂ ਕੰਧਾਂ ਉਸਾਰਨ ਲਈ ਤਲਵਾਰ ਦੀ ਥਾਂ ਕਹੀਆਂ ਮੋਢਿਆਂ ਤੇ ਧਰ ਕੇ ਭਾਰਤ ਵਿਚ ਆਉਂਦੇ ਰਹੇ।

ਮਹਾਰਾਜਾ ਰਣਜੀਤ ਸਿੰਘ ਦਾ ਹਲੀਮੀ ਵਾਲਾ ਰਾਜ ਸੀ, ਜਿਸ ਵਿਚ ਹਿੰਦੂ, ਮੁਸਲਮਾਨ, ਸਿੱਖ, ਈਸਾਈ ਸਭ ਖੁਸ਼ ਸਨ। ਉਸ ਦੇ ਦਰਬਾਰ ਵਿਚ ਫਕੀਰ ਅਜ਼ੀਜ਼ੁਲ ਅਦੀਨ ਤੇ ਦੀਵਾਨ ਮੋਹਕਮ ਚੰਦ ਵਰਗੇ ਕਾਬਲ ਵਜ਼ੀਰ ਸਨ। ਫੌਜ ਵਿਚ ਸ. ਹਰੀ ਸਿੰਘ ਨਲਵਾ, ਸ. ਸ਼ਾਮ ਸਿੰਘ ਅਟਾਰੀ ਤੇ ਅਕਾਲੀ ਫੂਲਾ ਸਿੰਘ ਵਰਗੇ ਬਹਾਦਰ ਤੇ ਕਾਬਲ ਜਰਨੈਲ ਸਨ। ਇੱਕ ਅੰਗਰੇਜ਼ ਦੇ ਕਹਿਣ ਅਨੁਸਾਰ ਜੇ ਸਾਰੀਆਂ ਸਿੱਖ ਰਿਆਸਤਾਂ ਤੇ ਵਤਨ-ਪ੍ਰਸਤ  ਭਾਰਤੀ ਸ਼ੇਰੇ-ਪੰਜਾਬ ਦਾ ਸਾਥ ਦਿੰਦੇ ਤਾ ਉਹ ਸਾਰੇ ਏਸ਼ੀਆ ਨੂੰ ਫਤਹਿ ਕਰਨ ਦੇ ਕਾਬਿਲ ਸੀ। ਇੱਕ ਵਾਰੀ ਇੱਕ ਸੈਲਾਨੀ ਮਿਸਟਰ ਬੈਰਨ ਨੇ ਮਹਾਰਾਜੇ ਤੋਂ

ਪੁੱਛਿਆ ਕਿ ਤੁਹਾਡਾ ਵੱਡਾ ਵਜ਼ੀਰ ਕੌਣ ਹੈ। ਮਹਾਰਾਜੇ ਨੇ ਜੁਆਬ ਦਿੱਤਾ 'ਰਣਜੀਤ ਸਿੰਘ'। ਬੈਰਨ ਨੇ ਹੈਰਾਨੀ ਨਾਲ ਪੁੱਛਿਆ ਕਿ ਫਿਰ ਮਹਾਰਾਜ ਕੌਣ ਹੈ, ਤਾਂ ਸ਼ੇਰੇ ਪੰਜਾਬ ਨੇ ਜੁਆਬ ਦਿੱਤਾ 'ਸੱਚੇ ਪਾਤਸ਼ਾਹ ਗੁਰੂ ਨਾਨਕ।' ਇਸ ਗੁਰੂ ਦੇ ਲਾਲ ਦੀ ਕਰਨੀ ਤੇ ਕਥਨੀ ਵਿਚ ਸੁਮੇਲ ਸੀ। ਇਸ ਨੇ ਆਪਣੇ ਰਾਜ ਵਿਚ ਨਾਨਕਸ਼ਾਹੀ ਸਿੱਕਾ ਚਲਾਇਆ ਪਰ ਅਫਸੋਸ! ਖੂਨ ਦੀਆਂ ਹੋਲੀਆਂ ਖੇਡ ਕੇ ਕਾਇਮ ਕੀਤਾ ਸਿੱਖ ਰਾਜ, ਨਮਕ ਹਰਾਮਾਂ ਤੇ ਪੰਥਕ ਗ਼ੱਦਾਰਾਂ ਦੀਆਂ ਸਾਜ਼ਿਸ਼ਾਂ ਕਾਰਨ ਖ਼ਤਮ ਹੋ ਗਿਆ ਤੇ ਪੰਜਾਬ ਅੰਗਰੇਜ਼ਾਂ ਦੀ ਗੁਲਾਮੀ ਦੀਆਂ ਜ਼ੰਜ਼ੀਰਾਂ ਵਿਚ ਜਕੜਿਆ ਗਿਆ। ਮੁਸਲਮਾਨ ਕਵੀ "ਸ਼ਾਹ ਮੁਹੰਮਦ" ਖਾਲਸੇ ਦੀਆਂ ਸਿੱਖ ਰਾਜ ਕਾਇਮ ਰੱਖਣ ਲਈ ਮਾਰੀਆਂ ਤੇਗਾਂ ਦੇ ਨਮਕ-ਹਰਾਮਾਂ ਦੀਆਂ ਕਰਤੂਤਾਂ ਕਾਰਨ ਖ਼ਾਲਸਾ ਰਾਜ ਦੀ ਹੋਈ ਹਾਰ ਦਾ ਵਰਨਣ ਕਰਦਾ ਲਿਖਦਾ ਹੈ :

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ, ਪਾਤਸ਼ਾਹੀ ਫੌਜਾਂ ਭਾਰੀਆਂ ਨੇ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

1872 ਈ. ਵਿਚ ਸਿੰਘ ਸਭ ਤੇ 1902 ਈ. ਵਿਚ ਚੀਫ ਖ਼ਾਲਸਾ ਦੀਵਾਨ ਦੀ ਸਥਾਪਨਾ ਹੋਈ ਜਿਸ ਨੇ ਸਿੱਖ ਕੌਮ ਵਿਚ ਧਾਰਮਿਕ, ਸਮਾਜਿਕ ਤੇ ਰਾਜਨੀਤਕ ਚੇਤੰਨਤਾ ਪੈਦਾ ਕੀਤਾ। ਉਸ ਨੇ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਸਥਾਪਿਤ ਕੀਤੀਆਂ, ਹਜ਼ਾਰਾਂ ਧਾਰਮਿਕ ਪੱਤਰ ਛਾਪੇ ਤੇ ਦਸ ਸਮਾਚਾਰ ਪੱਤਰ ਛਪਾਏ ਤੇ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਨੂੰ ਪ੍ਰਫੁੱਲਤ ਕੀਤਾ। ਗੁਰੂ ਨਾਨਕ ਦੇਵ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਇਨ੍ਹਾਂ ਨੇ

ਅਖਾਉਂਤੀ ਅਛੂਤਾਂ ਨੂੰ ਗੁਰਦੁਆਰਿਆਂ ਵਿਚ ਪੂਜਾ ਕਰਨ ਦਾ ਅਧਿਕਾਰ ਆਇਆ। ਇਸ ਲਹਿਰ ਨੇ ਸਿੱਖ ਧਰਮ, ਸਿੱਖੀ ਕਲਚਰ ਤੇ ਸਿੱਖੀ ਸਰੂਪ ਨੂੰ ਦੂਸਰੇ ਧਰਮਾਂ ਦੇ ਪ੍ਰਭਾਵ ਤੋਂ ਬਚਾਇਆ। ਪੰਜਾਬੀ ਭਾਸ਼ਾ ਤੇ ਸਿੱਖੀ ਭਾਸ਼ਾ ਤੇ ਸਿੱਖ ਧਰਮ ਦੀ ਉੱਨਤੀ ਲਈ ਇਨ੍ਹਾਂ ਨੇ ਅੰਗਰੇਜ਼ਾਂ ਤੋਂ ਸਿੱਖਾਂ ਵਾਸਤੇ ਅਲੱਗ ਰਾਜਨੀਤਕ ਪ੍ਰਤੀਨਿਧਤਾ ਤੇ ਨੌਕਰੀਆਂ ਵਿਚ ਵਿਸ਼ੇਸ਼ ਅਧਿਕਾਰਾਂ ਦੀ ਮੰਗ ਕੀਤੀ।

1920 ਦੇ ਸਿੱਖ ਧਾਰਮਿਕ ਅੰਦੋਲਨ ਵਿਚੋਂ ਸ਼੍ਰੋਮਣੀ ਅਕਾਲੀ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਮ ਹੋਇਆ ਜਿਸ ਨੇ ਗੁਰਧਾਮਾਂ ਦੀ ਆਜ਼ਾਦੀ ਲਈ ਸੰਗਰਾਮ ਸ਼ੁਰੂ ਕੀਤਾ। ਬੇਸ਼ਕ ਅੰਗਰੇਜ਼ਾਂ ਨੇ 1923 ਵਿਚ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪਾਬੰਦੀ ਲਗਾ ਕੇ ਇਸ ਦੇ ਲੀਡਰਾਂ ਨੂੰ ਕਾਲ ਕੋਠੜੀਆਂ ਵਿਚ ਬੰਦ ਕਰ ਦਿੱਤਾ ਪਰ ਸ਼ਹੀਦਾਂ ਦੀ ਜਥੇਬੰਦੀ ਨੇ ਅਸਹਿ ਤੇ ਅਕਹਿ ਕੁਰਬਾਨੀਆਂ ਦੇ ਕੇ ਅੰਗਰੇਜ਼ੀ ਏਜੰਟਾਂ ਮਹੰਤਾਂ ਤੋਂ ਇਤਿਹਾਸਕ ਗੁਰਦੁਆਰੇ ਆਜ਼ਾਦ ਕਰਵਾਏ ਤੇ ਅੰਗਰੇਜ਼ੀ ਸਰਕਾਰ ਨੂੰ ਸਿੱਖ ਗੁਰਦੁਆਰਾ ਐਕਟ ਬਣਾਉਣ ਲਈ ਮਜਬੂਰ ਕਰ ਦਿੱਤਾ। ਅਕਾਲੀ ਦਲ ਤੇ ਸਿੱਖਾਂ ਲਈ ਵਿਸ਼ੇਸ਼ ਅਧਿਕਾਰਾਂ ਦੀ ਵੀ ਮੰਗ ਕੀਤੀ। ਮਾਨਟੈਗਿਊ ਚੈਮਸਫੋਰਡ ਐਕਟ 1921 ਵਿਚ ਸਿੱਖਾਂ ਨੂੰ ਸੰਪ੍ਰਦਾਇਕ ਪ੍ਰਤੀਨਿਧਤਾ ਦੇਣ ਲਈ ਪੰਜਾਬ ਅਸੈਂਬਲੀ ਦੀਆਂ 17 ਪ੍ਰਤੀਸ਼ਤ ਸੀਟਾਂ ਉਨ੍ਹਾਂ ਲਈ ਰਾਖਵੀਆਂ ਰੱਖੀਆਂ ਗਈਆਂ। 1932 ਦੇ ਬਰਤਾਨਵੀ ਸੰਪ੍ਰਦਾਇਕ ਅਵਾਰਡ ਅਧੀਨ ਭਾਰਤ ਵਿਚ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਪਛੜੀਆਂ ਸ਼੍ਰੇਣੀਆਂ ਲਈ ਸੰਪ੍ਰਦਾਇਕ ਪ੍ਰਤੀਨਿਧਤਾ ਦੇ ਆਧਾਰ ਤੇ ਸੀਟਾਂ ਰਾਖਵੀਆਂ ਰੱਖੀਆਂ ਗਈਆਂ। ਮਹਾਤਮਾ ਗਾਂਧੀ ਨੇ ਪੱਛੜੀਆਂ ਸ਼੍ਰੇਣੀਆਂ ਨੂੰ ਹਿੰਦੂ ਪ੍ਰਤੀਨਿਧਤਾ ਵਿਚ ਸ਼ਾਮਿਲ ਕਰਨ ਲਈ 20 ਸਤੰਬਰ, 1932 ਵਿਚ ਮਰਨ ਵਰਤ ਰੱਖ ਦਿੱਤਾ। ਸਾਰੇ ਭਾਰਤ ਵਿਚ ਹਿੰਦੂ ਕਾਨਫਰੰਸਾਂ ਹੋਈਆਂ ਜਿਸ ਕਾਰਨ ਪੂਨਾ ਸਮਝੌਤਾ ਹੋਂਦ ਵਿਚ ਆਇਆ। ਇਸ ਸਮਝੌਤੇ ਅਨੁਸਾਰ

ਪੱਛੜੀਆਂ ਸ਼੍ਰੇਣੀਆਂ ਨੂੰ ਹਿੰਦੂ ਚੋਣ ਪ੍ਰਤੀਨਿਧਤਾ ਵਿਚ ਸ਼ਾਮਲ ਕਰ ਲਿਆ ਗਿਆ ਤੇ ਉਨ੍ਹਾਂ ਨੂੰ 17 ਅਗਸਤ 1932 ਦੇ ਕਮਿਊਨਲ ਅਵਾਰਡ ਅਨੁਸਾਰ ਜੋ ਅਲੱਗ ਚੋਣ ਪ੍ਰਣਾਲੀ ਦੇ ਆਧਾਰ ਤੇ 70 ਸੀਟਾਂ ਮਿਲੀਆਂ ਸਨ, ਵਧਾ ਕੇ 142 ਕਰ ਦਿੱਤਾ ਗਿਆ। ਇਸ ਤਰ੍ਹਾਂ ਸਦੀਆਂ ਦੀ ਗੁਲਾਮ ਹਰੀਜਨ ਕੌਮ ਹਿੰਦੂ ਕੌਮ ਦਾ ਅੰਗ ਬਣ ਕੇ ਰਹਿ ਗਈ ਤੇ ਭਾਰਤ ਵਿਚ ਸਿਰਫ ਤਿੰਨ ਕੌਮਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਹੀ ਵੱਖਰੀ ਚੋਣ ਪ੍ਰਤੀਨਿਧਤਾ ਦੇ ਆਧਾਰ ਤੇ ਸੀਟਾਂ ਦਿੱਤੀਆਂ ਗਈਆਂ।

1946 ਵਿਚ ਜਦੋਂ ਪੰਜਾਬ ਨੂੰ ਹਿੰਦੂ ਬਹੁ-ਗਿਣਤੀ ਤੇ ਮੁਸਲਿਮ ਬਹੁ-ਗਿਣਤੀ ਦੇ ਆਧਾਰ ਤੇ ਦੋ ਹਿੱਸਿਆਂ ਵਿਚ ਵੰਡਿਆ ਜਾਣ ਲੱਗਾ ਤਾਂ ਸਿੱਖ ਰਾਜਸੀ ਨੇਤਾਵਾਂ ਨੇ ਆਜ਼ਾਦ ਸਿੱਖ ਰਾਜ ਦੀ ਮੰਗ ਕੀਤੀ। ਉਸ ਸਮੇਂ ਇੱਕ ਪਾਸੇ ਮਿਸਟਰ ਮੁਹੰਮਦ ਅਲੀ ਜਿਨਾਹ ਨੇ ਸਿੱਖਾਂ ਨੂੰ ਪਾਕਿਸਤਾਨ ਵਿਚ ਅੰਦਰੂਨੀ ਖੁਦਮੁਖਤਿਆਰ ਸਟੇਟ ਬਣਾਉਣ ਦਾ ਪੇਸ਼ਕਸ਼ ਕੀਤੀ ਤੇ ਦੂਸਰੇ ਪਾਸੇ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ ਆਦਿ ਕਾਂਗਰਸੀ ਨੇਤਾਵਾਂ ਨੇ ਕਾਂਗਰਸੀ ਸਮਾਗਮਾਂ ਵਿਚ ਬਾਰ-ਬਾਰ ਕਸਮਾਂ ਖਾ ਕੇ ਸਿੱਖਾਂ ਵਿਚ ਵਿਸ਼ਵਾਸ ਦਿੱਤਾ ਕਿ ਉੱਤਰੀ ਭਾਰਤ ਵਿਚ ਸਿੱਖਾਂ ਲਈ ਇੱਕ ਅਜਿਹਾ ਸੂਬਾ ਬਣਾਇਆ ਜਾਵੇਗਾ ਜਿਥੇ ਸਿੱਖ ਆਜ਼ਾਦੀ ਦਾ ਆਨੰਦ ਮਾਣ ਸਕਣਗੇ। ਸਿੱਖ ਲੀਡਰਸ਼ਿਪ ਦੇ ਕਾਂਗਰਸੀ ਨੇਤਾਵਾਂ ਤੇ ਵਿਸ਼ਵਾਸ ਕਰਦਿਆਂ ਸਿੱਖ ਕੌਮ ਦੀ ਕਿਸਮਤ ਨੂੰ ਆਜ਼ਾਦ ਭਾਰਤ ਨਾਲ ਜੋੜ ਦਿੱਤਾ। ਹਿੰਦੁਸਤਾਨ ਦੀ ਹਕੂਮਤ ਸਮੇਂ-ਸਮੇਂ ਤੇ ਸਿੱਖਾਂ ਤੇ ਹਮਲੇ ਕਰਦੀ ਆਈ ਹੈ। ਸਿੱਖ ਕੌਮ ਬਹੁਤਾਤ ਦੇ ਵਿਚ ਖੇਤੀਬਾੜੀ ਤੇ ਨਿਰਭਰ ਹੈ। ਸਿੱਖਾਂ ਦੀ ਆਰਥਿਕਤਾ ਨੂੰ ਢਾਹ ਲਾਉਣ ਲਈ ਸਮੇਂ-ਸਮੇਂ ਤੇ ਜ਼ਮੀਨ ਦੀ ਮਲਕੀਅਤ ਸੰਬੰਧੀ ਗਲਤ ਕਾਨੂੰਨ ਬਣਾਏ ਗਏ। ਇਥੋਂ ਤੱਕ ਕਿ ਦੋ ਵਾਰੀ ਸੀਲਿੰਗ ਐਕਟ ਲਾਗੂ ਕਰਕੇ ਬਹੁਤ ਸਾਰੇ ਸਿੱਖਾਂ ਦੀ ਜ਼ਮੀਨ ਖੋਹ ਲਈ। ਉਹ ਸਿੱਖ ਭਾਰਤ ਸਰਕਾਰ ਨਾਲ ਵੀ ਹਮੇਸ਼ਾ ਆਪਣੇ ਹੱਕਾਂ ਦੀ ਲੜਾਈ ਲੜਦੇ ਰਹੇ। ਸ਼੍ਰੋਮਣੀ ਅਕਾਲੀ ਦਲ

ਇਸ ਲੜਾਈ ਵਿਚ ਮੋਹਰੀ ਰਿਹਾ ਹੈ । ਅੱਜ ਵੀ ਦਰਿਆਈ ਪਾਣੀਆਂ ਦਾ ਝਗੜਾ ਚੱਲ ਰਿਹਾ ਹੈ ਜਿਥੇ ਕਿ ਹਰਿਆਣਾ ਸਤਲੁਜ ਬਿਆਸ ਦਰਿਆ ਆਪਣਾ ਦਾਅਵਾ ਪੇਸ਼ ਕਰਦਾ ਹੈ ਜੋ ਕਿ ਸਰਾਸਰ ਗਲਤ ਹੈ।

ਮੌਜੂਦਾ ਕੇਂਦਰ ਸਰਕਾਰ ਭਾਰਤ ਦੇ ਦਰਿਆਵਾਂ ਨੂੰ ਜੋੜਨ ਦੀ ਗੱਲ ਕਰਦੀ ਹੈ ਜੋ ਕਿ ਪੰਜਾਬ ਦੇ ਹੱਕ ਵਿਚ ਨਹੀ। ਸ਼੍ਰੋਮਣੀ ਅਕਾਲੀ ਦਲ ਇਸਦਾ ਵਿਰੋਧ ਕਰਦਾ ਹੈ। ਸਿੱਖ ਰਾਜਨੀਤੀ ਦਾ ਉਧਾਰ ਸਿੱਖ ਧਰਮ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਸਿੱਖ ਕੌਮ ਦੇ ਹੱਕਾਂ ਦੀ ਲੜਾਈ ਲੜਨ ਲਈ ਤਿਆਰ ਰਹਿਣਾ ਪਵੇਗਾ। ਸਿੱਖ ਕੌਮ ਆਪਣੇ ਆਰਥਿਕ, ਧਾਰਮਿਕ, ਅਤੇ ਰਾਜਸੀ ਹੱਕਾਂ ਦੀ ਪ੍ਰਾਪਤੀ ਲਈ ਹਮੇਸ਼ਾ ਹੀ ਲੜਾਈ ਲੜਨੀ ਪਈ।

ਹਿੰਦੂ ਬਹੁ ਗਿਣਤੀ ਅਸੈਂਬਲੀ ਵਿਚ ਸਿੱਖਾਂ ਲਈ ਘੱਟ ਗਿਣਤੀ ਭਾਈਚਾਰਾ ਹੋਣ ਕਰਕੇ ਅਸੁਰੱਖਿਆ ਦਾ ਭਾਵਨਾ ਵੱਧ ਗਈ ਸਮੁੱਚੀ ਅਕਾਲੀ ਲੀਡਰਸ਼ਿਪ ਨੇ ਅਸਰੁੱਖਿਆ ਕਰਕੇ ਆਪਣਾ ਪੂਰਾ ਧਿਆਨ ਪੰਜਾਬੀ ਸੂਬੇ ਦੀ ਮੰਗ ਤੇ ਕੇਂਦਰਿਤ ਕਰ ਦਿੱਤਾ। ਕਾਂਗਰਸ ਪਹਿਲਾਂ ਹੀ ਆਪਣੇ ਨਾਗਪੁਰ ਸ਼ੈਸਨ ਵਿਚ ਰਾਜਾਂ ਦੀ ਹੱਦਬੰਦੀ ਬੋਲੀ ਦੇ ਆਧਾਰ ਤੇ ਕਰਨ ਨੂੰ ਪ੍ਰਵਾਨ ਕਰ ਚੁੱਕੀ ਸੀ। ਪੰਜਾਬੀ ਸੂਬਾ ਬੇਸ਼ਕ ਭਾਸ਼ਾ ਦੇ ਆਧਾਰ ਤੇ ਬਣਿਆ ਪਰੰਤੂ ਵਿਆਪਕ ਰੂਪ ਵਿਚ ਇਸਦਾ ਆਧਾਰ ਸਿੱਖ ਕੌਮ ਦੀ ਵੱਖਰੀ ਪਹਿਚਾਣ ਸੀ। ਸ਼੍ਰੋਮਣੀ ਅਕਾਲੀ ਸਿੱਖ ਕੌਮ ਦੀ ਅਗਵਾਈ ਕਰਦਾ ਹੈ ਉਸਦਾ ਮਨੋਰਥ ਸਿੱਖ ਕੌਮ ਦੇ ਹੱਕਾਂ ਦੀ ਰਾਖੀ ਕਰਨਾ ਹੈ। ਸਿੱਖ ਕੌਮ ਦੀ ਧਰਮ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਅਨੇਕਾਂ ਅੰਦੋਲਨ ਲੜੇ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਰਾਜਨੀਤੀ ਧਰਮ ਤੇ ਆਧਾਰ ਤੇ ਕੀਤੀ ਜਾਂਦੀ ਹੈ ਅਤੇ ਆਮ ਤੌਰ ਤੇ ਆਮ ਆਦਮੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੋ ਵੱਖਰੀਆਂ-ਵੱਖਰੀਆਂ ਸੰਸਥਾਵਾਂ ਹਨ ਪਰੰਤੂ ਅਸਲੀਅਤ ਵਿਚ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਾਰਮਿਕ ਲਹਿਰ ਦੀ ਅਗਵਾਈ ਕਰਦੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਸੱਤਾ ਵਿਚ ਆਉਣ ਲਈ ਰਾਜਨੀਤਿਕ ਵਿਵਸਥਾ ਬਣਾਉਂਦਾ ਹੈ। ਗਹੁ ਨਾਲ ਵਿਸ਼ਲੇਸ਼ਣ ਕਰਨ ਤੇ ਇਹ ਉਭਰਦਾ ਦਿਖਾਈ ਦਿੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਰਾਜਨੀਤੀ ਦਾ ਆਧਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ ਜੋ ਕਿ ਇੱਕ ਧਾਰਮਿਕ ਸੰਸਥਾ ਹੈ।

ਸੋ ਧਰਮ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਅਟੁੱਟ ਰਿਸ਼ਤਾ ਹੈ। 26 ਫਰਵਰੀ 1948 ਨੂੰ ਮਾਸਟਰ ਤਾਰਾ ਸਿੰਘ ਨੇ ਅਖ਼ਬਾਰਾਂ ਦੇ ਨਾਂ ਇੱਕ ਬਿਆਨ ਜਾਰੀ ਕੀਤਾ ਜਿਸ ਵਿਚ ਉਨ੍ਹਾਂ ਨੇ ਬੇਝਿੱਝਕ ਹੋ ਕੇ ਕਿਹਾ, "ਸਾਡਾ ਸਭਿਆਚਾਰ ਹਿੰਦੂਆਂ ਨਾਲੋਂ ਅਲੱਗ ਹੈ।... ਅਸੀਂ ਇੱਕ ਅਜਿਹਾ ਸੂਬਾ ਚਾਹੁੰਦੇ ਹਾਂ ਜਿਥੇ ਅਸੀਂ ਆਪਣੇ ਸਭਿਆਚਾਰ ਤੇ ਰਵਾਇਤਾਂ ਨੂੰ ਬਚਾ ਕੇ ਰੱਖ ਸਕੀਏ...। ਮੈਂ ਪੰਥ ਲਈ ਧਾਰਮਿਕ, ਸਮਾਜਿਕ, ਰਾਜਸੀ ਤੇ ਹੋਰਨਾਂ ਮਾਮਲਿਆਂ 'ਚ ਸਵੈ-ਨਿਰਣੇ ਦਾ ਹੱਕ ਚਾਹੁੰਦਾ ਹਾਂ। ਜੇਕਰ ਪੰਥ ਦੀ ਹੋਂਦ ਨੂੰ ਬਚਾਉਣ ਦੀ ਮੰਗ ਕਰਨਾ ਫ਼ਿਰਕਾਪੁਣਾ ਹੈ, ਤਾਂ ਮੈਂ ਫ਼ਿਰਕਾਪ੍ਰਸਤ ਹੀ ਸਹੀ ਅਤੇ ਇਸ ਦੇ ਲਈ ਜਬਰ ਝੱਲਣ ਵਾਸਤੇ ਤਿਆਰ ਹਾਂ....ਜੇਕਰ ਪੰਥ ਹੀ ਖ਼ਤਮ ਹੋ ਗਿਆ ਤਾਂ ਮੇਰੀ ਜਿਉਂਦੇ ਰਹਿਣ ਦੀ ਕੋਈ ਤਮੰਨਾ ਨਹੀਂ।"[1]

ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੀ ਧਾਰਨਾ ਬਾਰੇ ਆਪਣੀ ਸਮਝ ਨੂੰ ਹੋਰ ਸਪੱਸ਼ਟ ਕਰਦਿਆਂ ਹੋਇਆਂ ਲਿਖਿਆ : "ਸ਼੍ਰੋਮਣੀ ਅਕਾਲੀ ਦਲ ਦਾ ਮੰਤਵ ਸਿੱਖਾਂ ਨੂੰ ਪ੍ਰਾਂਤਿਕ ਤੌਰ 'ਤੇ ਹਿੰਦੂ ਗ਼ੁਲਾਮੀ ਵਿਚੋਂ ਕੱਢਣਾ ਹੈ।.... ਇਸ ਸੂਬੇ ਦੀ ਮੈਂ ਪੂਰੀ ਅੰਦਰੂਨੀ ਆਜ਼ਾਦੀ ਮੰਗਦਾ ਹਾਂ, ਜਿਸ ਤਰ੍ਹਾਂ ਕਸ਼ਮੀਰ ਨੂੰ ਦਿੱਤੀ ਗਈ ਹੈ.... ਅਜਿਹਾ ਸੂਬਾ ਹੋਵੇ ਜਿਸ ਸੂਬੇ ਦੀ ਅਸੈਂਬਲੀ ਵਿਚ ਹਿੰਦੂ ਗ਼ਲਬਾ ਨਾ ਹੋਵੇ।"[2]

ਸੋ ਜੇਕਰ ਪੰਜਾਬੀ ਸੂਬੇ ਦੀ ਸਥਾਪਨਾ ਦਾ ਉਦੇਸ਼ ਸਿੱਖਾਂ ਨੂੰ ਪ੍ਰਾਂਤਿਕ ਤੌਰ ਤੇ ਹਿੰਦੂ

ਗੁਲਾਮੀ ਵਿਚੋਂ ਕੱਢਣਾ ਸੀ ਤਾਂ ਇਹ ਸਿੱਧੇ ਤੌਰ ਤੇ ਸਿੱਖ ਬਹੁਗਿਣਤੀ ਵਾਲੇ ਸੂਬੇ ਦੀ ਸਥਾਪਨਾ ਕਰਨਾ ਸੀ। ਸਿੱਖਾਂ ਦੀ ਸੁਰੱਖਿਆ ਲਈ ਦੋ ਗੱਲਾਂ ਜ਼ਰੂਰੀ ਸਨ। ਇੱਕ ਜਿਥੇ ਸਿੱਖਾਂ ਦੀ ਪ੍ਰਭਾਵਿਤ ਬਹੁਗਿਣਤੀ ਹੋਵੇ ਅਤੇ ਦੂਜਾ ਸਿੱਖਾਂ ਦੇ ਹੱਥ ਵਿਚ ਰਾਜਨੀਤਿਕ ਤਾਕਤ ਹੋਵੇ। ਮਸਲਾ ਪੰਜਾਬੀ ਸੂਬੇ ਦੀ ਸਥਾਪਨਾ ਤੱਕ ਸੀਮਿਤ ਨਹੀਂ ਸੀ। ਮੂਲ ਰੂਪ ਵਿਚ ਸਿੱਖ ਬਹੁਗਿਣਤੀ ਵਾਲਾ ਪੰਜਾਬੀ ਸੂਬਾ ਬਣਾਉਣ ਦਾ ਯਤਨ ਸੀ। ਅੰਦੋਲਨ ਦੌਰਾਨ ਹੀ ਕੁਝ ਆਪਣੇ ਆਪ ਨੂੰ ਆਧੁਨਿਕ ਰੱਖਣ ਵਾਲੇ ਲੋਕ ਧਰਮ ਨੂੰ ਰਾਜਨੀਤੀ ਨਾਲੋਂ ਅਲੱਗ ਕਰਨ ਦੇ ਪ੍ਰਭਾਵ ਨੂੰ ਕਬੂਲਦੇ ਸਨ। ਪੱਛਮੀ ਫਲਸਫਾ ਧਰਮ ਨੂੰ ਕਿਸੇ ਕੌਮ ਦਾ ਆਧਾਰ ਨਹੀਂ ਮੰਨਦਾ ਜਦੋਂ ਕਿ ਪੂਰਬੀ ਫਲਸਫਾ ਕਿਸੇ ਵੀ ਕੌਮ ਦੀ ਨੀਂਹ ਧਰਮ ਨੂੰ ਮੰਨਦਾ ਹੈ। ਅਕਾਲੀ ਲੀਡਰਸ਼ਿਪ ਅੰਦਰ ਸ਼ੁਰੂ ਤੋਂ ਲੈ ਕੇ ਹੁਣ ਤੱਕ ਇਹੀ ਦੁਬਿਧਾ ਰਹੀ ਹੈ ਕਿ ਸੂਬੇ ਦੀ ਮੰਗ ਦਾ ਆਧਾਰ ਬੋਲੀ ਹੋਵੇ ਜਾਂ ਧਰਮ। ਜੇਕਰ ਪੰਜਾਬੀ ਸੂਬੇ ਦੀ ਮੰਗ ਸਮੇਂ ਹੀ ਸਿੱਖ ਬਹੁਗਿਣਤੀ ਵਾਲੇ ਸੂਬੇ ਦੀ ਮੰਗ ਕੀਤੀ ਗਈ ਹੁੰਦੀ ਤਾਂ ਪੰਜਾਬ ਨੂੰ ਮੌਜੂਦਾ ਸਮੱਸਿਆਵਾਂ ਵਿਚੋਂ ਨਾ ਗੁਜ਼ਰਨਾ ਪੈਂਦਾ। ਸਿੱਖ ਪੰਥ ਦੇ ਧਾਰਮਿਕ, ਰਾਜਨੀਤਿਕ, ਸਭਿਆਚਾਰਕ ਅਤੇ ਆਰਥਿਕ ਹਿੱਤਾਂ ਦੀ ਸੁਰੱਖਿਆ ਲਈ ਇੱਕ ਅਜਿਹਾ ਰਾਜ ਜ਼ਰੂਰੀ ਹੈ, ਜਿਥੇ ਹੋਰ ਕਿਸੇ ਕੌਮ ਦੀ ਦਖਲਅੰਦਾਜ਼ੀ ਨਾ ਹੋਵੇ।ਭਾਰਤ ਦੇ ਏਕਤਾ ਦੇ ਸੂਤਰ ਵਿਚ ਬੱਝਦੇ-ਬੱਝਦੇ ਪੰਜਾਬ ਆਵਦਾ ਮੌਜੂਦਾ ਹੀ ਗੁਆ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਕੌਮ ਦੀ ਪਹਿਚਾਣ ਲਈ ਰਾਜ-ਪੁਨਰਗਠਨ ਕਮਿਸ਼ਨ ਦੇ ਸਾਹਮਣੇ ਇੱਕ ਮੈਮੋਰੰਡਮ ਪੇਸ਼ ਕੀਤਾ। ਇਸ ਮੈਮੋਰੰਡਮ ਵਿਚ ਸਿੱਖ ਕੌਮ ਦੀ ਵੱਖਰੀ ਪਹਿਚਾਣ ਨੇ ਅਕਾਲੀ ਲੀਡਰਸ਼ਿਪ ਨੇ 1945-1946 ਦੌਰਾਨ ਜ਼ੋਰ-ਸ਼ੋਰ ਨਾਲ ਪੈਰਵਾਈ ਕੀਤੀ ਪਰੰਤੂ ਅਕਾਲੀ ਲੀਡਰਸ਼ਿਪ ਨੇ ਹੌਲੀ-ਹੌਲੀ ਇਸ ਮੈਮੋਰੰਡਮ ਨੂੰ ਤਿਆਗ ਕੇ ਪੰਜਾਬੀ ਕੌਮ ਜਾਂ ਪੰਜਾਬੀ ਸੂਬੇ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਸਿਰਫ ਆਪਣੀ ਸੱਤਾ ਬਚਾਉਣ ਲਈ

ਸਿੱਖ ਪੰਥ ਦੀ ਨਿਆਰੀ ਹਸਤੀ ਨੂੰ ਤਹਿਸ-ਨਹਿਸ ਕਰ ਦਿੱਤਾ। ਅਕਾਲੀ ਦਲ ਨੇ ਅਜਿਹਾ ਕਰਕੇ ਗੁਰੂ ਸਾਹਿਬ ਦੇ ਫਲਸਫੇ ਤੋਂ ਦੂਰ ਜਾਣ ਦੀ ਗੱਲ ਕਹੀ। ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖਾਂ ਦੀ ਪਹਿਚਾਣ ਲਈ ਹੀ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਮਾਸਟਰ ਤਾਰਾ ਸਿੰਘ ਨੇ 23 ਮਈ 1960 ਨੂੰ ਐਲਾਨ ਕੀਤਾ ਕਿ 12 ਜੂਨ ਨੂੰ ਦਿੱਲੀ ਵਿਖੇ, ਵਿਸ਼ਾਲ ਮਾਰਚ ਕੱਢਿਆ ਜਾਵੇਗਾ। ਜੋ ਕਿ ਆਜ਼ਾਦੀ ਤੋਂ ਬਾਅਦ ਸਿੱਖਾਂ ਦਾ ਪਹਿਲਾ ਰਾਜਨੀਤਿਕ ਐਕਸ਼ਨ ਹੋਵੇਗਾ। ਸ਼੍ਰੋਮਣੀ ਅਕਾਲੀ ਦਲ ਦੀਆਂ ਪਹਿਲੀਆਂ ਸਰਗਰਮੀਆਂ ਰਾਜਨੀਤਕ ਹੋਣ ਦੇ ਬਾਵਜੂਦ ਧਾਰਮਿਕ  ਸਰੂਪ ਹੀ ਅਪਨਾਇਆ ਗਿਆ ਮਾਸਟਰ ਜੀ ਦੇ ਅੰਦੋਲਨ ਦੇ ਨਾਲ ਹੀ ਸਰਦਾਰ ਹਰਕਤ ਵਿਚ ਆ ਗਈ। ਉਸਨੇ ਸਾਰੀ ਲੀਡਰਸ਼ਿਪ ਨੂੰ ਜੇਲ੍ਹਾਂ ਵਿਚ ਧੱਕ ਦਿੱਤਾ ਅਤੇ ਦੋਹਾਂ ਅਕਾਲੀ ਅਖ਼ਬਾਰਾਂ ਪ੍ਰਭਾਤ (ਉਰਦੂ) ਅਤੇ ਅਕਾਲੀ (ਪੰਜਾਬੀ) ਤੇ ਪਾਬੰਦੀ ਲਗਾ ਦਿੱਤੀ ਗਈ। ਇਸ ਅੰਦੋਲਨ ਵਿਚ ਰੋਜ਼ਾਨਾ ਹੀ ਦਰਬਾਰ ਸਾਹਿਬ ਤੇ ਕੁਝ ਸਿੰਘ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਹਰੇ ਲਗਾਉਂਦੇ ਨਿਕਲਦੇ ਅਤੇ ਗ੍ਰਿਫ਼ਤਾਰ ਹੋ ਜਾਂਦੇ। ਮਾਸਟਰ ਤਾਰਾ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ (24 ਮਈ 1960) ਮੋਰਚੇ ਦੀ ਕਮਾਨ  ਸੰਤ ਫ਼ਤਿਹ ਸਿੰਘ ਨੇ ਸੰਭਾਲੀ। ਅਕਾਲੀ ਲੀਡਰਸ਼ਿਪ ਦੇ ਕੁਝ ਭਾਗਾਂ ਵਿਚ  ਮੋਰਚੇ ਦੇ ਪਛੜਨ ਦੇ ਕਾਰਨ ਅਤੇ ਇਸਦਾ ਕੋਈ ਸਿਰਾ ਨਾ ਦਿੱਸਣ ਕਰਕੇ ਬਹੁਤ ਹੀ ਮਾਯੂਸੀ ਅਤੇ ਨਿਰਾਸ਼ਤਾ ਪੈਦਾ ਹੋ ਗਈ। ਭਾਰੀ ਮੁਸੀਬਤਾਂ ਵਿਚ ਫਸੀ ਅਕਾਲੀ ਲਿਡਰਸ਼ਿਪ ਦੇ ਸਾਹਮਣੇ ਦੋ ਹੀ ਰਸਤੇ ਸਨ। ਪਹਿਲਾ ਇਹ ਕਿ ਉਹ ਸੱਚ ਬੋਲ ਕੇ ਮੋਰਚਿਆਂ ਨੂੰ ਬੰਦ ਕਰ ਦੇਵੇ ਕਿਉਂਕਿ ਇਸ ਨਾਲ ਅਕਾਲੀ ਲੀਡਰਸ਼ਿਪ ਜ਼ਲੀਲ ਹੁੰਦੀ ਸੀ ਤੇ ਨਾਲ ਹੀ ਸਿੱਖ ਕੌਮ ਅਤੇ ਅਕਾਲੀ ਦਲ ਅੰਦਰ  ਹੋਰ ਵੱਧ ਨਿਰਾਸ਼ਤਾ ਪੈਦਾ ਹੋਈ ਸੀ। ਇਸ ਕਰਕੇ ਅਕਾਲੀ ਲੀਡਰਸ਼ਿਪ ਦੀ ਹਾਰ ਅਤੇ ਆਯੋਗਤਾ ਸਮਝਿਆ ਜਾਣਾ ਸੀ। ਇਨ੍ਹਾਂ ਹਾਲਾਤਾਂ ਦਾ ਸਾਹਮਣਾ ਕਰਕੇ  ਬਹੁਤ ਵੱਡੇ ਜਿਗਰੇ ਦੀ ਲੋੜ ਸੀ ਪਰ ਅਕਾਲੀ ਲੀਡਰਸ਼ਿਪ

ਅੰਦਰ ਇਨ੍ਹਾਂ ਹਾਲਾਤਾਂ ਦਾ ਸਾਹਮਣਾ ਕਰਨ ਲਈ ਨਾ ਹੀ ਕੋਈ ਸਾਧਨ ਅਤੇ ਨਾ ਹੀ ਹੌਂਸਲਾ ਸੀ। ਦੂਸਰਾ ਰਸਤਾ ਇਹ ਕਿ ਭਾਰਤੀ ਹੁਕਮਰਾਨਾ ਦਾ ਹੱਠ ਭੰਨਣ ਲਈ ਕੋਈ ਵਧੀਆ ਤਰੀਕਾ ਬਣਾਇਆ ਜਾਂਦਾ। ਜਦੋਂ ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਜਾਂਦੇ ਹਨ ਤਾਂ ਸਵੈ ਕੁਰਬਾਨੀ ਤੋਂ ਬਿਨਾਂ ਇਨ੍ਹਾਂ ਹਾਲਤਾਂ ਦਾ ਸਾਹਮਣਾ ਕਰਨ ਵਾਸਤੇ ਹੋਰ ਕੋਈ ਹਥਿਆਰ ਨਹੀਂ ਰਹਿ ਜਾਂਦਾ। ਮਹਾਤਮਾ ਗਾਂਧੀ ਨੇ ਭਾਰਤ ਦੀ ਆਜ਼ਾਦੀ ਦੀ ਜੰਗ ਸਮੇਂ ਬ੍ਰਿਟਿਸ਼ ਹਕੂਮਤ ਉੱਤੇ ਰਾਜਸੀ ਅਤੇ ਨੈਤਿਕ ਦਬਾਅ ਪਾਉਣ ਲਈ ਮਰਨ ਵਰਤ ਰੱਖ ਕੇ ਸਵੈ ਕੁਰਬਾਨੀ ਦੀ ਹਥਿਆਰ ਦੀ ਸਫਲ ਵਰਤੋਂ ਦੀਆਂ ਬਹੁਤ ਸਾਰੀਆਂ ਮਿਸਾਲਾਂ ਪੈਦਾ ਕੀਤੀਆਂ। ਡਾ. ਰੁਮੂਲੂ ਨੇ ਸੰਨ 1953 ਵਿਚ ਇੱਕ ਅਲੱਗ ਆਂਧਰਾ ਪ੍ਰਦੇਸ਼ ਦੀ ਸਥਾਪਨਾ ਲਈ ਸ਼ਹਾਦਤ ਦੀ ਅਹੂਤੀ ਦੀ ਉਦਾਹਰਨ ਨੇ ਸੰਤ ਫ਼ਤਿਹ ਸਿੰਘ ਨੂੰ ਸਵੈ ਕੁਰਬਾਨੀ ਵਾਸਤੇ ਪ੍ਰੇਰਿਤ ਕੀਤਾ ਕਿਉਂ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਸੰਤ ਜੀ ਨੇ 1 ਨਵੰਬਰ 1960 ਨੂੰ ਅਖ਼ਬਾਰਾਂ ਦੇ ਨਾ ਇੱਕ ਬਿਆਨ ਜਾਰੀ ਕਰਕੇ ਮੋਰਚੇ ਨੂੰ ਵਾਪਿਸ ਲੈਣ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਹੋਇਆ ਇਹ ਐਲਾਨ ਕੀਤਾ ਕਿ, "ਇਹ ਹੁਣ ਲਾਜ਼ਮੀ ਬਣ ਗਿਆ ਹੈ ਕਿ ਆਪਣੀ ਗੱਲ ਨੂੰ ਸਹੀ ਸਾਬਤ ਕਰ ਦਿਖਾਉਣ ਲਈ ਮੈਂ ਆਪਣੀ ਜ਼ਿੰਦਗੀ ਅਰਪਣ ਕਰ ਦੇਵਾਂ।"[3]

ਇਸ ਸਮੇਂ ਤੋਂ ਤਿੰਨ ਦਿਨ ਪਹਿਲਾਂ ਹੀ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਇੱਕ ਲੰਬਾ ਖਤ ਲਿਖਿਆ ਜਿਸ ਵਿਚ ਪੰਜਾਬੀ ਸੂਬੇ ਦੀ ਮੰਗ ਨੂੰ ਠੋਸ ਦਲੀਲਾਂ ਰਾਹੀਂ ਜਾਇਜ਼ ਠਹਿਰਾਇਆ ਅਤੇ ਪੰਜਾਬ ਸਰਕਾਰ ਵਲੋਂ ਅਕਾਲੀ ਦਲ ਦੀ ਪੁਰਅਮਨ ਦੀ ਕੋਸ਼ਿਸ਼ ਪ੍ਰਤੀ ਅਪਣਾਏ ਗ਼ੈਰ-ਜਮਹੂਰੀ ਤੇ ਵਹਿਸ਼ੀ ਵਤੀਰੇ ਦਾ, ਠੋਸ ਤੱਥਾ ਤੇ ਵੇਰਵਿਆਂ ਦਾ ਵਰਣਨ ਕੀਤਾ ਗਿਆ ਸੀ। ਸੰਤ ਜੀ ਨੇ ਪ੍ਰਧਾਨ ਮੰਤਰੀ ਨੂੰ ਜ਼ੋਰਦਾਰ ਚਿਤਾਵਨੀ ਦਿੰਦਿਆਂ ਹੋਇਆਂ ਇਹ ਆਖ਼ਰੀ ਗੱਲ ਸੁਣਾ ਦਿੱਤੀ ਸੀ ਕਿ, "ਮੈਂ ਆਪਣੇ ਲੋਕਾਂ ਦੇ ਦੁਖੜਿਆਂ ਨੂੰ ਹੋਰ ਵੱਧ

ਬਰਦਾਸ਼ਤ ਨਹੀਂ ਕਰ ਸਕਦਾ ਅਤੇ ਮਰਨ ਵਰਤ ਰੱਖਣ ਲਈ ਮਜਬੂਰ ਹੋਵਾਂਗਾ।"[4] ਉਨ੍ਹਾਂ ਕਿਹਾ ਕਿ ਮਰਨ ਵਰਤ ਸ਼ੁਰੂ ਕਰਨ ਦੀ ਤਰੀਕ ਬਾਰੇ ਫੈਸਲਾ ਪ੍ਰਧਾਨ ਮੰਤਰੀ ਦਾ ਜੁਆਬ ਆਉਣ ਤੋਂ ਬਾਅਦ ਕੀਤਾ ਜਾਵੇਗਾ ਪਰ ਪ੍ਰਧਾਨ ਮੰਤਰੀ ਵਲੋਂ ਸੰਤ ਫਤਹਿ ਸਿੰਘ ਦੀ ਇਸ ਚਿੱਠੀ ਦਾ ਕੋਈ ਜੁਆਬ ਨਾ ਆਇਆ। ਕੁਝ ਦਿਨਾਂ ਦੀ ਉਡੀਕ ਤੋਂ ਬਾਅਦ ਸੰਤ ਜੀ ਨੇ ਪ੍ਰਧਾਨ ਮੰਤਰੀ ਨੂੰ ਇੱਕ ਹੋਰ ਚਿੱਠੀ ਲਿਖੀ ਜਿਸ ਵਿਚ ਉਨ੍ਹਾਂ 18 ਦਸੰਬਰ 1960 ਤੋਂ ਮਰਨ ਵਰਤ ਸ਼ੁਰੂ ਕਰਨ ਦਾ ਆਪਣਾ ਅੰਤਿਮ ਫੈਸਲਾ ਸੁਣਾ ਦਿੱਤਾ। ਪ੍ਰਧਾਨ ਮੰਤਰੀ ਅਤੇ ਪੰਜਾਬ ਸਰਕਾਰ ਨੇ ਫਿਰ ਵੀ ਇਸ ਫੈਸਲੇ ਨੂੰ ਬਹੁਤੀ ਗੰਭੀਰਤਾ ਨਾਲ ਨਾ ਲਿਖਿਆ।

18 ਮਾਰਚ 1960 ਨੂੰ ਸੰਤ ਜੀ ਨੇ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ। ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਉਹ ਅਕਾਲ ਤਖ਼ਤ ਉੱਤੇ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਇਹ ਪ੍ਰਣ ਲਿਆ ਕਿ ਜਦੋਂ ਤੱਕ ਭਾਰਤ ਸਰਕਾਰ ਪੰਜਾਬੀ ਬੋਲਦੇ ਰਾਜ ਦੀ ਸਥਾਪਨਾ ਲਈ ਕਾਨੂੰਨੀ ਤੌਰ 'ਤੇ ਜਾਇਜ਼ ਮੰਗ ਦੇ ਅਸੂਲ ਨੂੰ ਪ੍ਰਵਾਨ ਨਹੀਂ ਕਰ ਲੈਂਦੀ, ਉਹ ਉਤਨੀ ਦੇਰ ਤੱਕ ਆਪਣਾ ਵਰਤ ਨਹੀਂ ਛੱਡਣਗੇ। ਇਸ ਤੋਂ ਪਹਿਲਾਂ ਉਨ੍ਹਾਂ ਮੰਜੀ ਸਾਹਿਬ ਵਿਖੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਸ਼ਵਾਸ ਜ਼ਾਹਰ ਕੀਤਾ ਕਿ ਉਨ੍ਹਾਂ ਦੀ ਕੁਰਬਾਨੀ ਨਾਲ "ਭਾਰਤ ਸਰਕਾਰ ਨੂੰ ਆਖਰਕਾਰ ਝੰਜੋੜਾ ਆਏਗਾ"। ਉਸੇ ਮੌਕੇ ਇਹ ਵੀ ਐਲਾਨ ਕੀਤਾ ਗਿਆ ਕਿ ਸੰਤ ਫਤਹਿ ਸਿੰਘ ਦੀ 'ਸ਼ਹਾਦਤ' ਤੋਂ ਬਾਅਦ ਦਸ ਹੋਰ ਅਕਾਲੀ ਲੀਡਰ ਵਾਰੀ ਵਾਰੀ ਇਸੇ ਤਰ੍ਹਾਂ "ਕੌਮ ਲਈ ਆਪਣੀਆਂ ਜ਼ਿੰਦਗੀਆਂ ਨਿਛਾਵਰ" ਕਰਨਗੇ।[5] ਇਨ੍ਹਾਂ ਦਸਾਂ 'ਜ਼ਿੰਦਾ ਸ਼ਹੀਦਾਂ' ਵਿਚ ਸਭ ਤੋਂ ਪ੍ਰਮੁੱਖ ਨਾਉਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦਾ ਸੀ।

ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਘਟਨਾ ਤੇ ਤੁਰੰਤ ਐਕਸ਼ਨ ਨਾ ਕੀਤਾ। ਉਹ ਇਹੀ ਗੱਲ ਦੁਹਰਾਉਂਦਾ ਰਿਹਾ ਕਿ ਪੰਜਾਬੀ ਪੰਜਾਬ ਦੀ 'ਮੁੱਖ ਭਾਸ਼ਾ' ਹੈ, ਪਰ ਨਾਲ ਹੀ

ਕਿਉਂ ਜੋ "ਪੰਜਾਬ ਦੇ ਬਹੁਤ ਸਾਰੇ ਲੋਕ ਹਿੰਦੀ ਵੀ ਬੋਲਦੇ ਹਨ" ਇਸ ਕਰਕੇ "ਇਸ ਦੀ ਵੀ ਤਰੱਕੀ ਹੋਣੀ ਚਾਹੀਦੀ ਹੈ।"[6] 23 ਦਸੰਬਰ ਨੂੰ ਨਹਿਰੂ ਨੇ ਦਿੱਲੀ ਵਿਖੇ ਇੱਕ ਜਨਤਕ ਜਲਸੇ ਨੂੰ ਸੰਬੋਧਨ ਕਰਦਿਆਂ ਹੋਇਆ ਸੰਤ ਫਤਹਿ ਸਿੰਘ ਨੂੰ ਵਰਤ ਛੱਡ ਦੇਣ ਦੀ ਅਪੀਲ ਕੀਤੀ ਅਤੇ ਨਾਲ ਹੀ ਉਸ ਨੂੰ ਦਿੱਲੀ ਗੱਲਬਾਤ ਲਈ ਆਉਣ ਦਾ ਵੀ ਸੱਦਾ ਦੇ ਦਿੱਤਾ ਪਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਨਹਿਰੂ ਦੀ ਇਸ ਅਪੀਲ ਨੂੰ, ਨਾ ਤਸੱਲੀਬਖਸ਼ ਸਮਝਦਿਆਂ ਹੋਇਆਂ, ਠੁਕਰਾ ਦਿੱਤਾ। ਉਂਜ ਉਸ ਵੇਲੇ ਅਕਾਲੀ ਦਲ ਅੰਦਰਲਾ ਇੱਕ ਬਾ-ਰਸੂਖ਼ ਧੜਾ ਪ੍ਰਧਾਨ ਮੰਤਰੀ ਨਾਲ ਆਪਣਾ ਬਾਕਾਇਦਾ ਸੰਪਰਕ ਕਾਇਮ ਰੱਖ ਰਿਹਾ ਸੀ ਅਤੇ ਉਹ ਨਹਿਰੂ ਵੱਲੋਂ ਸਮੁੱਚੇ ਪੰਜਾਬ ਨੂੰ ਇੱਕ ਭਾਸ਼ੀ ਰਾਜ ਐਲਾਨਣ ਬਾਰੇ ਕਾਫੀ ਆਸਵੰਦ ਸੀ।

ਮਾਸਟਰ ਜੀ ਨੂੰ ਅਚਾਨਕ 4 ਫਰਵਰੀ 1961 ਨੂੰ ਪੰਜਾਬ ਸਰਕਾਰ ਨੇ ਜੇਲ੍ਹ ਵਿਚੋਂ ਛੱਡ ਦਿੱਤਾ। ਇਸੇ ਦੌਰਾਨ 4 ਜਨਵਰੀ 1961 ਨੂੰ ਪੰਜਾਬ ਸਰਕਾਰ ਨੇ ਮਾਸਟਰ ਤਾਰਾ ਸਿੰਘ ਨੂੰ ਅਚਾਨਕ ਧਰਮਸ਼ਾਲ ਜੇਲ੍ਹ ਤੋਂ ਰਿਹਾਅ ਕਰ ਦਿੱਤਾ। ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਮਾਸਟਰ ਤਾਰਾ ਸਿੰਘ ਨੂੰ ਇੱਕ ਮੁਸ਼ਕਲ ਅਤੇ ਕਸੂਤੀ ਸਥਿਤੀ ਦਾ ਸਾਹਮਣਾ ਕਰਨਾ ਪੈ ਗਿਆ। ਸਿੱਖ ਸਫ਼ਾਂ ਦੀਆਂ ਹਮਦਰਦੀਆਂ, ਸੁਭਾਵਿਕ ਤੌਰ 'ਤੇ ਹੀ, ਸੰਤ ਫਤਹਿ ਸਿੰਘ ਨਾਲ ਜੁੜ ਗਈਆਂ ਸਨ। 18 ਦਸੰਬਰ ਨੂੰ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਮੰਜੀ ਸਾਹਿਬ ਵਿਖੇ ਸੰਤ ਵਲੋਂ ਦਿੱਤੇ ਦਿਲ-ਹਲੂਣਵੇਂ ਭਾਸ਼ਣ ਨੂੰ ਹਜ਼ਾਰਾਂ ਸੰਗਤਾਂ ਨੇ ਜਿਸ ਸ਼ਰਧਾ ਨਾਲ ਸੁਣਿਆ, ਉਸ ਤੋਂ ਸਿੱਖਾਂ ਦੇ ਭਾਵ ਸਾਫ਼ ਪੜ੍ਹੇ ਜਾ ਸਕਦੇ ਸਨ। ਭਾਵੇਂ ਸਿੱਖ ਪਰੰਪਰਾ ਅੰਦਰ ਸ਼ਹਾਦਤ ਅਤੇ ਕੁਰਬਾਨੀ ਨੂੰ ਬਹੁਤ ਹੀ ਉੱਚਾ ਰੁਤਬਾ ਹਾਸਲ ਹੈ ਪਰੰਤੂ ਉਸ ਮੌਕੇ ਸਿੱਖ ਜਗਤ ਜਿਹੜੀ ਮਨੋ-ਅਵਸਥਾ ਵਿਚੋਂ ਗੁਜ਼ਰ ਰਿਹਾ ਸੀ ਉਸ ਵਿਚ ਪੰਥ ਦਾ ਵੱਡਾ ਹਿੱਸਾ ਸੰਤ ਫਤਹਿ ਸਿੰਘ ਦੀ ਸ਼ਹਾਦਤ ਨਾਲੋਂ ਉਸ ਦੀ ਜ਼ਿੰਦਗੀ ਦੀ ਖ਼ੈਰ ਚਾਹ ਰਿਹਾ ਸੀ। ਅਜੀਬ ਗੱਲ ਇਹ ਕਿ ਉਹ ਨਾਲ ਹੀ ਇਹ ਵੀ ਵਿਸ਼ਵਾਸ ਕਰੀ ਬੈਠਾ ਸੀ ਕਿ ਸੰਤ ਦੀ ਜਾਨ ਜੇਕਰ

ਬਚ ਸਕਦੀ ਹੈ ਤਾਂ ਮਾਸਟਰ ਤਾਰਾ ਸਿੰਘ ਦੇ ਸੁਹਿਰਦ ਯਤਨਾਂ ਨਾਲ ਹੀ ਬਚ ਸਕਦੀ ਹੈ। ਉਸ ਵੇਲੇ ਤੱਕ ਅਕਾਲੀ ਦਲ ਦੀਆਂ ਕੁਝ ਸਫ਼ਾਂ ਅੰਦਰ ਮਾਸਟਰ ਤਾਰਾ ਸਿੰਘ ਦੇ ਵਿਰੁੱਧ ਬੇਵਿਸ਼ਵਾਸੀ ਦਾ ਮਾਹੌਲ ਬਣਨਾ ਸ਼ੁਰੂ ਹੋ ਗਿਆ ਸੀ। ਇਸ ਦੇ ਕਈ ਕਾਰਨ ਸਨ। ਕੁਝ ਕਾਰਨਾਂ ਦਾ ਸੰਬੰਧ ਮਾਸਟਰ ਜੀ ਦੀ ਸ਼ਖ਼ਸੀਅਤ ਤੇ ਕਾਰਜ-ਸ਼ੈਲੀ ਨਾਲ ਜੁੜਦਾ ਸੀ ਪਰ ਕੁਝ ਕਾਰਨ ਅਜਿਹੇ ਸਨ ਜਿਨ੍ਹਾਂ ਲਈ ਮਾਸਟਰ ਤਾਰਾ ਸਿੰਘ ਸਿੱਧ ਤੇ ਵਿਅਕਤੀਗਤ ਰੂਪ ਵਿਚ ਜ਼ਿੰਮੇਵਾਰ ਨਹੀਂ ਸੀ। ਇਨ੍ਹਾਂ ਦਾ ਸੰਬੰਧ ਸਿੱਖ ਸੰਘਰਸ਼ ਦੀਆਂ ਕੁਝ ਵਿਸ਼ੇਸ਼ ਪ੍ਰਸਥਿਤੀਆਂ ਤੇ ਸਮੱਸਿਆਵਾਂ ਨਾਲ ਜਾ ਜੁੜਦਾ ਸੀ ਪਰ ਜਿਵੇਂ ਕਿ ਆਮ ਤੌਰ ’ਤੇ ਹੋਇਆ ਕਰਦਾ ਹੈ, ਕੌਮਾਂ ਕੋਲੋਂ ਆਪਣੀਆਂ ਅਪ੍ਰਾਪਤੀਆਂ ਤੇ ਅਸਫਲਤਾਵਾਂ ਪ੍ਰਤੀ ਹਮੇਸ਼ਾ ਹੀ ਵਿਵੇਕਸ਼ੀਲ ਪਹੁੰਚ ਨਹੀਂ ਅਪਣਾਈ ਜਾਂਦੀ। ਜਾਂ ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਅਜਿਹੀ ਪਹੁੰਚ ਅਪਨਾਉਣ ਦੀਆਂ ਉਦਾਹਰਣਾਂ ਬਹੁਤ ਹੀ ਟਾਂਵੀਆਂ ਹੁੰਦੀਆਂ ਹਨ।ਆਮ ਤੌਰ ’ਤੇ ਅਪ੍ਰਾਪਤੀਆਂ ਤੇ ਅਸਫਲਤਾਵਾਂ ਲਈ ਜ਼ਿੰਮੇਵਾਰ ਕਾਰਨਾਂ ਦੀ ਡੂੰਘੀ ਛਾਣ-ਬੀਣ ਕਰਨ ਦੀ ਥਾਂ, ਇਸ ਦੇ ਲਈ ਕਿਸੇ ਵਿਅਕਤੀ-ਵਿਸ਼ੇਸ਼ ਨੂੰ ‘ਦੋਸ਼ੀ’ ਟਿੱਕਣ ਦੀ ਉਲਾਰ ਪ੍ਰਵਿਰਤੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਆਪਣੀ ਔਖ ਅਤੇ ਮਾਯੂਸੀ ਦਾ ਸਾਰਾ ਨਜ਼ਲਾ ਆਪਹੁਦਰੇ ਢੰਗ ਨਾਲ ਟਿੱਕੇ ‘ਮੁਜਰਿਮ’ ਉੱਤੇ ਝਾੜ ਕੇ ਮਨ ਅੰਦਰਲਾ ਗੁਬਾਰ ਕੱਢ ਲਿਆ ਜਾਂਦਾ ਹੈ। ਸਿੱਖ ਪੰਥ ਵਰਗੀਆਂ ਜੰਗਜੂ ਸੁਭਾਅ ਵਾਲੀਆਂ ਕੌਮਾਂ ਅੰਦਰ ਇਹ ਪ੍ਰਵਿਰਤੀ ਆਮ ਨਾਲੋਂ ਸਵਾਈ ਹੋ ਕੇ ਉਘੜਦੀ ਹੈ।

ਸੰਤ ਫ਼ਤਿਹ ਸਿੰਘ ਦੇ ਮਰਨ ਵਰਤ ਪ੍ਰਤੀ ਭਾਰਤ ਸਰਕਾਰ ਵੱਲੋਂ ਅਪਣਾਏ ਨਿਹੱਕੇ ਰਵਈਏ ਸਦਕਾ ਸਿੱਖ ਜਗਤ ਗਹਿਰੇ ਮਾਨਸਿਕ ਤਣਾਅ ਵਿਚੋਂ ਗੁਜ਼ਰ ਰਿਹਾ ਸੀ ਤਾਂ ਸਿੱਖ ਕੌਮ ਦੇ ਕੁਝ ਹਿੱਸਿਆਂ ਦੇ ਮਨਾਂ ਅੰਦਰ ਮਾਸਟਰ ਤਾਰਾ ਸਿੰਘ ਪ੍ਰਤੀ ਬੇਭਰੋਸਗੀ ਤੇ ਬਦਜ਼ਨੀ ਨੇ ਅਪ੍ਰਗਟ ਰੂਪ ਵਿਚ ਜੜ੍ਹਾਂ ਫੜਨੀਆਂ ਸ਼ੁਰੂ ਕਰ ਦਿੱਤੀਆਂ ਸਨ। ਅਕਾਲੀ ਸਫ਼ਾਂ ਅੰਦਰ

ਇਹ ਪ੍ਰਭਾਵ ਬਣ ਰਿਹਾ ਸੀ, ਜਾਂ ਕੁਝ ਹਲਕਿਆਂ ਵੱਲੋਂ ਗਿਣੇ-ਮਿੱਥੇ ਰੂਪ ਵਿਚ ਬਣਾਇਅ ਜਾ ਰਿਹਾ ਸੀ ਕਿ ਮਾਸਟਰ ਤਾਰਾ ਸਿੰਘ ਵੱਲੋਂ ਸੰਤ ਜੀ ਦੀ ਜਾਨ ਬਚਾਉਣ ਲਈ ਪੂਰੀ ਸ਼ਿਦਤ ਅਤੇ ਸੁਹਿਰਦਤਾ ਨਾਲ ਕੋਸ਼ਿਸ਼ਾਂ ਨਹੀਂ ਕੀਤੀਆਂ ਜਾ ਰਹੀਆਂ। ਮਾਸਟਰ ਤਾਰਾ ਸਿੰਘ ਲਈ ਇਹ ਹਾਲਤ ਬਹੁਤ ਹੀ ਮੁਸੀਬਤ ਭਰੀ ਸਾਬਤ ਹੋ ਰਹੀ ਸੀ। ਸੰਤ ਦੀ ਜਾਨ ਬਚਾਉਣ ਦੇ ਦੋ ਹੀ ਢੰਗ ਸਨ। ਇੱਕ ਇਹ ਕਿ ਭਾਰਤ ਸਰਕਾਰ ਪੰਜਾਬੀ ਸੂਬੇ ਦੀ ਸਥਾਪਨ ਦੀ ਮੰਗ ਨੂੰ ਸਿਧਾਂਤਕ ਰੂਪ ਵਿਚ ਪ੍ਰਵਾਨ ਕਰ ਲੈਣ ਦਾ ਐਲਾਨ ਕਰ ਦਿੰਦੀ। ਦੂਜਾ, ਇਹ ਕਿ ਸੰਤ ਫਤਹਿ ਸਿੰਘ ਨੂੰ ਆਪਣੇ ਪ੍ਰਣ ਤੋਂ ਪਿੱਛੇ ਹਟ ਕੇ ਵਰਤ ਛੱਡ ਦੇਣ ਲਈ ਰਾਜ਼ੀ ਕੀਤਾ ਜਾਂਦਾ। ਪਹਿਲੀ ਗੱਲ ਮਾਸਟਰ ਜੀ ਦੇ ਹੱਥ ਵੱਸ ਨਹੀਂ ਸੀ। ਦੂਜੀ ਗੱਲ ਉਨ੍ਹਾਂ ਲਈ ਗੰਭੀਰ ਉਲਝਣਾਂ ਖੜੀਆਂ ਕਰਦੀ ਸੀ। ਸਿੱਖ ਪੰਥ ਦੇ ਵੱਡੇ ਹਿੱਸੇ ਸੰਤ ਜੀ ਦੀ ਜਾਨ ਬਚਾਉਣ ਦੇ ਇੱਛਾਵਾਨ ਜ਼ਰੂਰ ਸਨ ਪਰ ਉਹ ਅਕਾਲ ਤਖ਼ਤ ਸਾਹਿਬ ਉੱਤੇ ਕੀਤੇ ਪ੍ਰਣ ਤੋਂ ਪਿਛਾਂਹ ਹਟਣ ਦੇ ਕਰਮ ਦੀ ਹਾਮੀ ਭਰਨ ਲਈ ਉੱਕਾ ਹੀ ਤਿਆਰ ਨਹੀਂ ਸਨ।

ਇਸ ਸਮੇ ਮਾਸਟਰ ਜੀ ਦੋਹਰੀ ਸਿੱਖ ਮਾਨਸਿਕਤਾ ਦੇ ਪੁੜ ਵਿਚ ਫਸੇ ਹੋਏ ਮਹਿਸੂਸ ਕਰ ਰਹੇ ਸਨ। ਜੇਕਰ ਭਾਰਤੀ ਹਾਕਮ ਸੰਤ ਫਤਹਿ ਸਿੰਘ ਦਾ ਪ੍ਰਣ ਪੂਰਾ ਕਰਨ ਤੋਂ ਇਨਕਾਰੀ ਹੁੰਦੇ ਸਨ ਤਾਂ ਅਕਾਲੀ ਸਫ਼ਾਂ ਦੇ ਕੁਝ ਹਿੱਸੇ ਇਸ ਦਾ ਦੋਸ਼ ਵੀ ਮਾਸਟਰ ਜੀ ਦੇ ਸਿਰ ਮੜ੍ਹਨ ਦੇ ਰੌਂਅ ਦਾ ਸੰਕੇਤ ਦੇ ਰਹੇ ਸਨ ਅਤੇ ਜੇਕਰ ਉਹ ਸੰਤ ਦਾ ਪ੍ਰਣ ਪੂਰਾ ਹੋਏ ਤੋਂ ਬਗ਼ੈਰ ਹੀ ਉਸ ਨੂੰ ਵਰਤ ਛੱਡ ਦੇਣ ਦਾ ਮਸ਼ਵਰਾ ਦਿੰਦੇ ਸਨ ਤਾਂ ਇਸ ਨਾਲ ਵੀ ਉਹ ਸਿੱਖ ਸੰਗਤਾਂ ਦੇ ਗੁੱਸੇ ਤੇ ਇਲਜ਼ਾਮਾਂ ਦੀ ਲਪੇਟ ਵਿਚ ਆਉਣ ਤੋਂ ਆਪਣਾ ਬਚਾਉ ਨਹੀਂ ਸਨ ਕਰ ਸਕਦੇ ਕਿਉਂਕਿ ਸੰਤ ਫਤਹਿ ਸਿੰਘ ਤੇ ਉਸਦੇ ਸਾਥੀਆਂ ਨੇ ਭਾਵੇਂ ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਨਾਲ ਕਿਸੇ ਵੀ ਕਿਸਮ ਦੇ ਰਾਇ-ਮਸ਼ਵਰੇ ਦੀ ਜ਼ਰੂਰਤ ਮਹਿਸੂਸ ਨਹੀਂ ਸੀ ਕੀਤੀ ਪਰੰਤੂ ਹੁਣ ਉਨ੍ਹਾਂ, ਬਹੁਤ ਹੁਸ਼ਿਆਰੀ ਨਾਲ, ਫ਼ੈਸਲੇ ਦੀ ਸਾਰੀ

ਗੱਲ ਮਾਸਟਰ ਤਾਰਾ ਸਿੰਘ ਉੱਤੇ ਸੁੱਟ ਦਿੱਤੀ ਸੀ। ਮਨ ਉੱਤੇ ਹਾਲਾਤ ਦੇ ਇਨ੍ਹਾਂ ਸਾਰੇ ਦਬਾਵਾਂ ਤੇ ਤਣਾਵਾਂ ਦਾ ਬੋਝ ਲੈ ਕੇ, ਮਾਸਟਰ ਤਾਰਾ ਸਿੰਘ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਲਈ ਉਚੇਚੇ ਭਾਵਨਗਰ ਪਹੁੰਚੇ। (ਜਿਥੇ ਉਸ ਵੇਲੇ ਕਾਂਗਰਸ ਪਾਰਟੀ ਦਾ ਸਾਲਾਨਾ ਅਜਲਾਸ ਚੱਲ ਰਿਹਾ ਸੀ)। ਉਥੇ 7 ਜਨਵਰੀ ਨੂੰ ਉਨ੍ਹਾਂ ਪ੍ਰਧਾਨ ਮੰਤਰੀ ਨਾਲ ਕੋਈ ਦੋ ਘੰਟੇ ਲੰਮੀ ਗੱਲਬਾਤ ਕੀਤੀ। ਮਾਸਟਰ ਜੀ ਨਾਲ ਅਕਾਲੀ ਦਲ ਦੇ ਦੋ ਹੋਰ ਨੁਮਾਇੰਦੇ (ਹਰਬੰਸ ਸਿੰਘ ਗੁਜਰਾਲ ਅਤੇ ਲਛਮਣ ਸਿੰਘ ਗਿੱਲ) ਗੱਲਬਾਤ ਵਿਚ ਸ਼ਾਮਿਲ ਸਨ।

ਪੰਡਿਤ ਨਹਿਰੂ ਦੇ ਅੜੀਅਲ ਵਤੀਰੇ ਨੇ ਮਾਸਟਰ ਜੀ ਨੂੰ ਮਾਨਸਿਕ ਤੌਰ 'ਤੇ ਡਾਢਾ ਪ੍ਰੇਸ਼ਾਨ ਕੀਤਾ। ਉਹ ਮਾਯੂਸ ਹੋ ਕੇ ਵਾਪਸ ਅੰਮ੍ਰਿਤਸਰ ਲਈ ਰਵਾਨਾ ਹੋ ਗਏ। ਉਸੇ ਰਾਤ (8 ਜਨਵਰੀ) ਨਹਿਰੂ ਨੇ ਸਰਦਾਰ ਨਗਰ ਵਿਖੇ ਇੱਕ ਪਬਲਿਕ ਜਲਸੇ ਅੰਦਰ ਆਪਣਾ ਲਿਖਤੀ ਭਾਸ਼ਣ ਪੜ੍ਹਿਆ ਜਿਸ ਵਿਚ ਉਸ ਨੇ ਪੰਜਾਬੀ ਸੂਬੇ ਬਾਰੇ ਆਪਣੀਆਂ ਪਹਿਲੀਆਂ ਪੋਜ਼ੀਸ਼ਨਾਂ ਹੀ ਮੁੜ ਦੁਹਰਾਈਆਂ। ਪੰਜਾਬੀ ਨੂੰ ਉਸ ਫਿਰ ਪੰਜਾਬ ਦੀ 'ਮੁੱਖ ਭਾਸ਼ਾ' ਕਿਹਾ ਅਤੇ ਬੋਲੀ ਦੇ ਆਧਾਰ ਤੇ ਪੰਜਾਬ ਦੀ ਨਵੀਂ ਵੰਡ ਕਰਨ ਤੋਂ ਫਿਰ ਕੋਰਾ ਇਨਕਾਰ ਕਰ ਦਿੱਤਾ। ਨਾਲ ਹੀ ਉਸ ਜ਼ੋਰ ਦੇ ਕੇ ਇਹ ਗੱਲ ਵੀ ਆਖ ਦਿੱਤੀ ਕਿ "ਮੈਂ ਜੋ ਕੁਝ ਵੀ ਕਿਹਾ ਹੈ, ਉਸ ਨੂੰ ਸੰਤ ਫਤਹਿ ਸਿੰਘ ਵੱਲੋਂ ਆਪਣੀ (ਪ੍ਰਣ ਦੀ) ਮੁਸ਼ਕਲ ਦੂਰ ਕਰਨ ਲਈ ਕਾਫ਼ੀ ਸਮਝਿਆ ਜਾਣਾ ਚਾਹੀਦਾ ਹੈ ਅਤੇ ਆਪਣਾ ਵਰਤ ਖ਼ਤਮ ਕਰ ਦੇਣਾ ਚਾਹੀਦਾ ਹੈ।"[7] ਨਹਿਰੂ ਦੇ ਇਸ ਬਿਆਨ ਦੀ ਜਾਣਕਾਰੀ ਮਾਸਟਰ ਤਾਰਾ ਸਿੰਘ ਨੂੰ ਅਗਲੀ ਸਵੇਰ ਦਿੱਲੀ ਵਿਖੇ ਮਿਲੀ। ਸੰਤ ਫਤਹਿ ਸਿੰਘ ਨੇ ਅਕਾਲੀ ਲੀਡਰਾਂ ਨੂੰ ਇਹ ਸਾਫ਼ ਕਹਿ ਦਿੱਤਾ ਹੋਇਆ ਸੀ ਕਿ ਉਹ ਉਤਨੀ ਦੇਰ ਤਾਈਂ ਆਪਣਾ ਵਰਤ ਨਹੀਂ ਤੋੜਨਗੇ ਜਿਤਨੀ ਦੇਰ ਤਾਈਂ ਮਾਸਟਰ ਤਾਰਾ ਸਿੰਘ ਉਨ੍ਹਾਂ ਨੂੰ ਜ਼ਾਤੀ ਤੌਰ 'ਤੇ ਅਜਿਹਾ ਕਰਨ ਲਈ ਆਦੇਸ਼ ਨਹੀਂ ਦਿੰਦੇ। ਮਾਸਟਰ ਤਾਰਾ ਸਿੰਘ ਨੇ ਨਹਿਰੂ ਦਾ ਬਿਆਨ ਪੜ੍ਹਨ ਤੋਂ ਬਾਅਦ ਫ਼ੌਰੀ ਦਿੱਲੀ ਤੋਂ ਸੰਤ ਫਤਹਿ ਸਿੰਘ

ਨੂੰ ਇਹ ਤਾਰ ਭੇਜ ਦਿੱਤੀ ਕਿ "ਮੈਂ ਸਰਦਾਰ ਨਗਰ ਵਿਚ ਪ੍ਰਧਾਨ ਮੰਤਰੀ ਦੁਆਰਾ ਦਿੱਤੇ ਗਏ ਭਾਸ਼ਣ ਤੋਂ ਸੰਤੁਸ਼ਟ ਹਾਂ। ਇਸ ਲਈ ਤੁਹਾਨੂੰ ਆਪਣਾ ਵਰਤ ਤੋੜ ਦੇਣ ਲਈ ਬੇਨਤੀ ਕਰਦਾ ਹਾਂ। ਇਹ ਭਾਸ਼ਣ ਤੁਹਾਡੇ ਪ੍ਰਣ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।"[8] ਸੰਤ ਫਤਹਿ ਸਿੰਘ ਨੇ ਮਾਸਟਰ ਜੀ ਦਾ ਸੰਦੇਸ਼ ਮਿਲਦਿਆਂ ਹੀ 9 ਜਨਵਰੀ 1961 ਨੂੰ ਸਵੇਰੇ ਸਾਢੇ ਅੱਠ ਵਜੇ ਆਪਣਾ 22 ਦਿਨਾਂ ਤੋਂ ਚੱਲ ਰਿਹਾ ਵਰਤ ਖ਼ਤਮ ਕਰ ਦਿੱਤਾ। ਇਉਂ, ਪੰਜਾਬੀ ਸੂਬੇ ਦੀ ਜਦੋਜਹਿਦ ਦੇ ਇੱਕ ਕਾਂਡ ਦਾ ਦਿਲ-ਢਾਹੂ ਅੰਤ ਹੋ ਗਿਆ।

ਸੰਤ ਫ਼ਤਿਹ ਸਿੰਘ ਜੀ ਨੇ ਭਾਰਤ ਸਰਕਾਰ ਪੰਜਾਬੀ ਸੂਬਾ ਬਣਾਉਣ ਦੀ ਸਹਿਮਤੀ ਲਏ ਬਿਨਾਂ ਮਰਨ ਵਰਤ ਛੱਡ ਦਿੱਤਾ ਜਦੋਂ ਸੰਤ ਜੀ ਨੂੰ ਇਸ ਫੈਸਲੇ ਬਾਰੇ ਸਿੱਖਾਂ ਜਗਤ ਦੀ ਨਿਰਾਸਤਾ ਦਾ ਪਤਾ ਲੱਗਾ। ਉਸ ਅੰਦਰ ਇੱਕ ਤਾਂ ਇਹ ਅਹਿਸਾਸ ਜ਼ੋਰ ਫੜ ਤੁਰਿਆ ਕਿ ਕੇਵਲ ਲੀਡਰਸ਼ਿਪ ਦੀ ਕਮਜ਼ੋਰੀ ਦੀ ਵਜ੍ਹਾ ਕਰਕੇ ਪੰਥ ਜਿੱਤੀ ਹੋਈ ਬਾਜ਼ੀ ਹਾਰ ਗਿਆ ਹੈ, ਦੂਜਾ, ਸੰਤ ਫਤਹਿ ਸਿੰਘ ਦੁਆਰਾ ਅਕਾਲ ਤਖ਼ਤ ਉੱਤੇ ਕੀਤੇ ਪ੍ਰਣ ਤੋੜ ਨਿਭਾਉਣ ਤੋਂ ਕਾਇਰਾਂ ਵਾਂਗ ਭੱਜ ਜਾਣ ਦੇ ਕਰਮ ਨੇ ਸਿੱਖ ਜਨਤਾ ਦੀਆਂ ਨਾ ਸਿਰਫ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਚੋਟ ਪਹੁੰਚਾਈ ਸਗੋਂ ਉਨ੍ਹਾਂ ਆਪਣੇ ਆਪ ਨੂੰ ਸੰਸਾਰ ਸਾਹਮਣੇ ਬੁਰੇ ਢੰਗ ਨਾਲ ਬੇਇਜ਼ਤ ਤੇ ਜ਼ਲੀਲ ਹੋਇਆ ਮਹਿਸੂਸ ਕੀਤਾ। ਸਿੱਖ ਕੌਮ ਆਪਣੇ ਲੀਡਰਾਂ ਦੀਆ ਹੋਰ ਸਭ ਖ਼ਾਮੀਆਂ ਸਹਿਣ ਕਰ ਸਕਦੀ ਹੈ ਪਰ ਉਸ ਕੋਲੋਂ ਆਪਣੇ ਆਗੂਆਂ ਦਾ ਡਰਪੋਕਪੁਣਾ ਨਹੀਂ ਝੱਲਿਆ ਜਾਂਦਾ। ਲੀਡਰਸ਼ਿਪ ਘੱਟ ਸਿਆਣੀ ਹੋਵੇ ਤਾਂ ਕੋਈ ਗੱਲ ਨਹੀਂ ਪਰ ਉਹ ਬੁਜ਼ਦਿਲ ਹੋਵੇ, ਇਹ ਨਾਮੁਕਿਨ ਹੈ। ਸਿੱਖ ਮਾਨਸਿਕਤਾ ਦਾ ਇਹ ਲੱਛਣ ਸਿੱਖ ਰਾਜਨੀਤੀ ਉੱਤੇ ਆਪਣੀ ਗਹਿਰੀ ਛਾਪ ਛੱਡਦਾ ਰਿਹਾ ਹੈ। ਅਤੀਤ ਅੰਦਰ ਵੀ, ਅਤੇ ਵਰਤਮਾਨ ਸਮੇਂ ਵਿਚ ਵੀ ਕਿਉਂਕਿ ਸੰਤ ਫਤਹਿ ਸਿੰਘ ਨੇ ਆਪਣੇ ਵਰਤ ਸੰਬੰਧੀ ਕੋਈ ਵੀ ਫੈਸਲਾ ਕਰਨ ਦੀ ਗੱਲ ਮਾਸਟਰ ਤਾਰਾ ਸਿੰਘ ਉੱਤੇ ਸੁੱਟ ਦਿੱਤੀ ਹੋਈ ਸੀ ਅਤੇ ਉਸ ਨੇ ਆਪਣਾ ਵਰਤ

(ਅਤੇ ਪ੍ਰਣ) ਮਾਸਟਰ ਜੀ ਦੀ ਜ਼ਾਤੀ ਹਿਦਾਇਤੀ ਉੱਤੇ ਹੀ ਤੋੜਿਆ ਸੀ, ਇਸ ਕਰਕੇ ਸਿੱਖ ਜਗਤ ਦੇ ਗੁੱਸੇ ਦੀ ਧਾਰ ਸੰਤ ਦੀ ਬਜਾਇ ਮਾਸਟਰ ਜੀ ਵੱਲ ਸੇਧਤ ਹੋ ਗਈ। 11 ਜਨਵਰੀ ਦੀ ਰਾਤ ਨੂੰ ਜਦ ਤਾਰਾ ਸਿੰਘ ਨੇ ਮੰਜੀ ਸਾਹਿਬ ਵਿਖੇ ਸੰਗਤਾਂ ਤੇ ਭਰਵੇਂ ਇਕੱਠ ਸਾਹਮਣੇ ਆਪਣੀ ਸਫਾਈ ਅਤੇ ਸਪੱਸ਼ਟੀਕਰਨ ਦੇਣ ਦਾ ਯਤਨ ਕੀਤਾ ਤਾਂ ਉਨ੍ਹਾਂ ਨੂੰ ਸੰਗਤਾਂ ਦੀ ਭਾਰੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ। ਅਗਲੇ ਦਿਨ ਉਨ੍ਹਾਂ ਨੂੰ ਸੰਗਤਾਂ ਦੇ ਵਿਰੋਧ ਤੇ ਟੋਕਾ-ਟਾਕੀ ਕਾਰਨ, ਆਪਣਾ ਭਾਸ਼ਣ ਅੱਧ-ਵਿਚਾਲੇ ਬੰਦ ਕਰਨਾ ਪੈ ਗਿਆ। ਉਸ ਤੋਂ ਅਗਲੇ ਦਿਨ, ਮੁਕਤਸਰ ਵਿਖੇ ਮਾਘੀ ਦੇ ਜੋੜ ਮੇਲੇ ’ਤੇ ਉਨ੍ਹਾਂ ਨੂੰ ਫਿਰ ਉਸੇ ਤਰ੍ਹਾਂ ਸੰਗਤਾਂ ਦੇ ਵਿਰੋਧ ਤੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ।[9] ਭਾਵੇਂ ਇਸ ਘਟਨਾਕ੍ਰਮ ਪਿੱਛੇ, ਕੁਝ ਹੱਦ ਤੱਕ ਅਕਾਲੀ ਦਲ ਅੰਦਰਲੀ ਧੜੇਬੰਦਕ ਲੜਾਈ ਦਾ ਵੀ ਹੱਥ ਸੀ ਪਰ ਇਹ ਗੱਲ ਅੰਨ੍ਹਿਆਂ ਨੂੰ ਵੀ ਦਿਖਣ ਲੱਗ ਪਈ ਸੀ ਕਿ ਸਿੱਖ ਜਗਤ ਦੇ ਕਾਫੀ ਵੱਡੇ ਹਿੱਸਿਆਂ ਦਾ ਮਾਸਟਰ ਤਾਰਾ ਸਿੰਘ ਤੋਂ ਮੋਹ ਭੰਗ ਹੋ ਚੁੱਕਾ ਸੀ।

ਕੁੱਝ ਜਿੰਮੇਵਾਰੀਆਂ ਵਲੋਂ ਮਸਲੇ ਦਾ ਹੱਲ ਗੱਲਬਾਤ ਰਾਹੀ ਕੱਢਣ ਦੇ ਯਤਨ ਵਜੋਂ ਸੰਤ ਫਤਹਿ ਸਿੰਘ ਤੇ ਨਹਿਰੂ ਵਿਚਕਾਰ ਸਿੱਧਮ-ਸਿੱਧੀ ਗੱਲਬਾਤ ਦਾ ਪ੍ਰਬੰਧ ਕੀਤਾ। ਦੋਨਾਂ ਵਿਚਕਾਰ ਕੁੱਲ ਮਿਲਾ ਕੇ ਤਿੰਨ ਮੀਟਿੰਗਾਂ ਹੋਈਆਂ। ਪਹਿਲੀ ਮੀਟਿੰਗ (8 ਫਰਵਰੀ 1961) ਅੰਦਰ ਨਹਿਰੂ ਨੇ ਪੰਜਾਬੀ ਸੂਬੇ ਦੀ ਮੰਗ ਨਾ ਮੰਨਣ ਦੇ ਮੁੱਖ ਤੌਰ ਤੇ ਦੋ ਕਾਰਨ ਗਿਣਾਏ। ਪਹਿਲਾ ਇਹ ਕਿ ਪੰਜਾਬੀ ਸੂਬੇ ਅੰਦਰ ਹਿੰਦੂ ਵਰਗ ਘੱਟ ਗਿਣਤੀ ਵਿਚ ਰਹਿ ਜਾਵੇਗਾ। ਜਿਸ ਨਾਲ ਉਸ ਦੇ ਹਿੱਤਾਂ ਨੂੰ ਖ਼ਤਰੇ ਖੜੇ ਹੋ ਸਕਦੇ ਹਨ। ਦੂਜਾ ਇਹ ਕਿ ਪੰਜਾਬ ਦੀ ਇੱਕ ਹੋਰ ਵੰਡ ਹੋ ਜਾਣ ਨਾਲ ਹੋਰਨਾਂ ਰਾਜਾਂ ਅੰਦਰ ਬੈਠੇ ਸਿੱਖਾਂ ਨੂੰ ਮੁਸ਼ਕਲ ਹਾਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਦੋਨੋਂ ਗੱਲਾਂ ਵਿਚੋਂ ਨਹਿਰੂ ਦੇ ਫਿਰਕੂ ਝੁਕਾਉ ਸਾਫ਼ ਪ੍ਰਗਟ ਹੋ ਜਾਂਦੇ ਹਨ। ਦੂਜੀ ਮੀਟਿੰਗ (1 ਮਾਰਚ 1961) ਵਿਚ ਨਹਿਰੂ ਨੇ ਫਿਰ ਪੰਜਾਬੀ ਸੂਬੇ ਅੰਦਰ

ਹਿੰਦੂਆਂ ਦੇ ਹਿਤਾਂ ਨੂੰ ਖ਼ਤਰੇ ਦੀ ਗੱਲ ਦੁਹਰਾਈ। ਤੀਜੀ ਮੀਟਿੰਗ (12 ਮਈ 1961) ਅੰਦਰ ਨਹਿਰੂ ਨੇ ਇਹ ਕਹਿ ਕੇ ਗੱਲ ਨਿਬੇੜ ਦਿੱਤੀ ਕਿ ਪੰਜਾਬੀ ਸੂਬੇ ਦੀ ਸਥਾਪਨਾ ਕਿਸੇ ਵੀ ਸੂਰਤ ਨਹੀਂ ਕੀਤੀ ਜਾਵੇਗੀ, ਕਿਉਂਕਿ ਨਾ ਇਹ ਦੇਸ ਦੇ ਹਿਤ ਵਿਚ ਹੈ ਅਤੇ ਨਾ ਹੀ ਸਿੱਖਾਂ ਦੇ।[10]

ਸ਼੍ਰੋਮਣੀ ਅਕਾਲੀ ਦੇ ਨੇ 28 ਮਈ 1961 ਨੂੰ ਜਨਰਲ ਬਾਡੀ ਦੀ ਮੀਟਿੰਗ ਅੰਮ੍ਰਿਤਸਰ ਵਿਖੇ ਬੁਲਾਈ ਇਸ ਮੀਟਿੰਗ ਦਾ ਏਜੰਡਾ ਭਾਰਤ ਸਰਕਾਰ ਦੇ ਹਿੰਦੂ ਹਾਕਮਾਂ ਦੇ ਨਿਹੱਕੇ ਰਵੱਈਏ ਬਾਰੇ ਵਿਚਾਰ ਕਰਨਾ ਸੀ। ਸਿੱਖ ਪੰਥ ਪ੍ਰਤੀ ਸੁਹਿਰਦ ਸੋਚ ਰੱਖਣ ਵਾਲੇ ਕੁਝ ਗੈਰ-ਸਿੱਖ ਅਤੇ ਗੈਰ-ਅਕਾਲੀ ਸੱਜਣ ਪੁਰਸ਼ਾਂ ਨੇ ਵੀ ਇਸ ਮੀਟਿੰਗ ਅੰਦਰ ਵਿਸ਼ੇਸ਼ ਪ੍ਰਾਹੁਣਿਆਂ ਦੀ ਹੈਸੀਅਤ  ਵਿਚ ਹਿੱਸਾ ਲਿਆ। ਇਸ ਮੀਟਿੰਗ ਦੁਆਰਾ ਪਾਸ ਕੀਤੇ ਮਤੇ ’ਚ ਭਾਰਤ ਦੇ ਹਾਕਮਾਂ ਵੱਲੋਂ ਸਿੱਖ ਪੰਥ ਪ੍ਰਤੀ ਫਿਰਕੂ ਅਤੇ ਦੁਸ਼ਮਣੀ ਭਰਿਆ ਰਵਈਆ ਧਾਰਨ ਕਰਨ ਬਦਲੇ ਉਨ੍ਹਾਂ ਦੀ ਬਹੁਤ ਹੀ ਕਾਟਵੀਂ ਅਤੇ ਦੁਸ਼ਮਣੀ ਭਰਿਆ ਰਵਈਆ ਧਾਰਨ ਕਰਨ ਬਦਲੇ ਉਨ੍ਹਾਂ ਦੀ ਬਹੁਤ ਹੀ ਕਾਟਵੀਂ ਨੁਕਤਾਚੀਨੀ ਕੀਤੀ ਗਈ। ਕਾਂਗਰਸੀ ਹਾਕਮਾਂ ਉੱਤੇ  ਸਿੱਖ ਭਾਈਚਾਰੇ  ਨਾਲ ਸੱਤ ਬਿਗਾਨਿਆਂ ਵਰਗਾ ਵਰਤਾਉ ਕਰਨ ਦਾ ਦੋਸ਼ ਲਾਉਂਦਿਆਂ ਹੋਇਆਂ, ਮੀਟਿੰਗ ਇਸ ਨਿਰਣੇ ’ਤੇ ਅੱਪੜੀ ਕਿ ਸਿੱਖਾਂ ਸਾਹਮਣੇ ਦੋ ਹੀ ਰਾਹ ਬਚਦੇ ਹਨ। ਜਾਂ ਤਾਂ ਸਿਰੇ ਦੀ ਕੁਰਬਾਨੀ ਦੇ ਦਿੱਤੇ ਜਾਵੇ... ਅਤੇ ਜਾਂ ਫਿਰ ਉਹ ਭਾਣਾ ਮੰਨ ਲੈਣ ਅਤੇ ਆਪਣੀ ਹਸਤੀ ਮਿਟਾਉਣੀ ਪ੍ਰਵਾਨ ਕਰ ਲੈਣ।[11] ਅਕਾਲੀ ਲੀਡਰਸ਼ਿਪ, ਜਾਂ ਕੋਈ ਵੀ ਸਿੱਖ, ਸਿੱਧੇ ਰੂਪ ਵਿਚ ਹਿੰਦੂ ਹਾਕਮਾਂ  ਦੀ ਈਨ ਮੰਨਣ ਦੀ ਗੱਲ ਕਿਵੇਂ ਪ੍ਰਵਾਨ ਕਰ ਸਕਦਾ ਸੀ। ਸੋ ਅਕਾਲੀ ਦਲ ਨੇ “ਭਾਰਤ ਦੇ ਅਤੇ ਸੰਸਾਰ ਭਰ ਦੇ ਲੋਕਾਂ ਦੀਆਂ ਜ਼ਮੀਰਾਂ ਨੂੰ ਟੁੰਬਣ ਲਈ” ਇੱਕ ਵਾਰ ਫਿਰ ਸਵੈ-ਕੁਰਬਾਨੀ ਦਾ, ਭਾਵ ਕਿ ਮਰਨ-ਵਰਤ ਦਾ ਹਥਿਆਰ ਅਜ਼ਮਾਉਣ ਦਾ ਫੈਸਲਾ ਕਰ ਲਿਆ। ਮਾਸਟਰ ਤਾਰਾ ਸਿੰਘ ਤੇ ਫਤਹਿ ਸਿੰਘ, ਦੋਨਾਂ ਲਈ ਹੀ, ਪਿਛਲੀ ਬਦਨਾਮੀ ਦੇ ਦਾਗ਼ ਨੂੰ ਧੋ ਸੁੱਟਣ ਦਾ ਇਹ ਗ਼ਨੀਮਤ ਮੌਕਾ ਸੀ। ਸ਼ਾਇਦ ਦੋਨੋਂ

ਹੀ ਦਿਲੋਂ ਇਸ ਕਲੰਕ ਤੋਂ ਸੁਰਖਰੂ ਹੋਣ ਦੀ ਇੱਛਾ ਰੱਖਦੇ ਸਨ ਪਰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਸ ਵਾਰ ਸੰਤ ਫਤਹਿ ਸਿੰਘ ਦੀ ਥਾਂ ਮਾਸਟਰ ਤਾਰਾ ਸਿੰਘ ਨੂੰ ਮੌਕਾ ਦੇਣ ਦਾ ਫੈਸਲਾ ਕਰ ਲਿਆ। ਇਸ ਤਰ੍ਹਾਂ, ਮਾਸਟਰ ਤਾਰਾ ਸਿੰਘ ਨੇ 15 ਅਗਸਤ ਨੂੰ, ਭਾਰਤ ਦੀ ਆਜ਼ਾਦੀ ਦੀ 14ਵੀਂ ਵਰ੍ਹੇਗੰਢ ਦੇ 'ਸ਼ੁਭ ਦਿਹਾੜੇ' 'ਤੇ, ਆਪਣਾ ਮਰਨ ਵਰਤ ਆਰੰਭ ਕਰ ਦਿੱਤਾ। ਪ੍ਰੈਸ ਦੇ ਨਾਂ ਜਾਰੀ ਕੀਤੇ ਇੱਕ ਬਿਆਨ ਅੰਦਰ ਉਨ੍ਹਾਂ ਇਹ ਸਾਫ਼ ਐਲਾਨ ਕੀਤਾ ਕਿ "ਪੰਜਾਬੀ ਸੂਬੇ ਦੀ ਮੰਗ ਮੰਨੇ ਜਾਣ ਤੱਕ" ਉਹ ਆਪਣੇ ਫੈਸਲੇ ਤੋਂ ਪਿਛਾਂਹ ਨਹੀਂ ਹਟਣਗੇ।"[12]

ਪੰਜਾਬੀ ਵਿਚ ਪੰਥ ਦੇ ਗਦਾਰ ਅਤੇ ਹਿੰਦੂ ਲੀਡਰਾਂ ਨੇ ਪੰਜਾਬੀ ਸੂਬੇ ਦੀ ਮੰਗ ਅਤੇ ਮਾਸਟਰ ਤਾਰਾ ਸਿੰਘ ਦੀ ਲੀਡਰਸ਼ਿਪ ਵਿਰੁੱਧ ਯੋਜਨਾਬੱਧ ਮੁਹਿੰਮ ਛੇੜ ਦਿੱਤੀ। ਪੰਜਾਬ ਦੀਆਂ ਅਲੱਗ-ਅਲੱਗ ਹਿੰਦੂ ਜਥੇਬੰਦੀਆਂ ਨੇ 12 ਜੂਨ ਨੂੰ 'ਹਿੰਦੀ ਰਕਸ਼ਾ ਸੰਮੇਲਨ' ਵਿਚ ਇੱਕ ਆਵਾਜ਼ ਹੋ ਕੇ ਇਹ ਗੱਲ ਫਿਰ ਦੁਹਰਾਈ ਕਿ ਉਹ ਨਾ ਤਾਂ ਪੰਜਾਬ ਨੂੰ ਇੱਕ-ਭਾਸ਼ਾਈ ਰਾਜ ਵਿਚ ਤਬਦੀਲ ਹੋਣ ਦੇਣਗੀਆਂ ਅਤੇ ਨਾ ਹੀ ਪੰਜਾਬ ਦੀ ਵੰਡ ਦੀ ਯੋਜਨਾ ਨੂੰ ਕਾਮਯਾਬ ਹੋਣ ਦੇਣਗੀਆਂ। ਗਿਆਨੀ ਕਰਤਾਰ ਸਿੰਘ ਨੇ ਅਕਾਲੀ ਦਲ ਨੂੰ ਇਹ 'ਸਖ਼ਤ ਚੇਤਾਵਨੀ' ਦਿੱਤੀ ਕਿ "ਸਰਕਾਰ ਮਾਸਟਰ ਤਾਰਾ ਸਿੰਘ ਦੇ ਮਰਨ ਵਰਤ ਦੇ ਐਲਾਨ ਤੋਂ ਪੈਦਾ ਹੋਣ ਵਾਲੀ ਹਾਲਤ ਦਾ ਸਖ਼ਤੀ ਨਾਲ ਸਾਹਮਣਾ ਕਰੇਗੀ।" ਪੰਜਾਬ ਸਰਕਾਰ ਨੇ ਇਸ ਧਮਕੀ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਹੋਇਆਂ ਅਕਾਲੀ ਦਲ ਦੇ ਦੋਨੋਂ ਅਖ਼ਬਾਰਾਂ (ਜਥੇਦਾਰ ਤੇ ਪਰਭਾਤ) ਉੱਤੇ ਸੈਂਸਰਸ਼ਿਪ ਲਾਗੂ ਕਰ ਦਿੱਤੀ ਅਤੇ ਅਲੱਗ-ਅਲੱਗ ਥਾਵਾਂ ਤੋਂ 50 ਦੇ ਕਰੀਬ ਉੱਘੇ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਅੰਦਰ ਬੰਦ ਕਰ ਦਿੱਤਾ। ਉਸ ਵੇਲੇ ਲੋਕ ਸਭਾ ਦੇ ਡਿਪਟੀ ਸਪੀਕਰ ਸ. ਹੁਕਮ ਸਿੰਘ ਨੂੰ ਮਾਸਟਰ ਤਾਰਾ ਸਿੰਘ ਦਾ ਪ੍ਰਸਤਾਵਤ ਵਰਤ "ਦੇਸ ਅਤੇ ਸਿੱਖ ਭਾਈਚਾਰੇ" ਦੇ ਹਿਤਾਂ ਲਈ ਹਾਨੀਕਾਰਕ" ਅਤੇ "ਸਿੱਖ ਧਰਮ ਦੇ

ਬੁਨਿਆਦੀ ਸਿਧਾਂਤਾਂ ਦੇ ਵਿਰੁੱਧ" ਦਿਖਾਈ ਦੇਣ ਲੱਗ ਪਿਆ।"[13] ਗਿਆਨ ਸਿੰਘ ਰਾੜੇਵਾਲਾ ਨੇ ਪੰਜਾਬੀ ਸੂਬੇ ਵਿਰੁੱਧ ਹਿੰਦੂ ਤਾਕਤਾਂ ਦੇ 'ਮਹਾਂ ਪੰਜਾਬ' ਦੇ ਨਾਹਰੇ ਦੀ ਸੁਰ ਵਿਚ ਸੁਰ ਮਿਲਾਉਣੀ ਸ਼ੁਰੂ ਕਰ ਦਿੱਤੀ।[14]

ਪਰ ਮਾਸਟਰ ਤਾਰਾ ਸਿੰਘ ਨੇ ਆਪਣੇ ਐਲਾਨੇ ਹੋਏ ਪ੍ਰੋਗਰਾਮ ਮੁਤਾਬਕ 15 ਅਗਸਤ (1961) ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪ੍ਰਣ ਲੈਣ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸਾਂ ਕਰਨ ਤੋਂ ਬਾਅਦ ਮੰਜੀ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਵਿਸ਼ਾਲ ਇਕੱਠ ਸਾਹਮਣੇ ਆਪਣਾ ਮਰਨ ਵਰਤ ਆਰੰਭ ਕਰ ਦਿੱਤਾ।

ਸੰਤ ਫਤਹਿ ਸਿੰਘ ਨੇ ਦੁਬਾਰਾ ਫਿਰ ਭਾਰਤ ਸਰਕਾਰ ਨਾਲ ਸਮਝੌਤੇ ਦੀ ਗੱਲ ਕਰਨ ਦਾ ਯਤਨ ਕੀਤਾ। ਉਸਨੇ 24 ਅਤੇ 25 ਅਗਸਤ ਨੂੰ ਪ੍ਰਧਾਨ ਮੰਤਰੀ ਨਾਲ ਉਪਰੋਥਲੀ ਦੋ ਮੁਲਾਕਾਤਾਂ ਕੀਤੀਆਂ।[15] ਨਹਿਰੂ ਦਾ ਵਤੀਰਾ ਹਮੇਸ਼ਾ ਵਾਂਗ ਨਾਂਹ-ਪੱਖੀ ਰਿਹਾ। 8 ਅਗਸਤ ਨੂੰ ਉਸ ਨੇ ਆਪਣੇ ਇੱਕ ਬਿਆਨ ਅੰਦਰ ਇਹ ਰੱਟ ਫਿਰ ਦੁਹਰਾਈ ਕਿ "ਪੰਜਾਬੀ ਸੂਬੇ ਦੀ ਮੰਗ ਮੰਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"[16] ਭਾਰਤੀ ਹਾਕਮਾਂ ਦੇ ਇਸ ਕਠੋਰ ਰਵਈਏ ਨੇ ਅਕਾਲੀ ਲੀਡਰਸ਼ਿਪ ਲਈ ਇੱਕ ਵਾਰ ਫਿਰ ਮੁਸ਼ਕਲ ਅਤੇ ਚਿੰਤਾ-ਭਰੀ ਹਾਲਤ ਪੈਦਾ ਕਰ ਦਿੱਤੀ। ਬਿਰਧ ਅਵਸਥਾ ਕਾਰਨ ਮਾਸਟਰ ਤਾਰਾ ਸਿੰਘ ਦੀ ਹਾਲਤ ਤੇਜ਼ੀ ਨਾਲ ਵਿਗੜਦੀ ਜਾ ਰਹੀ ਸੀ। ਜਿਸ ਨਾਲ ਸਿੱਖ ਜਗਤ ਅੰਦਰ ਡੂੰਘੀ ਚਿੰਤਾ ਫੈਲ ਰਹੀ ਸੀ। ਸਿੱਖ ਪੰਥ ਦੀਆਂ ਕੁਝ ਬਾਰਸੂਖ਼ ਹਸਤੀਆਂ ਮਾਸਟਰ ਜੀ ਦੀ ਜ਼ਿੰਦਗੀ ਬਚਾਉਣ ਲਈ ਜੀਅ ਤੋੜ ਕੋਸ਼ਿਸ਼ਾਂ ਵਿਚ ਜੁਟ ਗਈਆਂ ਪਰ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਇਹ ਚਿੰਤਾ ਸਿਰਫ ਪੰਥ ਦੇ ਹੀ ਹਿੱਸੇ ਆਈ ਹੋਵੇ। ਭਾਰਤ ਦੇ ਹਿੰਦੂ ਹੁਕਮਰਾਨ ਵਰਗ ਦਾ ਵਤੀਰਾ ਕੁਝ ਇਸ ਤਰ੍ਹਾਂ ਸੀ ਜਿਵੇਂ ਉਸ ਨੂੰ ਮਾਸਟਰ ਜੀ ਦੀ ਤੇਜ਼ੀ ਨਾਲ ਵਿਗੜ ਰਹੀ ਸਿਹਤ ਅਤੇ ਇਸ ਦੇ ਸਿੱਖ ਕੌਮ ਅਤੇ ਸਮੁੱਚੇ ਦੇਸ ਦੀ ਰਾਜਸੀ ਹਾਲਤ ਉੱਤੇ ਪੈਣ ਵਾਲੇ ਪ੍ਰਭਾਵਾਂ ਦੀ ਕੋਈ

ਬਹੁਤ ਪ੍ਰਵਾਹ ਨਾ ਹੋਵੇ।

ਲੋਕ ਸਭਾ ਵਿਚ 29 ਅਗਸਤ 1961 ਤੋਂ ਇਸ ਸੰਬੰਧੀ ਹੋਈ ਬਹਿਸ ਇਹ ਗੱਲ ਸਾਬਿਤ ਕਰਦੀ ਹੈ ਕਿ ਹਿੰਦੂ ਹਾਕਮਾਂ ਨੂੰ ਨਾ ਸਿਰਫ ਸਿੱਖ ਕੌਮ ਦੀਆਂ ਹੱਕੀ ਮੰਗਾਂ ਤੇ ਭਾਵਨਾਵਾਂ ਨਾਲ ਕੋਈ ਹਮਦਰਦੀ ਨਹੀਂ ਸੀ ਸਗੋਂ ਉਹ ਸਿੱਖ ਪੰਥ ਤੇ ਇਸ ਦੇ ਆਗੂਆਂ ਨੂੰ ਜ਼ਲੀਲ ਕਰਨ ਲਈ ਤੁਲੇ ਨਜ਼ਰ ਆ ਰਹੇ ਸਨ। ਨਹਿਰੂ ਵੱਲੋਂ ਵਾਰ-ਵਾਰ ਪੰਜਾਬੀ ਸੂਬੇ ਦੀ ਮੰਗ ਨੂੰ ਇੱਕ 'ਫਿਰਕੂ ਮੰਗ' ਕਰਾਰ ਦੇਣਾ ਅਤੇ ਅਕਾਲੀ ਲੀਡਰਸ਼ਿਪ ਨੂੰ ਹਿੰਦੂਆਂ ਤੇ ਸਿੱਖਾਂ ਵਿਚਕਾਰ ਦਰਾੜ ਪੈਦਾ ਕਰਨ ਲਈ ਦੋਸ਼ੀ ਠਹਿਰਾਉਣਾ 'ਚੋਰ' ਵੱਲੋਂ 'ਕੋਤਵਾਲ' ਨੂੰ ਡਾਂਟਣ ਵਰਗੀ ਗੱਲ ਸੀ। ਹਿੰਦੂ ਹਾਕਮਾਂ ਦੀ ਸੁਰ ਵਿਚ ਸੁਰ ਮਿਲਾਉਂਦਿਆਂ ਹੋਇਆਂ ਸ. ਹੁਕਮ ਸਿੰਘ ਨੇ ਵੀ ਕਿਹਾ : "ਮੈਂ ਇਹ ਸਮਝਦਾ ਹਾਂ ਕਿ ਇਸ ਮੌਕੇ ਪੰਜਾਬੀ ਸੂਬੇ ਦੀ ਮੰਗ ਮਨਵਾਉਣ ਨਾਲੋਂ ਹਿੰਦੂ-ਸਿੱਖ ਸਦਭਾਵਨਾ ਵੱਧ ਮਹੱਤਵਪੂਰਨ ਹੈ। (ਜੇਕਰ ਇਸ ਸਮੇਂ ਪੰਜਾਬੀ ਸੂਬੇ ਦੀ ਮੰਗ 'ਤੇ ਜ਼ੋਰ ਦਿੱਤਾ ਜਾਂਦਾ ਹੈ) ਤਾਂ ਅਸੀਂ ਤਣਾਉ ਪੈਦਾ ਕਰ ਰਹੇ ਹੋਵਾਂਗੇ ਅਤੇ ਹਿੰਦੂਆਂ ਤੇ ਸਿੱਖਾਂ ਵਿਚਕਾਰ ਇੱਕ ਪੱਕਾ ਪਾੜ ਪਾ ਰਹੇ ਹੋਵਾਂਗੇ। ਇਸ ਵੇਲੇ ਮੈਂ ਪੰਜਾਬੀ ਸੂਬੇ ਲਈ ਯਤਨਸ਼ੀਲ ਨਹੀਂ ਹੋਵਾਂਗਾ। ਹਿੰਦੂ-ਸਿੱਖ ਸਦਭਾਵਨਾ ਮੇਰੇ ਲਈ ਭਾਸ਼ਾਈ ਰਾਜ ਦੀ ਮੰਗ ਨਾਲੋਂ ਵਧੇਰੇ ਪਿਆਰੀ ਹੈ।"[17]

ਪੰਡਿਤ ਜਵਾਹਰ ਲਾਲ ਨਹਿਰੂ ਨੇ ਲੋਕ ਸਭਾ ਅਤੇ ਰਾਜ ਸਭਾ ਦਿੱਤੇ ਭਾਸ਼ਨ ਵਿਚ ਪੰਜਾਬ ਸੂਬੇ ਦੀ ਸਥਾਪਨਾ ਨਾਲ ਘਰੇਲੂ ਜੰਗ ਦੀ ਧਮਕੀ ਦਿੰਦਿਆਂ ਹੋਇਆਂ ਆਪਣਾ ਇਹ ਅੰਤਿਮ ਫੈਸਲਾ ਸੁਣਾ ਦਿੱਤਾ ਕਿ ਪੰਜਾਬੀ ਸੂਬਾ ਬਣਾਉਣ ਦੀ ਗੱਲ ਤਾਂ ਦੂਰ "ਅਸੀਂ ਦ੍ਰਿੜ੍ਹ ਫੈਸਲੇ ਤੇ ਪਹੁੰਚੇ ਹਾਂ ਕਿ ਅਸੀਂ ਪੰਜਾਬੀ ਸੂਬੇ ਦੀ ਮੰਗ ਲਈ ਅਸੂਲੀ ਸਹਿਮਤੀ ਦੇਣ ਲਈ ਵੀ ਤਿਆਰ ਨਹੀਂ।" ਨਹਿਰੂ ਦਾ ਇਹ ਹਠ ਆਪਣਾ ਅਸਰ ਦਿਖਾਉਣ ਲੱਗ ਪਿਆ। ਭਾਰਤ ਦੀਆਂ ਕੁਝ ਬਾਰਸੂਖ਼ ਹਸਤੀਆਂ ਨੇ ਸਰਕਾਰੀ ਧਿਰ ਵੱਲੋਂ ਧਾਰਨ ਕੀਤੇ ਅੜੀਅਲ

ਵਤੀਰੇ ਵੱਲ ਦੇਖਦਿਆਂ ਹੋਇਆਂ ਮਾਸਟਰ ਤਾਰਾ ਸਿੰਘ ਨੂੰ ਅਪੀਲਾਂ ਕਰਨੀਆਂ ਸ਼ੁਰੂ ਕਰ ਦਿੱਤੀਆ ਕਿ ਉਹ 'ਦੇਸ ਦੀ ਭਲਾਈ' ਲਈ ਆਪਣਾ ਵਰਤ ਤੋੜ ਦੇਣ।[18] ਇਹ ਗੱਲ ਪੁੱਛਣ ਵਾਲਾ ਕੋਈ ਨਹੀਂ ਸੀ ਕਿ ਕੀ 'ਦੇਸ ਦੀ ਭਲਾਈ' ਦਾ ਸਾਰਾ ਜ਼ੁੰਮਾ ਸਿੱਖਾਂ ਅਤੇ ਅਕਾਲੀ ਆਗੂਆਂ ਨੇ ਹੀ ਓਟਿਆ ਹੋਇਆ ਹੈ? ਕੀ 'ਦੇਸ ਦੀ ਭਲਾਈ' ਦਾ ਇਹ ਮੰਤਰ, ਬਹੁਗਿਣਤੀ ਭਾਈਚਾਰੇ ਤੇ ਉਸ ਦੇ ਰਾਜਨੀਤਕ ਰਹਿਬਰਾਂ ਉੱਤੇ ਲਾਗੂ ਨਹੀਂ ਹੁੰਦਾ ? ਕੀ 'ਦੇਸ ਦੀ ਭਲਾਈ' ਲਈ ਉਹ ਸਿੱਖ ਕੌਮ ਦੀ ਹੱਕੀ ਮੰਗ ਪ੍ਰਵਾਨ ਕਰ ਲੈਣ ਦੀ ਫ਼ਰਖ਼ਾਦਿਲੀ ਨਹੀਂ ਸਨ ਦਿਖਾ ਸਕਦੇ? ਪਰ ਜਿਵੇਂ ਕਿਹਾ ਜਾਂਦਾ ਹੈ ਕਿ 'ਤਕੜੇ ਦਾ ਸੱਤੀ ਵੀਹੀਂ ਸੌ' ਹੁੰਦਾ ਹੈ। ਹਿੰਦੂ ਵਰਗ ਕਿਉਂਕਿ ਇੱਕ ਬਹੁਗਿਣਤੀ ਵਰਗ ਹੈ, ਇਸ ਕਰਕੇ ਉਹ ਦੀ ਹਰ ਜ਼ਿਦ ਅਤੇ ਹਰ ਵਧੀਕੀ ਨੂੰ ਸੱਤਵਚਨ ਕਹਿ ਕੇ ਪ੍ਰਵਾਨ ਕਰ ਲਿਅ ਜਾਂਦਾ ਹੈ, 'ਦੇਸ ਦੀ ਭਲਾਈ' ਲਈ ਜੇ ਕੁਝ ਗੁਆਉਣ ਗ਼ੈਰ-ਹਿੰਦੂ ਤਬਕੇ ਹੀ ਗੁਆਉਣ।

1 ਸਤੰਬਰ ਨੂੰ ਮਾਸਟਰ ਜੀ ਨਾਲ ਜੈ ਪ੍ਰਕਾਸ਼ ਨਰਾਇਣ ਨੇ ਮੁਲਾਕਾਤ ਕਰਕੇ ਗੱਲਬਾਤ ਰਾਹੀਂ ਮਸਲੇ ਦਾ ਰਾਹ ਲੱਭਣ ਦੀ ਕੋਸ਼ਿਸ਼ ਕੀਤੀ। ਉਸ ਨੇ ਦੇਖਿਆ ਕਿ ਮਾਸਟਰ ਤਾਰਾ ਸਿੰਘ ਆਪਣੇ ਪਹਿਲੇ ਬਿਆਨ ਤੋਂ ਪਿਛਾਂਹ ਹਟ ਕੇ ਸਾਲਸੀ ਪ੍ਰਵਾਨ ਕਰ ਲੈਣ ਦੇ ਰੌਂਅ ਵਿਚ ਸੀ। ਬਸ਼ਰਤੇ ਕਿ ਸਾਲਸ ਕੋਈ ਜੈ ਪ੍ਰਕਾਸ਼ ਨਰਾਇਣ ਵਰਗੀ ਨਿਰਪੱਖ ਹਸਤੀ ਹੋਵੇ। ਇਸੇ ਦੌਰਾਨ ਸ. ਹਰਦਿਤ ਸਿੰਘ ਮਲਿਕ(ਫ਼ਰਾਂਸ ਅੰਦਰ ਭਾਰਤ ਦੇ ਸਾਬਕਾ ਸਫ਼ੀਰ) ਅਤੇ ਮਹਾਰਾਜਾ ਯਾਦਵਿੰਦਰ ਸਿੰਘ (ਪਟਿਆਲਾ) ਨੇ ਸਮਝੌਤੇ ਦੀ ਉਮੀਦ ਨਾਲ ਵਿਚੋਲਗੀ ਦਾ ਕੰਮ ਸੰਭਾਲ ਲਿਆ। ਉਨ੍ਹਾਂ ਨਹਿਰੂ ਨਾਲ ਅਤੇ ਜਿਨ੍ਹਾਂ ਨਾਲ ਹੋਰ ਲੋੜ ਸੀ, ਉਨ੍ਹਾਂ ਸਭ ਲੋਕਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਵਿਚਾਰ-ਵਟਾਂਦਰੇ ਦਾ ਮੁੱਦਾ ਪੰਜਾਬੀ ਸੂਬੇ ਦੀ ਮੰਗ ਨੂੰ ਪ੍ਰਵਾਨ ਕਰਨ ਦੀ ਸ਼ਰਤ ਤੋਂ ਕਈ ਕਦਮ ਪਿਛਾਂਹ ਹਟ ਕੇ, ਇਸ ਮਸਲੇ ਦੇ ਨਿਪਟਾਰੇ ਲਈ ਇੱਕ ਉਚ ਪੱਧਰੀ ਕਮਿਸ਼ਨ ਦੀ ਨਿਯੁਕਤੀ ਦੀਆਂ ਤਜਵੀਜ਼ਾਂ ਉੱਤੇ ਕੇਂਦਰਿਤ ਹੋ ਗਿਆ ਪਰ

ਭਾਰਤੀ ਹਾਕਮ ਅਕਾਲੀ ਆਗੂਆਂ ਨੂੰ ਕੋਈ ਵੀ ਲੜ ਫੜਾਉਣ ਲਈ ਤਿਆਰ ਨਹੀਂ ਸਨ। ਇਸ ਹਾਲਤ ਦੇ ਮੱਦੇਨਜ਼ਰ ਅਕਾਲੀ ਦਲ ਨੇ 29 ਸਤੰਬਰ ਨੂੰ ਪ੍ਰੈਸ ਦੇ ਨਾ ਜਾਰੀ ਕੀਤੇ ਇੱਕ ਬਿਆਨ ਅੰਦਰ ਆਪਣੀ ਔਖ ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਹੋਇਆਂ ਇਹ ਦੋਸ਼ ਲਾਇਆ ਕਿ ਕਾਂਗਰਸੀ ਹਾਕਮਾਂ ਨੇ ਮਾਸਟਰ ਜੀ ਦੀ ਮੌਤ ਬਾਰੇ ਪਹਿਲਾਂ ਹੀ ਫੈਸਲਾ ਕਰ ਲਿਆ ਹੋਇਆ ਹੈ ਅਤੇ ਉਨ੍ਹਾਂ ਵੱਲੋਂ ਗੱਲਬਾਤ  ਦਾ ਜੋ ਨਾਟਕ ਰਚਿਆ ਜਾ ਰਿਹਾ ਹੈ ਉਸ ਦਾ ਇੱਕ ਮਾਤਰ ਉਦੇਸ਼ ਕੌਮਾਂਤਰੀ  ਲੋਕ ਰਾਇ ਨੂੰ ਗੁੰਮਰਾਹ ਕਰਨਾ ਹੈ। ਇਸ ਕਰਕੇ ਅਕਾਲੀ ਦਲ ਨੇ ਮਹਾਰਾਜਾ ਪਟਿਆਲਾ ਨੂੰ ਇਹ ਸਪੱਸ਼ਟ ਹਦਾਇਤ ਕਰ ਦਿੱਤੀ ਕਿ ਉਹ ਵਿਚੋਲਗਿਰੀ ਦੇ ਯਤਨਾਂ ਨੂੰ ਤੁਰੰਤ ਠੱਪ ਕਰ ਦੇਣ ਪਰ ਬਾਅਦ ਵਿਚ ਜਾ ਕੇ ਜੋ ਤੱਥ ਸਾਹਮਣੇ ਆਏ ਉਨ੍ਹਾਂ ਮੁਤਾਬਿਕ ਨਾਂ ਤਾਂ ਮਹਾਰਾਜਾ ਪਟਿਆਲਾ ਤੇ ਹੋਰਨਾਂ ਨੇਕ ਪੁਰਸ਼ਾਂ  ਨੇ ਆਪਣੇ ਵਿਚੋਲਗਿਰੀ ਦੇ ਯਤਨ  ਠੱਪ ਕੀਤੇ ਅਤੇ ਨਾ ਹੀ ਅਕਾਲੀ ਦਲ ਨੇ ਇਨ੍ਹਾਂ ਯਤਨਾਂ ਲਈ ਆਪਣੇ ਦਰਵਾਜ਼ੇ ਬੰਦ ਕੀਤੇ। ਪੜਦੇ ਪਿੱਛੇ ਮੁਲਾਕਾਤਾਂ ਤੇ ਵਿਚਾਰਾਂ ਚੱਲਦੀਆਂ ਰਹੀਆਂ। ਸ. ਹਰਦਿੱਤ ਸਿੰਘ ਮਲਿਕ ਤੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਪਹਿਲੀ ਅਕਤੂਬਰ ਨੂੰ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰ ਨਾਲ ਇੱਕ ਗੁਪਤ ਮੀਟਿੰਗ ਕੀਤੀ ਜਿਸ ਪਿੱਛੋਂ ਉਹ ਬਾਅਦ ਦੁਪਹਿਰ ਅੰਮ੍ਰਿਤਸਰ ਪਹੁੰਚ ਗਏ। ਅਕਾਲੀ ਦਲ ਦੀ ਵਰਕਿੰਗ ਕਮੇਟੀ ਉਨ੍ਹਾਂ ਦੇ ਪ੍ਰਸਤਾਵ ਉੱਤੇ ਡੇਢ ਘੰਟਾ ਸਿਰ ਜੋੜ ਕੇ ਵਿਚਾਰਾਂ ਕਰਦੀ ਰਹੀ। ਮੀਟਿੰਗ ਤੋਂ ਇਲਾਵਾ ਵੀ ਵਿਸ਼ਵਾਸਪਾਤਰਾਂ ਦੇ ਛੋਟੇ ਦਾਅਰਿਆਂ ਵਿਚ ਗੁਪਤ ਵਾਰਤਾਲਾਪਾਂ ਦੇ ਕਈ ਦੌਰ ਚੱਲੇ। ਸ਼ਾਮ ਦੇ ਸੱਤ ਵੱਜੇ ਸਨ ਜਦੋਂ ਸੰਤ ਫਤਹਿ ਸਿੰਘ ਤੇ ਮਹਾਰਾਜਾ ਪਟਿਆਲਾ ਨੇ ਮਾਸਟਰ ਤਾਰਾ ਸਿੰਘ ਦੇ ਮੂੰਹ ਨੂੰ ਸ਼ਹੀਦ ਘੁਲੇ ਨਿੰਬੂ ਪਾਣੀ ਦਾ ਗਿਲਾਸ ਛੁਹਾ ਕੇ ਮਰਨ ਵਰਤ ਦੇ ਖ਼ਾਤਮੇ ਦਾ ਐਲਾਨ ਕਰ ਦਿੱਤਾ।[19]

ਇਸ ਵਿਚ ਕੋਈ ਸ਼ੱਕ ਨਹੀਂ ਕਿ ਸੰਤ ਫਤਹਿ ਸਿੰਘ ਵਾਂਗ ਹੀ ਮਾਸਟਰ ਤਾਰਾ ਸਿੰਘ

ਨੇ ਵੀ ਆਪਣਾ ਵਚਨ ਪੂਰਾ ਹੋਏ ਬਗੈਰ ਹੀ ਵਰਤ ਤੋੜ ਦਿੱਤਾ ਸੀ। ਉਨ੍ਹਾਂ ਵਚਨ ਇਹ ਕੀਤਾ ਸੀ ਕਿ ਪੰਜਾਬੀ ਸੂਬੇ ਦੀ ਸਥਾਪਨਾ ਤੱਕ ਉਹ ਆਪਣਾ ਵਰਤ ਨਹੀਂ ਤੋੜਨਗੇ ਪਰ ਜਿਸ ਭਰੋਸੇ ਆਸਰੇ ਵਰਤ ਤੋੜਿਆ ਗਿਆ ਉਸ ਵਿਚ ਪੰਜਾਬੀ ਸੂਬਾ ਕਾਇਮ ਕਰਨ ਦਾ ਕੋਈ ਵੀ ਸੰਕੇਤ ਜਾਂ ਜ਼ਿਕਰ ਤੱਕ ਨਹੀਂ ਸੀ। ਵਿਚੋਲਿਆਂ ਨੇ ਸਰਕਾਰ ਦੀ ਤਰਫੋਂ ਸਿਰਫ ਇਹ ਯਕੀਨ (ਉਹ ਵੀ ਜ਼ਬਾਨੀ-ਕਲਾਮੀ ਹੀ) ਦੁਆਇਆ ਸੀ ਕਿ ਸਿੱਖਾਂ ਨਾਲ ਵਿਤਕਰੇਬਾਜ਼ੀ ਦੇ ਦੋਸ਼ਾਂ ਬਾਰੇ ਇੱਕ ਉਚ-ਪੱਧਰੀ ਕਮਿਸ਼ਨ ਨਿਯੁਕਤ ਕੀਤਾ ਜਾਵੇਗਾ। ਨਹਿਰੂ ਅਤੇ ਸ਼ਾਸਤਰੀ  ਦਾ ਇਹ ਕਹਿਣਾ ਸੀ ਕਿ ਏਨੀ ਗੱਲ ਤੋਂ ਇਲਾਵਾ ਉਨ੍ਹਾਂ ਦੀ ਤਰਫੋਂ ਹੋਰ ਨਾ ਕੋਈ ਵਾਅਦਾ ਕੀਤਾ ਗਿਆ ਸੀ ਤੇ ਨਾ ਹੀ ਕੋਈ ਯਕੀਨ ਦੁਆਇਆ ਗਿਆ ਸੀ।[20] ਇਸ ਦੇ ਉਲਟ, ਮਾਸਟਰ ਤਾਰਾ ਸਿੰਘ  ਦਾ ਦਾਅਵਾ ਸੀ ਕਿ ਉਸ ਨੇ ਜ਼ਬਾਨੀ-ਕਲਾਮੀ ਇਹ ਵਿਸ਼ਵਾਸ ਦੁਆਇਆ ਗਿਆ ਸੀ ਕਿ ਕਮਿਸ਼ਨ ਦੇ ਮੈਂਬਰਾਂ ਤੇ ਇਸ ਦੀਆਂ ਮੱਦਾਂ ਸੰਬੰਧੀ  ਨਿਰਣਾ ਉਸ ਦੇ ਸੁਝਾਵਾਂ ਤੇ ਭਾਵਨਾਵਾਂ ਅਨੁਸਾਰ ਹੀ ਹੋਵੇਗਾ। ਜੇਕਰ ਮਾਸਟਰ ਤਾਰਾ ਸਿੰਘ ਦੇ ਇਸ ਦਾਅਵੇ ਨੂੰ ਸੱਚ ਵੀ ਮੰਨ ਲਿਆ ਜਾਵੇ ਤਾਂ ਵੀ ਇਸ ਨਾਲ ਉਨ੍ਹਾਂ ਦੇ ਵਚਨ ਦੀ ਪੂਰਤੀ ਹੋਈ ਨਹੀਂ ਮੰਨੀ ਜਾ ਸਕਦੀ।

ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਅਗਲੇ ਹੀ ਦਿਨ ਭਾਰਤ ਸਰਕਾਰ ਵੱਲੋਂ ਤਜਵੀਜ਼-ਸ਼ੁਦਾ ਕਮਿਸ਼ਨ ਦੀ ਨਿਯੁਕਤੀ ਦਾ ਐਲਾਨ ਹੋ ਗਿਆ। ਜਸਟਿਸ ਐਸ.ਆਰ. ਦਾਸ ਦੀ ਅਗਵਾਈ ਹੇਠ ਕਾਇਮ ਕੀਤੇ ਗਏ ਇਸ ਤਿੰਨ ਮੈਂਬਰੀ ਕਮਿਸ਼ਨ ਦੀ ਬਣਤਰ ਅਤੇ ਮੱਦਾਂ ਨੂੰ ਲੈ ਕੇ ਅਕਾਲੀ ਲੀਡਰਸ਼ਿਪ ਅਤੇ ਸਰਕਾਰ ਵਿਚਾਲੇ ਭਰੋਸੇ ਦਾ ਇੱਕ ਗੰਭੀਰ ਸੰਕਟ ਖੜਾ ਹੋ ਗਿਆ। ਅਕਾਲੀ ਲੀਡਰਸ਼ਿਪ ਅਤੇ ਖਾਸ ਕਰਕੇ ਮਾਸਟਰ ਤਾਰਾ ਸਿੰਘ ਨੂੰ ਇੱਕ ਵਾਰ ਫਿਰ ਕਾਂਗਰਸੀ ਹਾਕਮਾਂ ਹੱਥੋਂ 'ਧੋਖਾ ਅਤੇ ਠੱਗੀ ਖਾ ਜਾਣ' ਦਾ ਸਦਮੇ-ਭਰਿਆ ਅਹਿਸਾਸ ਹੋਇਆ। ਉਨ੍ਹਾਂ ਨੂੰ ਦਿੱਤੇ ਗਏ ਪ੍ਰਭਾਵ ਦੇ ਉਲਟ, ਕਮਿਸ਼ਨ ਅੰਦਰ ਉਹ

ਵਿਅਕਤੀ ਸ਼ਾਮਲ ਕਰ ਲਏ ਗਏ ਜਿਨ੍ਹਾਂ ਦੀ ਨਿਰਪੱਖਤਾ ਬਾਰੇ ਅਕਾਲੀ ਲੀਡਰਸ਼ਿਪ ਨੂੰ ਉੱਕਾ ਹੀ ਕੋਈ ਯਕੀਨ ਨਹੀਂ ਸੀ। ਇਸ ਕਰਕੇ ਅਕਾਲੀ ਦਲ ਨੇ ਇਸ ਕਮਿਸ਼ਨ ਦੇ ਬਾਈਕਾਟ ਦਾ ਫੈਸਲਾ ਕਰ ਲਿਆ।

9 ਫਰਵਰੀ 1962 ਵਿਚ ਦਾਸ ਕਮਿਸ਼ਨ ਨੇ ਕਾਰਵਾਈ ਕਰਨ ਤੋਂ ਬਾਅਦ ਆਪਣੀ ਰਿਪੋਰਟ ਪੇਸ਼ ਕੀਤੀ। ਜਿਸ ਵਿਚ ਸਿੱਖਾਂ ਨਾਲ ਵਿਤਕਰੇ ਦੇ ਦੋਸ਼ਾਂ ਨੂੰ 'ਆਧਾਰਹੀਣ' ਦੱਸਦਿਆਂ ਹੋਇਆ, ਪੰਜਾਬੀ ਸੂਬੇ ਦੀ ਮੰਗ ਨੂੰ ਖਾਸ ਕਰਕੇ ਇਸ ਸੰਬੰਧੀ ਮਾਸਟਰ ਤਾਰਾ ਸਿੰਘ ਦੇ ਵਿਚਾਰਾਂ ਨੂੰ ਪੜਚੋਲ ਅਤੇ ਭੰਡੀ ਪ੍ਰਚਾਰ ਦਾ ਨਿਸ਼ਾਨਾ ਬਣਾਇਆ ਗਿਆ।[21]

ਅਕਾਲੀ ਸਫ਼ਾਂ ਅੰਦਰ ਮਾਸਟਰ ਤਾਰਾ ਸਿੰਘ ਦੀ ਕਾਬਲੀਅਤ ਅਤੇ ਸੁਹਿਰਦਤਾ ਬਾਰੇ ਮੁੜ ਤਿੱਖੇ ਸੁਆਲ ਅਤੇ ਸ਼ੰਕੇ ਪੈਦਾ ਹੋ ਉਠੇ। ਅਜਿਹੇ ਹੀ ਮਾਹੌਲ ਵਿਚ ਮਾਸਟਰ ਤਾਰਾ ਸਿੰਘ ਉੱਤੇ ਵਚਨ ਤੋੜਨ ਦੇ ਲਗ ਰਹੇ ਇਲਜ਼ਾਮਾਂ ਦਾ ਮਸਲਾ ਪੰਜਾਂ ਪਿਆਰਿਆਂ ਦੇ ਹਵਾਲੇ ਕਰ ਦਿੱਤਾ ਗਿਆ। ਪੰਜ ਪਿਆਰਿਆਂ ਮਾਸਟਰ ਤਾਰਾ ਸਿੰਘ ਨੂੰ ਆਪਣਾ ਵਚਨ ਤੋੜਨ ਦਾ ਦੋਸ਼ੀ ਕਰਾਰ ਦੇ ਦਿੱਤਾ ਅਤੇ ਇਸ ਦੋਸ਼ ਬਦਲੇ ਉਸ ਨੂੰ, ਸਿੱਖ ਮਰਿਆਦਾ ਮੁਤਾਬਕ, ਕਰੜੀ ਤਨਖਾਹ ਲਾਈ ਗਈ। ਇਸ ਦੇ ਨਾਲ ਹੀ, ਸੰਤ ਫਤਹਿ ਸਿੰਘ (ਤੇ 8 ਹੋਰਨਾਂ ਵਰਕਿੰਗ ਕਮੇਟੀ ਮੈਂਬਰਾਂ ਨੂੰ ਵੀ, ਮਾਸਟਰ ਜੀ ਨੂੰ ਵਰਤ ਤੋੜਨ ਦੀ ਸਲਾਹ ਦੇਣ ਅਤੇ ਜੂਸ ਪਿਲਾਉਣ ਦੇ ਦੋਸ਼ ਬਦਲੇ ਮਾਮੂਲੀ ਸਜ਼ਾ ਸੁਣਾਈ ਗਈ।

ਉਸ ਸਮੇਂ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਦਾ ਸਮਾਂ ਆ ਗਿਆ। ਸੰਤ ਫਤਹਿ ਸਿੰਘ ਪੱਖੀ ਧੜਾ ਮਾਸਟਰ ਤਾਰਾ ਸਿੰਘ ਨੂੰ ਕਿਸੇ ਵੀ ਸੂਰਤ ਮੁੜ ਪ੍ਰਧਾਨ ਬਣਿਆ ਨਹੀਂ ਸੀ ਦੇਖਣਾ ਚਾਹੁੰਦਾ ਪਰ ਜਨਰਲ ਹਾਊਸ ਅੰਦਰ ਉਨ੍ਹਾਂ ਕੋਲ ਸਪੱਸ਼ਟ ਬਹੁਗਿਣਤੀ ਨਹੀਂ ਸੀ। ਇਸ ਕਰਕੇ ਉਹ ਇਹ ਕਹਿ ਕੇ ਚੋਣ ਦੇ ਅਮਲ ਦਾ ਬਾਈਕਾਟ ਕਰ ਦਿੱਤਾ ਕਿ ਮਾਸਟਰ ਤਾਰਾ ਸਿੰਘ ਦੀ ਚੋਣ ਪੰਜਾਂ ਪਿਆਰਿਆਂ ਦੇ ਫਤਵੇ ਦੀ ਸਪੱਸ਼ਟ ਉਲੰਘਣਾ ਹੈ ਪਰ

ਮਾਸਟਰ ਤਾਰਾ ਸਿਘ ਦੇ ਧੜੇ ਨੇ ਇਸ ਦਲੀਲ ਨੂੰ ਨਾਮਨਜ਼ੂਰ ਕਰਦਿਆਂ ਹੋਇਆ, ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਹੀ ਮਾਸਟਰ ਤਾਰਾ ਸਿੰਘ ਨੂੰ ਸ਼੍ਰੋਮਣੀ ਕਮੇਟੀ ਦਾ ਮੁੜ ਪ੍ਰਧਾਨ ਚੁਣ ਲਿਆ। ਇਸ ਤਰ੍ਹਾਂ ਤਕਨੀਕੀ ਤੌਰ ਤੇ ਭਾਵੇਂ ਮਾਸਟਰ ਤਾਰਾ ਸਿੰਘ ਦੀ ਚੋਣ ਨੂੰ ਗਲਤ ਜਾਂ ਗੈਰ-ਕਾਨੂੰਨੀ ਨਹੀਂ ਸੀ ਠਹਿਰਾਇਆ ਜਾ ਸਕਦਾ ਪਰ ਹਕੀਕਤ ਇਹ ਸੀ ਕਿ ਅਕਾਲੀ ਦਲ ਅਮਲੀ ਤੌਰ 'ਤੇ ਦੋਫਾੜ ਹੋ ਚੁੱਕਾ ਸੀ। ਇਸ ਦਾ ਰਸਮੀ ਐਲਾਨ ਕਰਨਾ ਹੀ ਬਾਕੀ ਰਹਿ ਗਿਆ ਸੀ।

ਅਜਿਹੀ ਹਾਲਤ ਵਿਚ ਰਸਮੀ ਦੋਫਾੜ ਲਈ ਕੋਈ ਮਾਮੂਲੀ ਮੌਕਾ ਤੇ ਬਹਾਨਾ ਹੀ ਚਾਹੀਦਾ ਹੁੰਦਾ ਹੈ। ਅਕਾਲੀ ਦਲ ਅੰਦਰ ਇਹ ਬਹਾਨਾ ਉਸ ਵੇਲੇ ਜੁੜ ਗਿਆ ਜਦ ਮਾਸਟਰ ਤਾਰਾ ਸਿੰਘ ਨੇ 8 ਜੂਨ (1962) ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਮੀਟਿੰਗ ਅੰਦਰ ਸੰਤ ਫਤਹਿ ਸਿੰਘ ਦੇ ਦੋ ਵਿਸ਼ਪਾਸਪਾਤਰਾਂ ਜੀਵਨ ਸਿੰਘ ਉਮਰਾਨੰਗਲ ਤੇ ਲਛਮਣ ਸਿੰਘ ਗਿੱਲ- ਦੇ ਵਿਰੁੱਧ ਜ਼ਾਬਤੇ ਦੀ ਕਾਰਵਾਈ ਕਰਨ ਦਾ ਨਿਰਣਾ ਕਰ ਲਿਆ। ਇਸ ਉਪਰੰਤ ਸੰਤ ਫਤਹਿ ਸਿੰਘ ਦੀ ਅਗਵਾਈ ਹੇਠਲੇ ਧੜੇ ਨੇ 22 ਜੁਲਾਈ 1962 ਨੂੰ ਮੁਲਾਂਪੁਰ ਵਿਖੇ ਆਪਣੀ ਇੱਕ ਵੱਖਰੀ ਕਨਵੈਨਸ਼ਨ ਬੁਲਾ ਕੇ ਅਕਾਲੀ ਦਲ ਅੰਦਰ ਦੁਫੇੜ ਦਾ ਰਸਮੀ ਐਲਾਨ ਕਰ ਦਿੱਤਾ। ਇਸ ਤਰ੍ਹਾਂ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦੀ ਅਗਵਾਈ ਹੇਠ ਦੋ ਅਲੱਗ-ਅਲੱਗ ਅਕਾਲੀ ਦਲ ਵਿਚਰਨ ਲੱਗ ਪਏ।

ਅਕਾਲੀ ਦਲ ਅੰਦਰ ਪਈ ਇਹ ਦੁਫੇੜ ਕੋਈ ਮਾਮੂਲੀ ਘਟਨਾ ਨਹੀਂ ਸੀ। ਇਸ ਦੁਫੇੜ ਦਾ ਆਧਾਰ ਤੇ ਇਸਦੇ ਸਿੱਖ ਰਾਜਨੀਤੀ ਉੱਤੇ ਪੈਣ ਵਾਲੇ ਪ੍ਰਭਾਵ ਵੱਡੀ ਰਾਜਸੀ ਅਹਿਮੀਅਤ ਰੱਖਦੇ ਸਨ। ਇਸ ਦੁਫੇੜ ਨਾਲ ਅਕਾਲੀ ਰਾਜਨੀਤੀ ਅੰਦਰ ਸਪੱਸ਼ਟ ਰੂਪ ਵਿਚ ਮੁਕਾਬਲੇ ਦੀਆਂ ਦੋ ਧਾਰਾਵਾਂ ਹੋਂਦ ਵਿਚ ਆ ਗਈਆਂ। ਇਨ੍ਹਾਂ ਵਿਚੋਂ ਕਿਹੜੀ ਜੇਤੂ ਹੋ ਕੇ ਨਿਕਲਦੀ ਹੈ ਅਤੇ ਕਿਹੜੀ ਪਛਾੜ ਖਾ ਜਾਂਦੀ ਹੈ, ਇਸ ਗੱਲ ਨੇ ਅਕਾਲੀ ਰਾਜਨੀਤੀ ਦੇ

ਭਵਿੱਖ ਦਾ ਨਿਤਾਰਾ ਕਰਨਾ ਸੀ।

ਪੰਜਾਬੀ ਸੂਬੇ ਦਾ ਗਠਨ ਅਕਾਲੀ ਦਲ ਵੱਲੋਂ ਲੜੀ ਗਈ ਲੰਬੀ ਲੜਾਈ ਦਾ ਨਤੀਜਾ ਸੀ। ਪੰਜਾਬੀ ਸੂਬਾ ਬਣਨ ਨਾਲ ਪੰਜਾਬ ਦੀ ਰਾਜੀਨੀਤੀ ਦਾ ਡੂੰਘਾ ਪ੍ਰਭਾਵ ਪਿਆ। ਬੇਸ਼ਕ ਪੰਜਾਬੀ ਸੂਬੇ ਦੀ ਉਹ ਰੂਪ ਰੇਖਾ ਨਹੀਂ ਜੋ ਅਕਾਲੀ ਦਲ ਮੰਗ ਕਰਦਾ ਸੀ। ਅਕਾਲੀ ਦਲ ਸਿੱਖ ਰਾਜ ਦੇ ਪੱਖ ਵਿਚ ਸੀ। ਆਜ਼ਾਦੀ ਮਿਲਣ ਤੱਕ ਅਕਾਲੀ ਦਲ ਦਾ ਰਾਜਨੀਤਿਕ ਨਿਸ਼ਾਨਾ ਸਿੱਖ ਰਾਜ ਨੂੰ ਬਣਾਉਣਾ ਸੀ। ਆਜ਼ਾਦੀ ਮਿਲਣ ਤੋਂ ਬਾਅਦ ਅਕਾਲੀ ਦਲ ਨੇ ਆਪਣੇ ਨਿਸ਼ਾਨੇ ਨੂੰ ਪੂਰਨ ਤੌਰ ਤੇ ਬਦਲ ਲਿਆ। ਅਕਾਲੀ ਦਲ ਦੇ ਪ੍ਰਮੁੱਖ ਲੀਡਰ ਮਾਸਟਰ ਤਾਰਾ ਸਿੰਘ ਨੇ ਕਿਹਾ, "ਸਿੱਖ ਰਾਜ ਦੀ ਕੋਈ ਵੀ ਮੰਗ ਕਰਨਾ ਨਿਰਾ ਪਾਗਲਪਨ ਹੈ। ਮੈਂ ਕਈ ਵਾਰ ਦ੍ਰਿੜ੍ਹਤਾ ਨਾਲ ਕਹਿ ਚੁੱਕਾ ਹਾਂ ਜੇਕਰ ਸਾਨੂੰ ਸਿੱਖ ਰਾਜ ਦੀ ਪੇਸ਼ਕਸ਼ ਵੀ ਕੀਤੀ ਜਾਂਦੀ ਹੈ ਤਾਂ ਮੈਂ ਇਸਨੂੰ ਲੈਣ ਤੋਂ ਇਨਕਾਰ ਕਰ ਦੇਵਾਂਗਾ।"[22]

ਸਿੱਖ ਵਿਚਾਰਧਾਰਾ ਦਾ ਮੁੱਖ ਸਿਧਾਂਤ ਸਿੱਖਾਂ ਵਿਚ ਧਰਮ ਅਤੇ ਰਾਜਨੀਤੀ ਅਲੱਗ-ਅਲੱਗ ਨਹੀਂ ਹੈ ਸਗੋਂ ਸਿੱਖ ਆਪਣੀ ਹਰ ਵਾਰੀ ਰਾਜਨੀਤਿਕ ਲੜਾਈ ਧਰਮ ਦੇ ਆਧਾਰ ਤੇ ਲੜਦੇ ਰਹੇ ਹਨ। ਰਾਜਨੀਤਿਕ ਸਮੱਸਿਆ ਦੇ ਹੱਲ ਲਈ ਧਰਮ ਨੂੰ ਸਾਧਨ ਦੇ ਤੌਰ ਤੇ ਵਰਤਿਆ ਜਾਂਦਾ। ਪੰਜਾਬੀ ਸੂਬੇ ਦੀ ਮੰਗ ਦਾ ਵਿਰੋਧ ਬਹੁਗਿਣਤੀ ਹਿੰਦੂ ਕਰਦੇ ਸਨ। ਉਨ੍ਹਾਂ ਮੁਤਾਬਿਕ ਇਹ ਮੰਗ ਬਿਲਕੁਲ ਫਿਰਕੂ ਸੀ ਪਰੰਤੂ ਅਕਾਲੀ ਦਲ ਆਪਣੀ ਮੰਗ ਤੇ ਡਟਿਆ ਰਿਹਾ। ਜਿਸਦੇ ਸਿੱਟੇ ਵਜੋਂ ਪੰਜਾਬ ਰਾਜ ਦੀ ਸਥਾਪਨਾ ਹੋਈ। ਪੰਜਾਬੀ ਸੂਬੇ ਦਾ ਬਣਨਾ ਪੰਜਾਬ ਦੀ ਰਾਜਨੀਤੀ ਵਿਚ ਇੱਕ ਮਹੱਤਵਪੂਰਨ ਘਟਨਾ ਸੀ। ਜਿਸਦਾ ਪੰਜਾਬ ਦੀ ਸਮਾਜਿਕ ਬਣਤਰ, ਆਰਥਿਕਤਾ ਅਤੇ ਰਾਜਨੀਤੀ ਉਪਰ ਅਸਰ ਦਿਖਣਾ ਲਾਜ਼ਮੀ ਸੀ। ਸਭ ਤੋਂ ਪੰਜਾਬੀ ਸੂਬਾ ਬਣਨ ਨਾਲ ਇਸਦਾ ਆਕਾਰ ਅਤੇ ਬਣਤਰ ਬਹੁਤ ਘੱਟ ਗਈ। ਆਕਾਰ ਅਤੇ ਬਣਤਰ ਘਟਨ ਨਾਲ ਆਰਥਿਕਤਾ ਤੇ ਬੁਰਾ ਪ੍ਰਭਾਵ ਪਿਆ। ਪੰਜਾਬੀ ਨਾਲ ਸੰਬੰਧਿਤ

ਪਹਾੜੀ ਇਲਾਕੇ ਜੋ ਕਿ ਜੰਗਲ ਸੀ ਹਿਮਾਚਲ ਨੂੰ ਚਲੇ ਗਏ। ਪੰਜਾਬੀ ਦੀ ਇੰਡਸਟਰੀ ਜੋ ਕਿ ਫਰੀਦਾਬਾਦ ਸੀ ਹਰਿਆਣੇ ਨੂੰ ਚਲੀ ਗਈ ਤੇ ਸਭ ਤੋਂ ਵੱਡੀ ਸੱਟ ਭਾਖੜਾ ਡੈਮ ਦਾ ਪ੍ਰਬੰਧ ਸਾਂਝੇ ਕੰਟਰੋਲ ਵਿਚ ਚਲਾ ਗਿਆ। ਦੂਜਾ ਸਮਾਜਿਕ ਬਣਤਰ ਵਿਚ ਵੱਡੀ ਤਬਦੀਲੀ ਆਈ। ਪੰਜਾਬ ਦੇ ਪੁਨਰ ਗਠਨ ਤੋਂ ਪਹਿਲਾਂ ਦੀ ਕੁੱਲ ਆਬਾਦੀ ਵਿਚ ਹਿੰਦੂ 63.3 ਪ੍ਰਤਿਸ਼ਤ ਅਤੇ ਸਿੱਖ 33.4 ਪ੍ਰਤਿਸ਼ਤ ਸਨ। ਪੰਜਾਬੀ ਸੂਬਾ ਬਣਨ ਤੋਂ ਬਾਅਦ ਸਿੱਖ ਬਹੁਮਤ ਵਿਚ ਆ ਗਏ। ਪੰਜਾਬ ਭਾਰਤ ਦਾ ਇੱਕ ਅਜਿਹਾ ਸੂਬਾ ਬਣ ਗਿਆ। ਜਿੱਥੇ ਸਿੱਖ ਬਹੁਮਤ ਵਿਚ ਆ ਗਏ।[23]

ਪੰਜਾਬੀ ਸੂਬੇ ਦੀ ਸਥਾਪਨਾ ਨਾਲ ਰਾਜਨੀਤੀ ਦੇ ਖੇਤਰ ਵਿਚ ਭਾਰੀ ਅਸਰ ਪਿਆ ਪੰਜਾਬ ਵਿਚ ਸਭ ਤੋਂ ਵੱਧ ਲਾਭ ਅਕਾਲੀ ਦਲ ਨੂੰ ਹੋਇਆ। ਜੋ ਕਿ ਕਦੇ ਵੀ ਰਾਜਨੀਤਿਕ ਸੱਤਾ ਵਿਚ ਆਉਣ ਦੀ ਸੋਚ ਨਹੀਂ ਸਕਦੇ ਸਨ ਪਰੰਤੂ 1967 ਤੋਂ ਲੈ ਹੁਣ ਤੱਕ ਅਕਾਲੀ ਦਲ ਸੱਤਾ ਦਾ ਆਨੰਦ ਮਾਣਦਾ ਆ ਰਿਹਾ ਹੈ ਭਾਵੇਂ ਕਿ ਇਸਦੀ ਸਾਂਝ ਹਿੰਦੂਵਾਦੀ ਸੋਚ ਵਾਲੀ ਪਾਰਟੀ ਨਾਲ ਹੈ।

ਪੰਜਾਬ ਦੇ ਪੁਨਰਗਠਨ ਦਾ ਦੂਜਾ ਰਾਜਨੀਤਿਕ ਪ੍ਰਭਾਵ ਇਹ ਹੋਇਆ ਕਿ ਗੁਆਂਢੀ ਰਾਜਾਂ ਨਾਲ ਪੰਜਾਬੀ ਬੋਲਦੇ ਇਲਾਕਿਆਂ ਅਤੇ ਪਾਣੀਆਂ ਸੰਬੰਧੀ ਝਗੜੇ ਸ਼ੁਰੂ ਹੋ ਗਏ। ਅਕਾਲੀ ਦਲ ਵੱਲੋਂ ਪੰਜਾਬ ਲਈ ਵਧੇਰੇ ਅਧਿਕਾਰਾਂ ਦੀ ਮੰਗ ਕਰਨਾ ਵੀ ਪੰਜਾਬ ਦੇ ਪੁਨਰਗਠਨ ਦਾ ਹੀ ਸਿੱਟਾ ਹੈ। ਵਧੇਰੇ ਅਧਿਕਾਰਾਂ ਦੀ ਮੰਗ ਲਈ ਬਟਾਲਾ ਅਤੇ ਆਨੰਦਪੁਰ ਸਾਹਿਬ ਵਿਖੇ ਮਤੇ ਵੀ ਪਾਸ ਕੀਤੇ ਗਏ। ਪੰਜਾਬੀ ਸੂਬਾ ਬਣਨ ਨਾਲ ਰਾਜ ਵਿਚ ਮਿਲਿਆਂ-ਜੁਲੀਆਂ ਸਰਕਾਰਾਂ ਦੀ ਰਾਜਨੀਤੀ ਦਾ ਜਨਮ ਹੋਇਆ। ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਪ੍ਰਭਾਵਸ਼ਾਲੀ ਪਾਰਟੀ ਵਜੋਂ ਉਭਰੀ। ਬਿਨਾਂ ਸ਼ੱਕ ਗੈਰ ਕਾਂਗਰਸੀ ਸਰਕਾਰਾਂ ਦੀ ਅਗਵਾਈ ਕਰਦੀ ਰਹੀ। ਪਹਿਲੀ ਸਾਂਝਾ ਸਰਕਾਰ 8 ਮਾਰਚ 1967 ਤੋਂ 24 ਨਵੰਬਰ

1967 ਤੱਕ ਗੁਰਨਾਮ ਸਿੰਘ ਦੀ ਅਗਵਾਈ ਵਿਚ ਬਣੀ। 23 ਨਵੰਬਰ 1967 ਵਿਧਾਨ ਸਭਾ ਸਰਦੀ ਦੇ ਸੈਸ਼ਨ ਦੇ ਪਹਿਲੇ ਦਿਨ ਤੇ ਸਿੱਖਿਆ ਮੰਤਰੀ ਲਛਮਣ ਸਿੰਘ ਗਿੱਲ ਸਾਂਝੇ ਫਰੰਟ ਨੂੰ ਛੱਡ ਗਿਆ ਅਤੇ ਸਰਦਾਰ ਗੁਰਨਾਮ ਸਿੰਘ ਤੋਂ ਬਾਅਦ ਸ੍ਰ. ਲਛਮਣ ਸਿੰਘ ਗਿੱਲ ਕਾਂਗਰਸ ਦੀ ਸੁਪੋਟ ਨਾਲ ਮੁੱਖ ਮੰਤਰੀ ਬਣੇ। 22 ਅਗਸਤ 1968 ਨੂੰ ਕਾਂਗਰਸ ਨੇ ਆਪਣਾ ਸਮਰਪਣ ਵਾਪਸ ਲੈ ਲਿਆ ਅਤੇ ਲਛਮਣ ਸਿੰਘ ਗਿੱਲ ਦੀ ਸਰਕਾਰ ਡਿੱਗ ਪਈ। 23 ਅਗਸਤ 1968 ਨੂੰ ਰਾਜ ਵਿਚ ਰਾਸ਼ਟਰਪਤੀ ਲਾਗੂ ਹੋ ਗਿਆ। 9 ਫਰਵਰੀ 1969 ਨੂੰ ਪੰਜਾਬ ਰਾਜ ਵਿਚ ਮੱਧਕਾਲੀਨ ਅਸੈਂਬਲੀ ਚੋਣਾਂ ਹੋਈਆਂ ਇਨ੍ਹਾਂ ਚੋਣਾਂ ਵਿਚ ਅਕਾਲੀ ਜਨ ਸੰਘ 103 ਅਸੈਂਬਲੀ ਸੀਟਾਂ ਵਿਚੋਂ 51 ਸੀਟਾਂ ਜਿਨ੍ਹਾਂ ਵਿਚੋਂ 43 ਅਕਾਲੀ ਦਲ ਅਤੇ 8 ਜਨ ਸੰਘ ਨੇ ਪ੍ਰਾਪਤ ਕੀਤੀਆਂ। ਅਕਾਲੀ ਜਨ ਸੰਘ ਨੇ ਦੋ ਆਜ਼ਾਦ ਉਮੀਦਵਾਰਾਂ ਦੀ ਮਦਦ ਨਾਲ ਇੱਕ ਵਾਰ ਫਿਰ ਗੁਰਨਾਮ ਸਿੰਘ ਦੀ ਅਗਵਾਈ ਥੱਲੇ 17 ਫਰਵਰੀ 1969 ਨੂੰ ਮਿਲੀ ਜੁਲੀ ਸਰਕਾਰ ਬਣਾਈ। ਜੋ ਕਿ 27 ਮਾਰਚ 1970 ਤੱਕ ਚੱਲੀ । ਅਕਾਲੀ ਦਲ ਦੀ ਆਪਸੀ ਗੁੱਟਬੰਦੀ ਕਰਕੇ 26 ਮਾਰਚ 1970 ਨੂੰ ਸ੍ਰ. ਗੁਰਨਾਮ ਸਿੰਘ ਨੇ ਅਸਤੀਫਾ ਦੇ ਦਿੱਤਾ। 27 ਮਾਰਚ 1970 ਤੋਂ 14 ਜੂਨ 1971 ਤੱਕ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਥੱਲੇ ਅਕਾਲੀ ਜਨ ਸੰਘ ਸਰਕਾਰ ਬਣੀ। ਸ. ਪ੍ਰਕਾਸ਼ ਸਿੰਘ ਬਾਦਲ ਨੇ ਸਰਕਾਰ ਬਣਨ ਤੋਂ ਬਾਅਦ ਇਹ ਬਿਆਨ ਦਿੱਤਾ ਕਿ ਸਰਕਾਰ ਲੋਕਾਂ ਦੇ ਵਿਸ਼ਵਾਸ ਤੇ ਬਣੀ ਹੈ ਤੇ ਉਸਦਾ ਪਹਿਲਾ ਕੰਮ ਰਾਜ ਵਿਚ ਫਿਰਕੂ ਅਤੇ ਇਕਸੁਰਤਾ ਅਤੇ ਪੂਰਨ ਹਿੰਦੂ ਸਿੱਖ ਏਕਤਾ ਬਹਾਲ ਕਰਨਾ ਹੋਵੇਗਾ।[24]

24 ਜੁਲਾਈ 1970 ਨੂੰ ਜਨ ਸੰਘ ਅਤੇ ਸੀਪੀਆਈ ਵੱਲੋਂ ਸਮਰਪਨ ਵਾਪਸ ਲੈਣ ਨਾਲ ਬਾਦਲ ਸਰਕਾਰ ਤੇ ਸੰਕਟ ਛਾ ਗਏ ਪਰੰਤੂ ਇਹ ਸਰਕਾਰ ਕਾਂਗਰਸ ਦੇ ਸਮਰਥਨ ਨਾਲ 14 ਜੂਨ 1971 ਤੱਕ ਚੱਲੀ। ਕਿਉਂਕਿ ਕਾਂਗਰਸ ਸ. ਬਾਦਲ ਦੀ ਥਾਂ ਸ. ਗੁਰਨਾਮ

ਸਿੰਘ ਨੂੰ ਮੁੱਖ ਮੰਤਰੀ ਬਣਾਉਣਾ ਚਾਹੁੰਦੀ ਸੀ। ਸ੍ਰ. ਬਾਦਲ ਨੇ ਵਿਧਾਨ ਸਭਾ ਭੰਗ ਕਰਨ ਲਈ ਸਿਫਾਰਸ਼ ਕਰ ਦਿੱਤੀ ਅਤੇ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ। ਫਰਵਰੀ 1972 ਵਿਚ ਗਿਆਨੀ ਜ਼ੈਲ ਸਿੰਘ ਦੀ ਅਗੁਵਾਈ ਥੱਲੇ ਸਰਕਾਰ ਬਣੀ ਅਤੇ ਅਕਾਲੀ ਦਲ ਸੱਤਾ ਤੋਂ ਲਾਂਬੇ ਹੋ ਗਿਆ। ਅਕਾਲੀ ਜਨਤਾ ਸਾਂਝੀ ਸਰਕਾਰ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ 26 ਜੂਨ 1970 ਤੋਂ 17 ਫਰਵਰੀ 1980 ਤੱਕ ਰਹੀ। 1980 ਤੋਂ ਬਾਅਦ ਅਕਾਲੀ ਦਲ ਫੇਰ ਸੱਤਾ ਤੋਂ ਲਾਂਬੇ ਹੋ ਗਿਆ ਅਤੇ ਕਾਂਗਰਸ ਦੀ ਸਰਕਾਰ ਦਰਬਾਰਾਂ ਸਿੰਘ ਦੀ ਅਗਵਾਈ ਥੱਲੇ ਬਣੀ। ਪੰਜਾਬ ਵਿਚ ਅੱਤਵਾਦ ਦੀ ਸਮੱਸਿਆਵਾਂ ਹੋਣ ਕਰਕੇ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵੱਧ ਰਹੇ ਪ੍ਰਭਾਵ ਕਰਕੇ ਕਾਂਗਰਸ ਨੇ ਆਪਣੀ ਹੀ ਸਰਕਾਰ ਡਿਸਮਿਸ਼ ਕਰ ਦਿੱਤੀ। ਇਸ ਤੋਂ ਬਾਅਦ ਰਾਜੀਵ ਲੋਂਗੋਵਾਲ ਦੇ ਸਮਝੌਤੇ ਨਾਲ ਪੰਜਾਬ ਦੀ ਸਮੱਸਿਆ ਨੂੰ ਸਮਝਾਉਣਾ ਦਾ ਉਪਰਾਲਾ ਕੀਤਾ ਗਿਆ। 1985 ਵਿਚ ਸ੍ਰ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਪੂਰਨ ਬਹੁਮੱਤ ਵਾਲੀ ਅਕਾਲੀ ਦਲ ਦੀ ਸਰਕਾਰ ਬਣੀ। ਇਸ ਤੋਂ ਬਾਅਦ ਫਰਵਰੀ 1992 ਵਿਚ ਅਕਾਲੀ ਦਲ ਨੇ ਚੋਣਾਂ ਦਾ ਬਾਈਕਾਟ ਕੀਤਾ। ਜਿਸ ਕਰਕੇ ਸ. ਬੇਅੰਤ ਸਿੰਘ ਦੀ ਅਗਵਾਈ ਥੱਲੇ ਕਾਂਗਰਸ ਦੀ ਸਰਕਾਰ ਬਣੀ। ਫਰਵਰੀ 1997 ਤੋਂ 2002 ਤੱਕ ਅਤੇ ਫਰਵਰੀ 2007 ਤੋਂ ਲੈ ਕੇ ਹੁਣ ਤੱਕ ਸ. ਪ੍ਰਕਾਸ਼ ਸਿੰਘ ਦੀ ਅਗਵਾਈ ਥੱਲੇ ਅਕਾਲੀ ਦਲ ਬੀਜੇਪੀ ਗਠਜੋੜ ਸਰਕਾਰ ਚੱਲ ਰਹੀ ਹੈ। ਫਰਵਰੀ 2002 ਤੋਂ ਫਰਵਰੀ 2007 ਤੱਕ ਸ੍ਰ. ਅਮਰਿੰਦਰ ਸਿੰਘ ਦੀ ਅਗਵਾਈ ਥੱਲੇ ਕਾਂਗਰਸ ਦੀ ਸਰਕਾਰ ਬਣੀ।

ਪੰਜਾਬ ਦੀ ਰਾਜਨੀਤੀ ਵਿਚ ਧਰਮ ਦਾ ਬਹੁਤ ਮਹੱਤਵਪੂਰਨ ਰੋਲ ਹੈ, ਪੰਜਾਬ ਦੇ ਲੋਕਾਂ ਦਾ ਰਾਜਨੀਤਿਕ ਵਿਵਹਾਰ ਧਾਰਮਿਕ ਸੋਚ ਤੋਂ ਹੀ ਪ੍ਰਭਾਵਿਤ ਹੈ। ਪੰਜਾਬ ਦੀ ਰਾਜਨੀਤੀ ਵਿਚ ਜਦੋਂ ਵੀ ਅਕਾਲੀ ਧੜਿਆਂ ਵਿਚ ਸੱਤਾ ਲਈ ਸੰਘਰਸ਼ ਹੁੰਦਾ ਹੈ ਤਾਂ ਅਸਲੀ ਅਕਾਲੀ ਦਲ ਉਸੇ ਨੂੰ ਹੀ ਕਿਹਾ ਜਾਂਦਾ ਹੈ ਜਿਸ ਕੋਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਦੀ ਸੱਤਾ ਹੁੰਦੀ ਹੈ। ਸ੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਨਿਯੁਕਤੀ ਅਕਾਲੀ ਦਾ ਪ੍ਰਧਾਨ ਹੀ ਕਰਦਾ ਹੈ। ਭਾਵੇਂ ਕਿ ਦਿਖਾਉਣ ਨੂੰ ਲੋਕਤੰਤਰੀ ਪਰੰਪਰਾ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਹੀ ਪ੍ਰਧਾਨ ਦੀ ਚੋਣ ਕਰਦੇ ਹਨ। ਸ਼੍ਰੋਮਣੀ ਕਮੇਟੀ ਮੈਂਬਰ ਅਕਾਲੀ ਦਲ ਦੇ ਚੋਣ ਨਿਸ਼ਾਨ ਤੇ ਚੋਣ ਨਹੀਂ ਲੜਦੇ ਪਰੰਤੂ ਮੈਂਬਰਾਂ ਦੀ ਚੋਣ ਸ਼੍ਰੋਮਣੀ ਅਕਾਲੀ ਦਲ ਹੀ ਕਰਦਾ ਹੈ ਕਿ ਕਿਸਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਦੀ ਚੋਣ ਲੜਾਉਣੀ ਹੈ ਜਾਂ ਨਹੀਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਮਿਨੀ ਪਾਰਲੀਮੈਂਟ ਦੇ ਤੌਰ ਤੇ ਜਾਣੀ ਜਾਂਦੀ ਹੈ ਅਤੇ ਇਹ ਪੰਜਾਬ ਦੀ ਰਾਜਨੀਤੀ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸਦੀ ਰਾਜਨੀਤੀ ਵਿਵਸਥਾ ਵੀ ਇਹੀ ਹੈ ਕਿ ਇਸਦੀਆਂ ਚੋਣਾਂ ਰਾਜਨੀਤਿਕ ਪਾਰਟੀਆਂ ਦੁਆਰਾ ਬਕਾਇਦਾ ਧਾਰਮਿਕ ਅਤੇ ਰਾਜਨੀਤਿਕ ਮੁੱਦਿਆਂ ਤੇ ਲੜੀਆਂ ਜਾਂਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੀ ਇਸ ਦੀ ਅਹਿਮਅਤ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਤੋਂ ਬਿਨਾਂ ਸ਼੍ਰੋਮਣੀ ਅਕਾਲੀ ਦੀ ਸੱਤਾ ਲਗਭਗ ਅਸੰਭਵ ਨਜ਼ਰ ਆਉਂਦੀ ਹੈ ਸ਼੍ਰੋਮਣੀ ਅਕਾਲੀ ਦਲ ਪੂਰਨ ਤੌਰ ਤੇ ਧਰਮ ਨੂੰ ਆਧਾਰ ਬਣਾ ਕੇ ਰਾਜਨੀਤੀ ਕਰਦਾ ਹੈ। ਸਿੱਖ ਮੱਤ ਧਰਮ ਅਤੇ ਰਾਜਨੀਤੀ ਦੀ ਅਖੰਡਤਾ ਵਿਚ ਵਿਸ਼ਵਾਸ ਰੱਖਦਾ ਹੈ। ਸਿੱਖ ਧਰਮ ਅਨੁਸਾਰ ਰਾਜਨੀਤੀ ਨੂੰ ਧਰਮ ਤੋਂ ਵੱਖ ਕਰਕੇ ਨਹੀਂ ਚਲਾਇਆ ਜਾ ਸਕਦਾ ਅਤੇ ਧਰਮ ਦਾ ਰਾਜਨੀਤਿਕ ਸੱਤਾ ਹਾਸਿਲ ਕੀਤੇ ਬਿਨਾਂ ਵਿਕਾਸ ਨਹੀਂ ਹੋ ਸਕਦਾ ਅਤੇ ਰਾਜਨੀਤੀ ਦੀ ਅਭਿੰਨਤਾ ਦਾ ਸਿਧਾਂਤ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਨਾਲ ਹੋਇਆ ਮੀਰੀ ਦੀ ਤਲਵਾਰ ਰਾਜਨੀਤਿਕ ਸੱਤਾ ਦੀ ਪ੍ਰਤੀਕ ਸੀ ਅਤੇ ਪੀਰੀ ਦੀ ਤਲਵਾਰ ਧਾਰਮਿਕ ਸ਼ਕਤੀ ਦੀ ਪ੍ਰਤੀਕ ਸੀ। ਧਾਰਮਿਕ ਅਤੇ ਰਾਜਨੀਤੀ ਗਤੀਵਿਧੀਆਂ ਨੂੰ ਇੱਕ ਥਾਂ ਚਲਾਉਣ ਲਈ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਦਾ ਨਿਰਮਾਣ ਕਰਵਾਇਆ। ਸਿੱਖ ਧਰਮ ਦੇ ਪ੍ਰਸਿੱਧ ਵਿਦਵਾਨ ਡਾ. ਬਲਕਾਰ ਸਿੰਘ ਅਨੁਸਾਰ, "ਅਕਾਲ

ਤਖ਼ਤ ਨੂੰ ਉਸੇ ਤਰ੍ਹਾਂ ਗੁਰੂ ਦੀ ਬਾਣੀ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਗੁਰੂ ਨਾਨਕ ਦਾ ਜਪੁਜੀ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਜਾਪੁ ਸਾਹਿਬ ਬਾਣੀ ਵਜੋਂ ਪ੍ਰਮਾਣ ਕੀਤਾ ਹੋਇਆ ਹੈ।"[25] ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿੱਖਾਂ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਜੀਵਨ ਵਿਚ ਅਹਿਮ ਭੂਮਿਾ ਨਿਭਾਈ ਹੈ। ਅਕਾਲ ਤਖ਼ਤ ਦਾ ਜਥੇਦਾਰ ਸਿੱਖ ਕੌਮ ਦੇ ਨਾਂ ਅਪੀਲਾਂ ਜਾਂ ਹੁਕਮਨਾਮੇ ਜਾਰੀ ਕਰਕੇ ਆਪਣੀ ਭੂਮਿਕਾ ਨਿਭਾਉਂਦਾ ਹੈ। ਸਿੱਖ ਪਰੰਪਰਾ ਅਨੁਸਾਰ ਹੁਕਮਨਾਮੇ ਜਾਰੀ ਕਰਨ ਦਾ ਅਧਿਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲ ਹੈ। ਕਿਸੇ ਵੀ ਮਸਲੇ ਤੇ ਹੁਕਮਨਾਮਾ ਜਾਰੀ ਕਰਨ ਤੋਂ ਪਹਿਲਾਂ ਜਥੇਦਾਰ ਅਕਾਲ ਤਖ਼ਤ ਸਿੱਖ ਪ੍ਰਤੀਨਿਧੀਆਂ ਵੱਧ ਤੋਂ ਵੱਧ ਸਿੱਖਾਂ ਨਾਲ ਰਾਇ ਕਰਨੀ ਜ਼ਰੂਰੀ ਹੁੰਦੀ ਹੈ। ਹੁਕਮਨਾਮਾ 5 ਸਿੰਘ ਸਾਹਿਬਾਨਾਂ ਦੀ ਰਾਇ ਨਾਲ ਲਿਆ ਜਾਂਦਾ ਹੈ। ਸਿੱਖ ਸਮਾਜ ਦੇ ਧਾਰਮਿਕ ਖੇਤਰ ਵਿਚ ਅਕਾਲ ਤਖ਼ਤ ਸਾਹਿਬ ਨੇ ਅਹਿਮ ਭੂਮਿਕਾ ਨਿਭਾਈ। ਅਕਾਲ ਤਖ਼ਤ ਸਾਹਿਬ ਸਿੱਖ ਸਿਧਾਂਤਾਂ ਦੇ ਉਲਟ ਚੱਲਣ ਵਾਲੇ ਲੋਕਾਂ ਨੂੰ ਜਾਂ ਵਿਦਵਾਨਾਂ ਨੂੰ ਸਮੇਂ ਸਮੇਂ ਤੇ ਵਰਜਦਾ ਰਿਹਾ ਹੈ। ਅਕਾਲ ਤਖ਼ਤ ਸਾਹਿਬ ਡੇਰਾਵਾਦ ਦੇ ਖਿਲਾਫ ਵੀ ਹੁਕਮਨਾਮੇ ਜਾਰੀ ਕਰ ਚੁੱਕਿਆ ਹੈ। ਅਕਾਲ ਤਖ਼ਤ ਸਾਹਿਬ ਸਿੱਖਾਂ ਦੇ ਸਮਾਜਿਕ ਜੀਵਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਮਾਜਿਕ ਕਿਰਤੀਆਂ ਨੂੰ ਜਿਨ੍ਹਾਂ ਵਿਚ ਪ੍ਰਮੁੱਖ ਤੌਰ ਤੇ ਨਸ਼ੇ ਅਤੇ ਪਤਿਤਪੁਣਾ ਨੂੰ ਖ਼ਤਮ ਕਰਨ ਲਈ ਸਮੇਂ ਸਮੇਂ ਤੇ ਪ੍ਰੋਗਰਾਮ ਉਲੀਕੇ ਜਾਂਦੇ ਹਨ।

ਰਾਜਨੀਤਿਕ ਖੇਤਰ ਵਿਚ ਵੀ ਅਕਾਲ ਤਖ਼ਤ ਸਾਹਿਬ ਦੀ ਨਿਵੇਕਲੀ ਭੂਮਿਕਾ ਰਹੀ ਹੈ। 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਇਸਦੀ ਆਸ਼ੀਰਵਾਦ ਨਾਲ ਹੋਈ ਹੈ। ਪੰਥਕ ਜਥੇਬੰਦੀਆਂ ਨੂੰ ਇਕੱਠੇ ਰੱਖਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਹਿਮ ਭੂਮਿਕਾ ਨਿਭਾਈ। ਅਕਾਲੀ ਦਲ ਨੇ ਜਿੰਨੇ ਵੀ ਮੋਰਚੇ ਲਾਏ ਉਹ ਅਕਾਲ ਤਖ਼ਤ ਸਾਹਿਬ ਦੇ

ਅਰਦਾਸ ਕਰਕੇ ਹੀ ਸ਼ੁਰੂ ਕੀਤੇ ਗਏ।। ਸੋ ਸਿੱਖ ਧਰਮ ਵਿਚ ਰਾਜਨੀਤੀ ਅਤੇ ਧਰਮ ਦਾ ਪੂਰਨ ਸੁਮੇਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਸਿਆਸਤਦਾਨਾਂ ਨੂੰ ਆਪਣੀ ਮਨਮਰਜ਼ੀ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਉਨ੍ਹਾਂ ਨੂੰ ਸਿੱਖ ਮਰਿਆਦਾ ਵਿਚ ਰਹਿ ਕੇ ਹੀ ਰਾਜਨੀਤੀ ਕਰਨ ਦਾ ਹੁਕਮ ਹੈ।

ਜੇ ਸਿਆਸਤਦਾਨ, ਸਿੱਖ ਸਿਆਸਤ ਨੂੰ ਆਪਣੀਆਂ ਕਮਜ਼ੋਰੀਆਂ, ਮਜਬੂਰੀਆਂ ਅਤੇ ਚੇਤਨਾ ਦੀ ਘਾਟ ਕਾਰਨ ਗੰਧਲਾ ਕਰਦੇ ਹੋਣ ਤਾਂ ਅਕਾਲ ਤਖ਼ਤ ਮੂਕ ਦਰਸ਼ਕ ਨਹੀਂ ਰਹਿ ਸਕਦਾ। ਅਕਾਲ ਤਖ਼ਤ ਸਾਹਿਬ ਨੇ ਸਿੱਖ ਸਿਆਸਤ ਨੂੰ ਧਾਰਮਿਕ ਪ੍ਰਸੰਗ ਵਿਚ ਰੱਖਣ ਲਈ ਨਿਗਾਹਬਾਨ ਦੀ ਭੂਮਿਕਾ ਨਿਭਾਈ ਹੈ। ਇਸ ਸੰਬੰਧੀ ਕਈ ਉਦਾਹਰਣਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਸਭ ਤੋਂ ਪਹਿਲੀ ਉਦਾਹਰਨ ਮਹਾਰਾਜਾ ਰਣਜੀਤ ਸਿੰਘ ਦੀ ਹੈ ਜਿਸਨੂੰ ਉਸਦੇ ਦੋਸ਼ ਲਈ ਅਕਾਲ ਤਖ਼ਤ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਤਨਖ਼ਾਹ (Religious punishment) ਲਗਾਈ। ਸਮਕਾਲੀਨ ਸਮੇਂ ਵਿਚ, ਅਕਾਲੀ ਦਲ ਦੇ ਦੋ ਮਹੱਤਵਪੂਰਨ ਲੀਡਰਾਂ ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਹਿ ਸਿੰਘ ਨੂੰ 21 ਨਵੰਬਰ 1961 ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਤਨਖ਼ਾਹ ਲਗਾਈ ਗਈ ਜਦੋਂ ਕਿ ਉਨ੍ਹਾਂ ਨੇ ਪੰਜਾਬੀ ਸੂਬੇ ਦੀ ਸਥਾਪਨਾ ਦਾ ਆਪਣਾ ਮਕਸਦ ਹਾਸਲ ਕੀਤੇ ਬਗ਼ੈਰ ਹੀ ਆਪਣੇ ਵਰਤ ਤੋੜ ਦਿੱਤੇ ਸਨ। 1984 ਵਿਚ ਬਲਿਊ ਸਟਾਰ ਆਪਰੇਸ਼ਨ ਦੇ ਦੋਸ਼ ਵਿਚ ਬੂਟਾ ਸਿਘ (ਗ੍ਰਹਿ ਮੰਤਰੀ, ਭਾਰਤ ਸਰਕਾਰ) ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। ਇਸੇ ਤਰ੍ਹਾਂ 1987 ਵਿਚ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਅਕਾਲ ਤਖ਼ਤ ਸਾਹਿਬ ਦੀ ਆਗਿਆ ਦਾ ਉਲੰਘਣ ਕਰਨ ਕਾਰਨ ਤਨਖ਼ਾਹੀਆ ਘੋਸ਼ਿਤ ਕਰ ਦਿੱਤਾ ਗਿਆ। ਬਾਅਦ ਵਿਚ ਇਨ੍ਹਾਂ ਦੋਹਾਂ ਨੇਤਾਵਾਂ ਨੂੰ ਅਕਾਲ ਤਖ਼ਤ ਸਾਹਿਬ ਉੱਤੇ ਪੇਸ਼ ਹੋ ਕੇ ਤਨਖ਼ਾਹ ਲਗਵਾਉਣ ਤੋਂ ਬਾਅਦ ਮਾਫ਼ ਕਰਕੇ ਪੰਥ ਵਿਚ ਸ਼ਾਮਲ ਕਰ ਲਿਆ ਗਿਆ। ਇਨ੍ਹਾਂ ਕੇਸਾਂ ਦੇ ਅਧਿਐਨ ਤੋਂ ਬਾਅਦ ਇਹ ਕਿਹਾ

ਜਾ ਸਕਦਾ ਹੈ ਕਿ ਅਕਾਲ ਤਖ਼ਤ ਸਾਹਿਬ ਕੋਲ ਅਥਾਹ ਨੈਤਿਕ ਸ਼ਕਤੀ ਹੈ ਜਿਸਦੀ ਉਲੰਘਣਾ ਕਰਕੇ ਕੋਈ ਸਿੱਖ ਸਿਆਸਤਦਾਨ ਸਿੱਖ ਰਾਜਨੀਤੀ ਵਿਚ ਜ਼ਿੰਦਾ ਨਹੀਂ ਰਹਿ ਸਕਦਾ। ਉਸਨੂੰ ਇਸਦੇ ਹੁਕਮਾਂ ਅੱਗੇ ਝੁਕਣਾ ਹੀ ਪੈਂਦਾ ਹੈ ਅਤੇ ਸਿੱਖ ਧਰਮ ਦੇ ਸੰਦਰਭ ਵਿਚ ਹੀ ਰਾਜਨੀਤੀ ਕਰਨੀ ਪੈਂਦੀ ਹੈ।

ਅਕਾਲ ਤਖ਼ਤ ਸਾਹਿਬ ਦੀ ਭੂਮਿਕਾ ਸੰਬੰਧੀ ਉਪਰੋਕਤ ਚਰਚਾ ਦੇ ਆਧਾਰ ’ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਸਿੱਖਾਂ ਦੇ ਜੀਵਨ ਦੇ ਹਰ ਪਹਿਲੂ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਕੋਲ ਅਜਿਹੀ ਅਥਾਹ ਨੈਤਿਕ ਸ਼ਕਤੀ ਹੈ ਜਿਸ ਕਰਕੇ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਬੈਠਾ ਸਿੱਖ ਇਸਦੀ ਉਲੰਘਣਾ ਕਰਕੇ ਸਿੱਖ ਸਮਾਜ ਵਿਚ ਇੱਜ਼ਤ ਦੀ ਜ਼ਿੰਦਗੀ ਬਤੀਤ ਨਹੀਂ ਕਰ ਸਕਦਾ ਪਰੰਤੂ ਪਿਛਲੇ ਕੁਝ ਸਾਲਾਂ ਵਿਚ ਇਸਦੀ ਭੂਮਿਕਾ ਬਾਰੇ ਮਤਭੇਦ ਖੜੇ ਹੋਏ ਹਨ। ਅਕਾਲ ਤਖ਼ਤ ਦੇ ਜੱਥੇਦਾਰਾਂ ਉੱਤੇ ਪੱਖਪਾਤ ਕਰਨ ਦੇ ਦੋਸ਼ ਲਗਾਏ ਗਏ ਹਨ। ਸਿਆਸਤਦਾਨਾਂ ਨੇ ਜਥੇਦਾਰ ਅਕਾਲ ਤਖ਼ਤ ਦੀ ਪਦਵੀ ਨੂੰ ਆਪਣੇ ਸਵਾਰਥੀ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਜਿਸ ਕਾਰਨ ਇਸਦੀ ਮਾਣ ਮਰਿਯਾਦਾ ਦਾ ਨੁਕਸਾਨ ਹੋਇਆ। ਇਥੋਂ ਤੱਕ ਕਿ ਅਕਾਲੀ ਸਰਕਾਰ ਦੇ ਸਮੇਂ ਅਕਾਲ ਤਖ਼ਤ ਦੇ ਜੱਥੇਦਾਰਾਂ ਨੂੰ ਮੁਅੱਤਲ ਕਰਨ ਅਤੇ ਬਰਖ਼ਾਸਤ ਕਰਨ ਦੀ ਵੀ ਰੀਤ ਪਈ। ਅਪ੍ਰੈਲ 1999 ਤੋਂ ਮਾਰਚ 2000 ਤੱਕ ਤਿੰਨ ਜੱਥੇਦਾਰਾਂ ਨੂੰ ਬੜੀ ਜਲਦੀ ਜਲਦੀ ਬਦਲਿਆ ਗਿਆ।[26]

ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ ਧਰਮ ਨੂੰ ਰਾਜਨੀਤੀ ਲਈ ਵਰਤਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਦਲਣਾ ਰਾਜਨੀਤੀ ਤੋਂ ਪ੍ਰੇਰਿਤ ਕਦਮ ਹੈ। ਇਸਦਾ ਮਤਲਬ ਇਹ ਹੈ ਕਿ ਜੋ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਦੀ ਨੀਤੀ ਅਨੁਸਾਰ ਚੱਲਦਾ ਹੈ ਉਹ ਬਣਿਆ ਰਹਿੰਦਾ ਹੈ ਜੋ ਵੀ ਜਥੇਦਾਰ ਆਪਣੇ ਆਪ ਨੂੰ ਸਰਵ

ਸੰਸਥਾ ਅਕਾਲ ਤਖ਼ਤ ਦੇ ਜਥੇਦਾਰ ਦੇ ਤੌਰ ਤੇ ਵਿਚਰਨ ਦੀ ਸੁਤੰਤਰਾ ਨਾਲ ਕੰਮ ਕਰਦਾ ਹੈ ਉਸਨੂੰ ਕਈ ਵਾਰੀ ਆਪਣੀ ਜਥੇਦਾਰੀ ਹੱਥ ਧੋਣੇ ਪੈਂਦੇ ਹਨ। ਸ਼੍ਰੋਮਣੀ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਕਾਰਜ ਕਾਰਨੀ ਬਣਾਉਣ ਦੀ ਹੈਸੀਅਤ ਰੱਖਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਨਿਯੁਕਤ ਕਰਨ ਅਤੇ ਹਟਾਉਣ ਦੀ ਸ਼ਕਤੀ ਰੱਖਦੀ ਹੈ। ਸੋ ਅਸਿੱਧੇ ਤੌਰ ਤੇ ਜਥੇਦਾਰ ਨੂੰ ਨਿਯੁਕਤ ਕਰਨਾ ਅਤੇ ਹਟਾਉਣ ਦੀ ਸ਼ਕਤੀ ਸ਼੍ਰੋਮਣੀ ਅਕਾਲੀ ਦਲ ਕੋਲ ਹੀ ਹੈ। ਇਸ ਕਰਕੇ ਅਸਲੀ ਸ਼੍ਰੋਮਣੀ ਅਕਾਲੀ ਦਲ ਉਹੀ ਹੈ ਜਿਸ ਕੋਲ ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਕਬਜ਼ਾ ਹੈ। ਸ਼੍ਰੋਮਣੀ ਅਕਾਲੀ ਦਲ ਰਾਜਨੀਤੀ ਦੇ ਧਰਮ ਨੂੰ ਇਕੱਠਿਆਂ ਲੈ ਕੇ ਹੀ ਚੱਲਦਾ ਹੈ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਧਰਮ ਦੀ ਆੜ ਵਿਚ ਸ਼੍ਰੋਮਣੀ ਅਕਾਲੀ ਦਲ ਰਾਜ ਸੱਤਾ ਪ੍ਰਾਪਤ ਕਰਦਾ ਹੈ।

ਪੰਜਾਬੀ ਸੂਬਾ ਬਣਨ ਤੋਂ ਬਾਅਦ 1972 ਵਿਚ ਅਕਾਲੀ ਦਲ ਨੂੰ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਦਾ ਮੂੰਹ ਵੇਖਣਾ ਪਿਆ। ਸਿੱਖ ਵਸੋਂ ਵਾਲੇ ਪੰਜਾਬ ਰਾਜ ਵਿਚ ਅਕਾਲੀ ਦਲ ਨੂੰ ਕਾਂਗਰਸ ਹੱਥੋਂ ਮਿਲੀ ਪਹਿਲੀ ਰਾਜਸੀ ਹਾਰ ਸੀ। ਇਸ ਚੋਣ ਵਿਚ ਕਾਂਗਰਸੀ ਮੁੱਖ ਮੰਤਰੀ ਬਣਨ ਦੇ ਨਾਲ-ਨਾਲ ਗੈਰ ਜੱਟ ਸਿੱਖ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਬਣੇ। ਜਾਤਪਾਤ ਦੇ ਨਜ਼ਰੀਏ ਤੋਂ ਪੰਜਾਬ ਦਾ ਜੱਟ ਕਿਸਾਨ ਕਿਸੇ ਵੀ ਹੋਰ ਜਾਤੀ ਨੂੰ ਆਪਣੇ ਨਾਲੋਂ ਉਚਾ ਨਹੀਂ ਸਮਝਦਾ। ਜੱਟ ਦੀ ਮਨੋ-ਦਿਸ਼ਾ ਹਮੇਸ਼ਾ ਹੀ ਭਾਈਚਾਰਕ ਸਾਂਝ ਵਾਲੀ ਰਹੀ ਹੈ। ਜੱਟ ਕਿਸਾਨ ਅੰਦਰ ਭਰਾਤਰੀ ਭਾਵ ਦੇ ਨਾਲ-ਨਾਲ ਲੜਾਕੇ ਮਨ ਦਾ ਜਜ਼ਬਾ ਵੀ ਹੈ। ਜੋ ਕਿ ਉਸ ਨੂੰ ਸਿੱਖ ਲਹਿਰ ਵੱਲ ਪ੍ਰੇਰਿਤ ਕਰਨ ਵਾਲਾ ਭਾਰੂ ਤੱਤ ਬਣਿਆ। ਜੇਕਰ ਜੱਟ ਆਰਥਿਕ ਪੱਖੋਂ ਵੀ ਤਕੜਾ ਹੋ ਜਾਵੇ ਤਾਂ ਉਹ ਬਾਕੀ ਸਾਰਿਆਂ ਨੂੰ ਟਿੱਚ ਜਾਣਦਾ ਹੈ। ਸੰਤ ਫ਼ਤਿਹ ਸਿੰਘ ਦੁਆਰਾ ਮਾਸਟਰ ਤਾਰਾ ਸਿੰਘ ਨੂੰ ਅਕਾਲੀ ਦਲ ਤੋਂ ਲਾਂਭੇ ਕਰਕੇ ਆਪਣੇ ਆਪ ਨੂੰ ਸਿੱਖ ਰਾਜਨੀਤੀ ਵਿਚ ਸਥਾਪਿਤ ਕਰਨ ਨਾਲ ਜੱਟਾਂ ਦੀ ਅਕਾਲੀ ਦਲ ਵਿਚ ਪੂਰਨ ਸਰਦਾਰੀ

ਪ੍ਰਾਪਤ ਹੋਈ। ਇਸ ਸਭ ਕੁਝ ਦੇ ਬਾਵਜੂਦ ਗਿਆਨੀ ਜੈਲ ਸਿੰਘ ਗੈਰ ਜੱਟ ਤੇ ਕਾਂਗਰਸ ਮੁੱਖ ਮੰਤਰੀ ਹੁੰਦਿਆਂ ਹੋਇਆਂ ਵੀ ਸਿੱਖ ਮੁੱਖ ਮੰਤਰੀ ਬਣਿਆ ਅਤੇ ਉਸਨੇ ਆਪਣੇ ਸਮੇਂ ਦੌਰਾਨ ਗੁਰੂ ਗੋਬਿੰਦ ਸਿੰਘ ਮਾਰਗ ਬਣਾਇਆ ਜੋ ਅੱਜ ਵੀ ਪੰਜਾਬ ਵਿਚ ਇੱਕ ਮਿਸਾਲ ਹੈ। 1977 ਵਿਚ ਕਾਂਗਰਸ ਨੂੰ ਐਮਰਜੈਂਸੀ ਦਾ ਫਲ ਭੁਗਤਣਾ ਪਿਆ ਜਿਸਦੇ ਨਤੀਜੇ ਵਜੋਂ ਸਮੁੱਚੇ ਭਾਰਤ ਵਿਚ ਕਾਂਗਰਸ ਹਾਰ ਗਈ। ਪੰਜਾਬ ਵਿਚ ਵੀ 20 ਜੂਨ 1977 ਨੂੰ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਜਨਤਾ ਪਾਰਟੀ ਦੀ ਸਰਕਾਰ ਬਣੀ। ਮੌਜੂਦਾ ਪੰਜਾਬ ਦੀ ਸਿਆਸਤ ਵਿਚ ਬਹੁਤਾ ਸਮਾਂ ਜੱਟ ਹੀ ਭਾਰੂ ਰਹੇ ਹਨ। ਅਕਾਲੀ ਦਲ ਦੀ ਬਣਤਰ ਅਤੇ ਕਾਰਜਸ਼ੈਲੀ ਕਦੇ ਵੀ ਨਿਯਮਿਤ ਨਹੀਂ ਰਹੀ। ਇਨ੍ਹਾਂ ਨੇ ਆਪਣੀਆਂ ਨੀਤੀਆਂ ਨੂੰ ਅਮਲੀ ਜਮਾ ਪਹਿਨਾਉਣ ਲਈ ਕਦੇ ਵੀ ਕੋਈ ਲਿਖਤੀ ਪ੍ਰੋਗਰਾਮ ਨਹੀਂ ਬਣਾਇਆ। ਇਸ ਹਾਸੋਹੀਣ ਸਥਿਤੀ ਵਿਚੋਂ ਬਚਣ ਲਈ ਅਕਾਲ ਦਲ ਦੀ ਵਰਕਿੰਗ ਕਮੇਟੀ ਨੇ 11 ਦਸੰਬਰ 1972 ਨੂੰ ਇੱਕ ਅਹਿਮ ਫੈਸਲਾ ਲਿਆ ਕਿ ਅਕਾਲੀ ਦੇ ਮਨੋਰਥਾਂ ਅਤੇ ਨੀਤੀਆਂ ਬਾਰੇ ਨਵੇਂ ਸਿਰੇ ਤੋਂ ਵਿਚਾਰ ਕਰਕੇ ਪਾਲਸੀ ਪ੍ਰੋਗਰਾਮ ਤਿਆਰ ਕੀਤਾ ਜਾਵੇ। ਇਸ ਮਕਸਦ ਲਈ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਇੱਕ 12 ਮੈਂਬਰੀ ਕਮੇਟੀ ਬਣਾਈ ਗਈ ਜਿਸ ਨੂੰ ਅਕਾਲੀ ਦਲ ਦਾ ਨੀਤੀਗਤ ਪ੍ਰੋਗਰਾਮ ਤਿਆਰ ਕਰਕੇ ਵਰਕਰ ਕਮੇਟੀ ਦੇ ਸਾਹਮਣੇ ਰੱਖਣ ਦਾ ਉਦੇਸ਼ ਦਿੱਤਾ ਗਿਆ। ਸਬ ਕਮੇਟੀ ਵੱਲੋਂ 10 ਮਹੀਨਿਆਂ ਵਿਚ ਹੀ ਨੀਤੀਗਤ ਪ੍ਰੋਗਰਾਮ ਤਿਆਰ ਕਰਕੇ ਵਰਕਿੰਗ ਕਮੇਟੀ ਨੂੰ ਸੌਂਪ ਦਿੱਤਾ ਗਿਆ। ਵਰਕਿੰਗ ਕਮੇਟੀ ਨੇ 16-17 ਅਕਤੂਬਰ 1973 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਈ ਦੋ ਰੋਜ਼ਾ ਮੀਟਿੰਗ ਵਿਚ ਅਕਾਲੀ ਦਲ ਦੇ ਨੀਤਗਤ ਦੇ ਖਰੜੇ ਤੇ ਭਰਵੀਂ ਬਹਿਸ਼ ਕੀਤੀ ਅਤੇ ਲੋੜ ਅਨੁਸਾਰ ਸੋਧਾਂ ਕਰਕੇ ਇਸ ਖਰੜੇ ਨੂੰ ਅੰਤਿਮ ਰੂਪ ਵਿਚ ਪ੍ਰਵਾਨ ਪਰ ਕਰ ਲਿਆ ਗਿਆ। ਅਕਾਲੀ ਦਲ ਦੇ ਅਕਾਲੀ ਸਕੱਤਰ ਸ. ਅਜਮੇਰ ਸਿੰਘ ਵੱਲੋਂ ਅਕਾਲੀ ਦੇ ਨੀਤੀਗਤ ਪ੍ਰੋਗਰਾਮ 17 ਅਕਤੂਬਰ 1973 ਨੂੰ ਬਕਾਇਦਾ ਰੂਪ ਵਿਚ ਜਾਰੀ ਕਰ ਦਿੱਤਾ ਗਿਆ[27] ਅਕਾਲੀ ਦਲ

ਨੀਤੀਗਤ ਦਾ ਇਹ ਪ੍ਰੋਗਰਾਮ 'ਮਤਿਆਂ' ਦੇ ਰੂਪ ਵਿਚ ਹੋਣ ਕਰਕੇ ਆਨੰਦਪੁਰ ਸਾਹਿਬ ਦੇ ਮਤੇ ਨਾਂ ਨਾਲ ਮਸ਼ਹੂਰ ਹੋਇਆ। ਆਨੰਦਪੁਰ ਸਾਹਿਬ ਦੇ ਮਤੇ ਅੰਦਰ ਸ਼੍ਰੋਮਣੀ ਅਕਾਲੀ ਦੇ ਬੁਨਿਆਦੀ ਸਿਧਾਂਤਾਂ ਅਤੇ ਅੰਕਿਤ ਕਰਨ ਤੋਂ ਇਲਾਵਾ ਆਰਥਿਕ, ਸਭਿਆਚਾਰਕ, ਵਿਦਿਅਕ ਖੇਤਰ ਨਾਲ ਸੰਬੰਧਿਤ ਨੀਤੀਆਂ ਦਾ ਖੁਲਾਸਾ ਕੀਤਾ ਗਿਆ। ਅਕਾਲੀ ਦੇ ਮਨੋਰਥਾਂ ਦੀ ਗੱਲ ਕਰਦਿਆਂ ਹੋਇਆ ਸਿੱਖਾਂ ਵਿਚ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣ ਉੱਤੇ ਉਚੇਚਾ ਜ਼ੋਰ ਦਿੱਤਾ ਗਿਆ। ਅਕਾਲੀ ਦਲ ਫੈਡਲਰ ਢਾਂਚੇ ਦੀ ਉਸਾਰੀ ਦੀ ਮੰਗ ਕਰਦਾ ਹੈ ਕੇਂਦਰ ਨੂੰ ਸਿਰਫ ਰੱਖਿਆ ਅਤੇ ਵਿਦੇਸ਼ੀ ਮਾਮਲੇ, ਸੰਚਾਰ, ਰੇਲਵੇ ਅਤੇ ਕਰਾਂਸੀ ਦੇ ਖੇਤਰ ਤੱਕ ਸੀਮਿਤ ਰੱਖਣ ਦੀ ਧਾਰਨਾ ਦੀ ਮੰਗ ਕਰਦਾ ਹੈ। ਬਾਕੀ ਮਾਮਲਿਆਂ ਵਿਚ ਪੰਜਾਬ ਨੂੰ ਪੂਰਨ ਖੁਦਮੁਖਤਿਆਰੀ ਦੇਣ ਦੀ ਇਸ ਮਤੇ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਅਕਾਲੀ ਦਲ ਦੇ ਫੈਡਲਰ ਢਾਂਚੇ ਬਾਰੇ ਇਸ ਧਾਰਨਾ ਵਿਚ ਕੋਈ ਵੀ ਨਵੀਂ ਗੱਲ ਨਹੀਂ ਹੈ ਸਗੋਂ ਬਰਤਾਨਵੀ ਹਾਕਮਾਂ ਵੱਲੋਂ ਭਾਰਤ ਨੂੰ ਆਜ਼ਾਦੀ ਮਿਲਣ ਸਮੇਂ ਕੈਬਨਿਟ ਮਿਸ਼ਨ ਅੰਦਰ ਇੰਨਬਿਨ ਇਹੋ ਤਜਵੀਜ਼ ਸੁਝਾਈ ਗਈ ਸੀ।[28]

29 ਜੁਲਾਈ 1981 ਨੂੰ ਸੰਤ ਹਰਚਰਨ ਸਿੰਘ ਲੋਂਗੋਵਾਲ ਦੀ ਪ੍ਰਧਾਨਗੀ ਹੇਠ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਕਾਲੀ ਦਲ ਵੱਲੋਂ ਵਿਸਾਲ ਸਿੱਖ ਸੰਮੇਲਨ ਵਿਚ ਕੌਮ ਦੀਆਂ ਮੰਗਾਂ ਬਾਰੇ ਵਿਚਾਰਾਂ ਹੋਈਆਂ। ਕੇਂਦਰ ਸਰਕਾਰ ਨੂੰ ਸਿੱਖਾਂ ਦੀਆਂ ਮੰਗਾਂ ਪ੍ਰਵਾਨ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ। ਮੰਗਾਂ ਨਾ ਮੰਨਣ ਦੀ ਸੂਰਤ ਵਿਚ ਸੰਘਰਸ਼ ਦਾ ਬਿਗਲ ਵਜਾਉਣ ਦਾ ਫੈਸਲਾ ਕੀਤਾ ਗਿਆ। ਇਸ ਫੈਸਲੇ ਦੀ ਰੋਸ਼ਨੀ ਵਿਚ ਹੀ 7 ਸਤੰਬਰ 1981 ਨੂੰ ਦਿੱਲੀ ਪਾਰਲੀਮੈਂਟ ਦੇ ਅੱਗੇ ਸਿੱਖਾਂ ਦਾ ਵਿਸਾਲ ਮਾਰਚ ਕੀਤਾ ਗਿਆ ਅਤੇ 8 ਸਤੰਬਰ ਨੂੰ ਅਕਾਲੀ ਦਲ ਦੀ ਤਰਫੋਂ 45 ਸਫਿਆਂ ਵਾਲਾ ਚਾਰਟਰ ਕੇਂਦਰ ਸਰਕਾਰ ਨੂੰ ਦਿੱਤਾ ਗਿਆ। ਅਕਾਲੀ ਦਲ ਦੀ ਇਸ ਰਾਜਨੀਤਿਕ ਸਰਗਰਮੀ ਦੇ ਨਾਲ-ਨਾਲ

ਹੀ ਪੰਜਾਬ ਅੰਦਰ ਖਾੜਕੂ ਕਾਰਵਾਈਆਂ ਹੋਣ ਲੱਗ ਪਈਆਂ। ਜਿਸ ਨਾਲ ਰਾਜਸੀ ਹਾਲਤ ਤੇਜ਼ੀ ਨਾਲ ਖਰਾਬ ਹੋ ਗਈ। ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਅਦ ਪੰਜਾਬ ਵਿਚ ਫਿਰਕੂ ਪਨਾਹ ਅਤੇ ਹਿੰਸਾ ਦਾ ਮਾਹੌਲ ਬਣ ਗਿਆ। ਇਸ ਕੇਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੀ ਗ੍ਰਿਫ਼ਤਾਰੀ ਨੇ ਅਕਾਲੀ ਲੀਡਰਸ਼ੀਪ ਲਈ ਨਵੀਂ ਸਮੱਸਿਆ ਪੈਦਾ ਹੋ ਗਈ। ਅਕਾਲੀ ਦਲ ਨੂੰ ਆਪਣੀਆਂ ਮੰਗਾਂ ਬਣਵਾਉਣ ਲਈ ਇਸ ਸਮੇਂ ਸੰਘਰਸ਼ ਕਰਨਾ ਮੁਸ਼ਕਿਲ ਹੋ ਗਿਆ। ਅਕਾਲੀ ਦਲ ਨੇ ਆਪਣੀਆਂ ਸਾਰੀਆਂ ਮੰਗਾਂ ਛੱਡ ਕੇ ਸੰਤਾਂ ਦੀ ਰਿਹਾਈ ਦੀ ਮੰਗ ਤੇ ਜ਼ੋਰ ਦਿੱਤਾ। ਸ੍ਰੀਮਤੀ ਇੰਦਰਾ ਗਾਂਧੀ ਨੇ ਕੁਟਨੀਤਕ ਚਾਲ ਚੱਲਦਿਆਂ ਹੋਇਆ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਕਰ ਦਿੱਤਾ। ਅਕਾਲੀ ਆਗੂਆਂ ਨੇ ਅਗਲੇ ਹੀ ਦਿਨ ਸ੍ਰੀਮਤੀ ਇੰਦਰਾ ਗਾਂਧੀ ਨਾਲ ਬਕਾਇਦਾ ਗੱਲਬਾਤ ਸ਼ੁਰੂ ਕਰ ਦਿੱਤੀ। ਗੱਲਬਾਤ ਦੌਰਾਨ ਤਿੰਨ ਮੁੱਦਿਆਂ ਨੂੰ ਤੁਰੰਤ ਨਿਪਟਾਉਣ ਲਈ ਕਿਹਾ ਗਿਆ। ਜਿਸ ਵਿਚ ਪਹਿਲਾ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ, ਦੂਜਾ ਪਾਣੀਆਂ ਦਾ ਮਸਲਾ ਨਿਬੇੜਿਆ ਜਾਵੇ ਅਤੇ ਤੀਜਾ ਫੌਜ ਅੰਦਰ ਸਿੱਖਾਂ ਨੂੰ ਬਣਦੀ ਗਿਣਤੀ ਦੇ ਹਿਸਾਬ ਨਾਲ ਭਰਤੀ ਕੀਤਾ ਜਾਵੇ ਪ੍ਰਮੁੱਖ ਮੁੱਦੇ ਸਨ। ਗੱਲਬਾਤ ਦਾ ਸਿਲਸਿਲਾ ਲਗਾਤਾਰ ਚੱਲਦਾ ਰਿਹਾ ਪਰੰਤੂ ਇਸਦਾ ਕੋਈ ਵੀ ਨਤੀਜਾ ਸਾਹਮਣੇ ਨਹੀਂ ਆਇਆ। ਅਕਾਲੀ ਆਗੂ ਗੱਲਬਾਤ ਦੇ ਭਰਮ ਵਿਚ ਉਲਝੇ ਰਹੇ ਅਤੇ ਵਾਰ-ਵਾਰ ਸੰਘਰਸ਼ ਮੁਲਤਵੀ ਕਰਦੇ ਰਹੇ। ਇਸੇ ਦੌਰਾਨ ਹੀ ਇੰਦਰਾ ਗਾਂਧੀ ਨੇ 8 ਅਪ੍ਰੈਲ 1982 ਨੂੰ ਸਤਲੁਜ ਜਮਨਾ ਲਿੰਕ ਲਹਿਰ ਦੀ ਪੁਟਾਈ ਦਾ ਉਦਘਾਟਨ ਖੁਦ ਕੱਟ ਲਗਾ ਕੇ ਕੀਤਾ। ਅਕਾਲੀ ਆਗੂਆਂ ਨੇ ਸਮੇਂ-ਸਮੇਂ ਤੇ ਨਹਿਰ ਰੋਕੋ ਅੰਦੋਲਨ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਇਸ ਅੰਦੋਲਨ ਨੂੰ ਜਨਤਾ ਦਾ ਕੋਈ ਬਹੁਤਾ ਹੁੰਗਾਰਾ ਨਹੀਂ ਮਿਲਿਆ। ਪੰਜਾਬ ਅੰਦਰ ਸਦੀਆਂ ਤੋਂ ਭਾਈਚਾਰਕ ਸਾਂਝ ਟੁੱਟਦੀ ਨਜ਼ਰ ਆਉਣ ਲੱਗੀ ਜਿਸ ਵਿਚ ਹਿੰਦੂ ਅਤੇ ਸਿੱਖ ਆਹਮੋ ਸਾਹਮਣੇ ਦਿਸੇ। ਇਸੇ ਬਦਲਦੀ ਸੋਚ

ਵਿਚ ਹੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੀ ਨਿਵੇਕਲੀ ਵਿਚਾਰਧਾਰਾ ਨੇ ਜਨਮ ਲਿਆ। ਸੰਤ ਜਰਨੈਲ ਸਿੰਘ ਦੀ ਸਮਝ ਅਤੇ ਰਵਾਇਤੀ ਸਿੱਖ ਆਗੂਆਂ ਦੀ ਸੋਚ ਤੋਂ ਵੱਖਰੀ ਸੀ ਉਸਦਾ ਮੰਨਣਾ ਸੀ ਕਿ ਸਮੁੱਚੇ ਭਾਰਤ ਵਿਚ ਸਿੱਖਾਂ ਨਾਲ ਹਰ ਤਰ੍ਹਾਂ ਨਾਲ ਵਿਤਕਰਾ ਹੋ ਰਿਹਾ ਸੀ। ਕਮੇਟੀ ਲੀਡਰ ਸਿੱਖ, ਸਿੱਖ ਕੌਮ ਨਾਲ ਵਿਤਕਰੇ ਨੂੰ ਧਾਰਮਿਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਵੇਖਦੀ ਸੀ ਜੋ ਮਾਸਟਰ ਤਾਰਾ ਸਿੰਘ ਸਮੇਂ ਸਿੱਖਾਂ ਦੀ ਸੋਚ ਸੀ। ਮਾਸਟਰ ਤਾਰਾ ਸਿੰਘ ਤੋਂ ਬਾਅਦ ਅਕਾਲੀ ਲੀਡਰ ਸਿੱਖ ਵਿਤਕਰੇ ਨੂੰ ਆਰਥਿਕ ਪਹਿਲੂ ਤੋਂ ਵੇਖਣ ਲੱਗ ਪਏ ਜਦੋਂ ਕਿ ਸੰਤ ਜਰਨੈਲ ਸਿੰਘ ਨੇ ਕਿਹਾ ਕਿ ਇਹ ਵਿਤਕਰਾ ਰਾਜਸੀ ਹੈ ਅਤੇ ਉਨ੍ਹਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਵਾਲਾ ਵਿਵਹਾਰ ਨਹੀਂ ਕੀਤਾ ਜਾਂਦਾ। ਸੰਤ ਜਰਨੈਲ ਸਿੰਘ ਦੀ ਸੋਚ ਸਿੱਖਾਂ ਨੂੰ ਪੂਰਣ ਆਜ਼ਾਦੀ ਦਿਵਾਉਣਾ ਸੀ ਸਿੱਖ ਪੰਥ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਹਰਮਨ ਪਿਆਰਤਾ ਇੱਕ ਰਾਜਨੀਤਕ ਬਦਲਾਅ ਵੱਲ ਇਸ਼ਾਰਾ ਸੀ। ਇਹ ਸਮਾਂ ਅਕਾਲੀ ਲੀਡਰਸ਼ੀਪ ਲਈ ਚੁਣੌਤੀਆਂ ਭਰਿਆ ਸੀ। ਸਿੱਖ ਜਨਤਾ ਰਵਾਇਤੀ ਅਕਾਲੀ ਲੀਡਰਸ਼ੀਪ ਤੋਂ ਨਰਾਜ਼ ਹੋ ਕੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਖੇਮੇ ਵਿਚ ਜਾਣੀ ਸ਼ੁਰੂ ਹੋ ਗਈ। ਨਹਿਰ ਰੋਕੋ ਮੋਰਚੇ ਲਈ ਅਕਾਲੀ ਲੀਡਰਸ਼ੀਪ ਅਸਫਲਤਾ ਵਿਚੋਂ ਵੀ ਸਾਰੀ ਸਿੱਖ ਕੌਮ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਨੂੰ ਆਪਣਾ ਲੀਡਰ ਮੰਨਣ ਲੱਗ ਪਈ। ਸ਼੍ਰੋਮਣੀ ਅਕਾਲੀ ਦਲ ਨੇ ਸੰਤਾਂ ਤੋਂ ਵੱਖਰਾ ਰਾਹ ਅਪਨਾਉਣਾ ਮੁਸ਼ਕਿਲ ਸੀ ਇਸ ਕਰਕੇ ਉਹ ਸੰਤ ਹਰਚੰਦ ਸਿੰਘ ਲੋਂਗੋਵਾਲ ਦੀ ਅਗਵਾਈ ਵਿਚ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਮੋਰਚੇ ਵਿਚ ਸ਼ਾਮਿਲ ਹੋ ਗਏ ਜਿਸ ਨੂੰ ਬਾਅਦ ਵਿਚ ਲੋਂਗੋਵਾਲ ਨੇ ਧਰਮ ਯੁੱਧ ਮੋਰਚੇ ਦਾ ਨਾ ਦਿੱਤਾ। 27 ਜੁਲਾਈ 1982 ਨੂੰ ਸੰਤ ਹਰਚੰਦ ਸਿੰਘ ਲੋਂਗੋਵਾਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਵਿਚ ਇੱਕ ਅਹਿਮ ਮੀਟਿੰਗ ਹੋਈ। ਜਿਸ ਵਿਚ ਸਿੱਖ ਪੰਥ ਨੂੰ ਦਰਪੇਸ਼ ਖਤਰਿਆਂ ਅਤੇ ਚੁਨੌਤੀਆਂ ਬਾਰੇ ਸਮੁੱਚੀ ਪੰਥਕ ਸ਼ਕਤੀ ਨੂੰ ਇੱਕਜੁੱਟ ਹੋ ਕੇ ਲੜਨ ਲਈ

ਅਹਿਮ ਵਿਚਾਰਾਂ ਕੀਤੀਆਂ ਗਈਆਂ। 4 ਅਗਸਤ 1982 ਤੋਂ ਬਕਾਇਦਾ ਧਰਮ ਯੁੱਧ ਮੋਰਚਾ ਆਰੰਭ ਕਰ ਦੇਣ ਦੇ ਫੈਸਲਿਆਂ ਨਾਲ ਸਿੱਖ ਕੌਮ ਵਿਚ ਉਤਸਾਹੀ ਵਾਤਾਵਰਨ ਪੈਦਾ ਹੋ ਗਿਆ। 4 ਅਗਸਤ ਨੂੰ ਪੰਜਾਬ ਭਰ ਵਿਚੋਂ ਸਿੱਖ ਸੰਗਤਾਂ ਹੁੰਮਹੁੰਮਾ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਪਹੁੰਚਿਆਂ ਅਤੇ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 500 ਸਿੰਘਾਂ ਦਾ ਪਹਿਲਾ ਜਥਾ ਗ੍ਰਿਫ਼ਤਾਰੀ ਦੇਣ ਲਈ ਰਵਾਨਾ ਹੋਇਆ। ਮੋਰਚੇ ਦੀ ਖਬਰ ਫੈਲਦਿਆਂ ਹੀ ਲੋਕ ਹੁੰਮਹੁੰਮਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਣੇ ਸ਼ੁਰੂ ਹੋ ਗਏ ਇਸੇ ਦੌਰਾਨ ਇੰਦਰਾ ਗਾਂਧੀ ਨੇ ਸਿੱਖ ਸੰਘਰਸ਼ ਨੂੰ ਦਬਾਉਣ ਲਈ ਆਪਣੇ ਰਾਜਨੀਤਕ ਹੱਥਕੰਡੇ ਵਰਤਣੇ ਸ਼ੁਰੂ ਕਰ ਦਿੱਤੇ ਉਸਨੇ ਸਾਰੀ ਸਿੱਖ ਲੀਡਰਸ਼ੀਪ ਰਿਹਾਅ ਕਰਕੇ ਗੱਲਬਾਤ ਲਈ ਸੱਦਾ ਦਿੱਤਾ। ਪਹਿਲੀ ਆਗੂ ਇੰਦਰਾ ਗਾਂਧੀ ਦੀ ਇਸ ਚਾਲ ਵਿਚ ਉਲਝ ਗਏ। ਆਪਣੀ ਰਿਹਾਈ ਦੀ ਖਬਰ ਸੁਣਦਿਆਂ ਹੀ ਵਰਕਰਾਂ ਨੂੰ ਉਥੇ ਹੀ ਛੱਡ ਕੇ ਆਪ ਜੇਲ੍ਹਾਂ ਵਿਚੋਂ ਖਿਸਕ ਗਏ। ਅਕਾਲੀ ਆਗੂਆਂ ਦੇ ਇਸ ਐਕਸ਼ਨ ਨੇ ਸੰਤ ਜਰਨੈਲ ਸਿੰਘ ਦੇ ਮਨ ਅੰਦਰ ਉਨ੍ਹਾਂ ਪ੍ਰਤੀ ਨਾ ਸਿਰਫ ਤਿੱਖੀ ਆਲੋਚਨਾ ਅਤੇ ਰੰਜਿਸ ਹੀ ਪੈਦਾ ਕੀਤੀ ਸਗੋਂ ਸੰਤਾਂ ਦਾ ਪਹਿਲਾ ਸ਼ੱਕ ਸਹੀ ਸਾਬਿਤ ਹੋਇਆ ਕਿ ਅਕਾਲੀ ਸਿੱਖਾਂ ਦੀਆਂ ਮੰਗਾਂ ਪ੍ਰਤੀ ਸੁਹਿਰਦ ਨਹੀਂ। ਇਸ ਫੈਸਲੇ ਦਾ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਨੇ ਅਕਾਲੀ ਲੀਡਰਸ਼ੀਪ ਤੋਂ ਦੂਰੀ ਬਣਾਉਣੀ ਸ਼ੁਰੂ ਕਰ ਦਿੱਤੀ ਅਕਾਲੀ ਆਗੂ ਪੁਰ ਅਮਨ ਸੰਘਰਸ਼ ਦੀ ਮੰਗ ਕਰਦੇ ਸਨ। ਜਦੋਂ ਕਿ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਤਿੱਖੇ ਸੰਘਰਸ਼ ਦੇ ਰਸਤੇ ਤੇ ਤੁਰ ਪਿਆ। ਜਿਸਦੇ ਨਤੀਜੇ ਵਜੋਂ ਪੰਜਾਬ ਅੰਦਰ ਖਾੜਕੂ ਲਹਿਰ ਨੇ ਜਨਮ ਲਿਆ ਅਤੇ ਕਾਂਗਰਸ ਦੀ ਦਿਆਨਤਦਾਰੀ ਅਤੇ ਇਮਾਨਦਾਰੀ ਨਾ ਹੋਣ ਕਰਕੇ ਪੰਜਾਬ ਨੇ ਲੰਬਾ ਸਮਾਂ ਸੰਤਾਪ ਭੋਗਿਆ। ਪੰਜਾਬ ਅੱਜ ਵੀ ਆਰਥਿਕ ਸੰਕਟ ਵਿਚੋਂ ਗੁਜਰ ਰਿਹਾ ਹੈ ਇਸਦਾ ਪ੍ਰਮੁੱਖ ਕਾਰਨ ਸਮੇਂ-ਸਮੇਂ ਦੀਆਂ ਕੇਂਦਰ ਸਰਕਾਰਾਂ ਸਿੱਖਾਂ ਅਤੇ ਪੰਜਾਬੀਆ ਦੇ ਮਸਲਿਆਂ ਨੂੰ ਸੁਹਿਰਦਤਾ ਨਾਲ ਨਾ ਹੱਲ ਕਰਨਾ ਹੈ।

ਪੰਜਾਬ ਅਤੇ ਸਿੱਖਾਂ ਕੋਲ ਅੱਜ ਵੀ ਸੂਝਵਾਨ ਲੀਡਰਸ਼ੀਪ ਦੀ ਘਾਟ ਰੜਕਦੀ ਹੈ ਜਿਸ ਕਰਕੇ ਉਸਨੂੰ ਪੰਜਾਬ ਨੂੰ ਅਗਾਂਹ ਲਿਜਾਣ ਦੀ ਬਜਾਏ ਲਗਾਤਾਰ ਪਿਛੇ ਲੈ ਕੇ ਜਾ ਰਹੇ ਹਾਂ। ਪੰਜਾਬ ਵਿਚ ਨਾ ਹੀ ਕੋਈ ਖੇਤੀਬਾੜੀ ਬਾਰੇ ਸਪੱਸ਼ਟ ਪਹੁੰਚ ਹੈ ਜੋ ਕਿ ਪੰਜਾਬ ਨੂੰ ਆਰਥਿਕ ਗੁਲਾਮੀ ਵੱਲ ਲੈ ਕੇ ਜਾ ਰਹੀ ਹੈ। ਪੰਜਾਬ ਦੇ ਨੌਜਵਾਨਾਂ ਕੋਲ ਕੋਈ ਵੀ ਰੁਜ਼ਗਾਰ ਦਾ ਮੌਕਾ ਨਹੀਂ ਹੈ ਜੋ ਕਿ ਉਨ੍ਹਾਂ ਨੂੰ ਲਗਾਤਾਰ ਨਸ਼ਿਆਂ ਦੀ ਦਲਦਲ ਵਿਚ ਧੱਕੀ ਜਾ ਰਿਹਾ ਹੈ। ਪੰਜਾਬ ਦੀ ਇਸ ਦੁਰਦਸ਼ਾ ਲਈ ਜ਼ਿੰਮੇਵਾਰ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਬੁੱਧੀਜੀਵੀ ਵਰਗ ਦੇ ਲੋਕ ਹਨ।

# ਹਵਾਲੇ ਤੇ ਟਿੱਪਣੀਆਂ


1. Jaswnt Singh, *The Tribune*, Feb. 26, 1948.
2. ਜਸਵੰਤ ਸਿੰਘ (ਸੰਪਾ.) *ਸੰਤ ਸਿਪਾਹੀ*, ਮੈਗਜ਼ੀਨ, ਦਸੰਬਰ 1949.
3. Ajit Singh Sarhadi, Punjabi Suba: The Story of the Struggle, Delhi, U.C. Kapoor & Sons, 1974, p.349
4. Gurmeet Singh, *History of Sikh Struggles,* Vol. I, Atlantic Publisher & Distributor, New Delhi, 1989, p. 134.
5. *Ibid*, p.135.
6. Ajit Singh Sarhadi, Punjabi Suba: The Story of the Struggle, Delhi, U.C. Kapoor & Sons, 1974, p.349
7. ਉਹੀ, ਪੰਨਾ–357.
8. ਉਹੀ
9. Harbans Singh, *The Heritage of Sikhs*, Atlantic Publisher & Distributor, New Delhi, 1994, p.334.
10. Gurmit Singh, *History of Sikh Struggles*, Vol. 1, Atlantic Publisher & Distributor, New Delhi, 1989, pp.140-141.
11. Gurmit Singh, *History of Sikh Struggles,* Atlantic Publisher & Distributor, New Delhi, 1989, p.142.
12. Ajit Singh Sarhadi, Punjabi Suba: The Story of the Struggle, Delhi, U.C. Kapoor & Sons, 1974, p.366.
13. ਉਹੀ

14. ਉਹੀ

15. Gurmit Singh, *History of Sikh Struggles,* Vol. 1, Atlantic Publisher & Distributor, New Delhi, 1989

16. Ajit Singh Sarhadi, Punjabi Suba: The Story of the Struggle, Delhi, U.C. Kapoor & Sons, 1974, pp.369.

17. Ajit Singh Sarhadi, Punjabi Suba: The Story of the Struggle, Delhi, U.C. Kapoor & Sons, 1974, pp.356-57.

18. Ajit Singh Sarhadi, Punjabi Suba: The Story of the Struggle, Delhi, U.C. Kapoor & Sons, 1974, pp.372.

19. Ajit Singh Sarhadi, Punjabi Suba: The Story of the Struggle, Delhi, U.C. Kapoor & Sons, 1974, pp.376

20. Ajit Singh Sarhadi, Punjabi Suba: The Story of the Struggle, Delhi, U.C. Kapoor & Sons, 1974, pp.383.

21. Ajit Singh Sarhadi, Punjabi Suba: The Story of the Struggle, Delhi, U.C. Kapoor & Sons, 1974, pp.392.

22. Shushil Kumar, *Panorama of State Politics,* In Iqbal Narain (ed.)., *State Politics in India,* Vol.I, Meenakashi Prakashan, Meerut, 1967, p.77.

23. ਜਮਸ਼ੀਦ ਅਲੀ ਖਾਨ, *ਪੰਜਾਬ ਦੀ ਰਾਜਨੀਤੀ,* ਪਬਲੀਸ਼ਰ ਲੋਕਗੀਤ ਪ੍ਰਕਾਸ਼ਨ, 2005, ਪੰਨਾ-22.

24. ਜਮਸ਼ੀਦ ਅਲੀ ਖਾਨ, *ਪੰਜਾਬ ਦੀ ਰਾਜਨੀਤੀ,* ਪਬਲੀਸ਼ਰ ਲੋਕਗੀਤ ਪ੍ਰਕਾਸ਼ਨ, 2005, ਪੰਨਾ-65.

25. ਬਲਕਾਰ ਸਿੰਘ, ਅਕਾਲ ਤਖ਼ਤ ਸਾਹਿਬ : ਜੋਤ ਤੇ ਜੁਗਤ, ਐਸ.ਜੀ.ਪੀਸੀ., ਅੰਮ੍ਰਿਤਸਰ, 1969, ਪੰਨਾ-56.

26. ਹਰਜਿੰਦਰ ਸਿੰਘ ਦਿਲਗੀਰ (ਡਾ.), ਸਿੱਖ ਤਵਾਰੀਖ਼ 'ਚੋ ਅਕਾਲ ਤਖ਼ਤ ਸਾਹਿਬ ਦਾ ਰੋਲ, ਸਿੱਖ ਯੂਨੀਵਰਸਿਟੀ, ਪ੍ਰੈਸ, ਬੈਲਜੀਅਮ, 2005

27. Giani Ajmer Singh, The Draft New Policy Programme of Shiromani Akali Dal, Adopted by its working committee at its meeting held at Sri Anandpur Sahib on 16-17 October 1973 to be approved by General House of the Akali Dal its Session 28-08-1977) Amritsar, Shiromani Akali Dal, 1977.

28. Ram Narayan Kumar, The Sikh Struggler and The New Indian State, pp.205-206.

## ਪਾਠ ਛੇਵਾਂ

## ਧਰਮ ਅਤੇ ਰਾਜਨੀਤੀ: ਰਾਜਨੀਤਿਕ ਅਤੇ ਧਾਰਮਿਕ ਆਗੂ

ਮਨੁੱਖੀ ਇਤਿਹਾਸ ਵਿਚ ਧਰਮ ਅਤੇ ਰਾਜਨੀਤੀ ਦੋਵੇਂ ਹੀ ਮਹੱਤਵਪੂਰਨ ਹਨ। ਧਰਮ ਮਨੁੱਖੀ ਭਾਵਨਾਵਾਂ ਤੇ ਆਧਾਰਿਤ ਹੁੰਦਾ ਹੈ ਅਤੇ ਜਦੋਂ ਕਿ ਰਾਜਨੀਤੀ ਵਿਚ ਮਨੁੱਖੀ ਸੋਚ ਕੰਮ ਕਰਦੀ ਹੈ। ਧਰਮ ਮਨੁੱਖ ਦੇ ਅਚਾਰ-ਵਿਹਾਰ, ਅਹਾਰ ਅਤੇ ਵਿਚਾਰ ਨੂੰ ਸ਼ੁੱਧ ਕਰਕੇ ਉਸਦੀ ਆਤਮਾ ਵਿਚ ਵਸਾਉਂਦਾ ਹੈ। ਧਰਮ ਨੇ ਮਨੁੱਖ ਨੂੰ ਮਨੁੱਖ ਵਿਚ ਵੱਡਾ ਯੋਗਦਾਨ ਪਾਇਆ ਹੈ। ਧਰਮ ਮਨੁੱਖ ਦੀ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਜਿੰਮੇਵਾਰੀ ਨੂੰ ਸਹੀ ਰੂਪ ਵਿਚ ਚਲਾਉਣ ਵਾਲਾ ਨਿਯਮਿਤ ਆਧਾਰ ਹੈ। ਰਾਜਨੀਤੀ ਨੇ ਮਨੁੱਖ ਲਈ ਰਾਜਨੀਤਿਕ ਦਸ਼ਾ ਦੀਆਂ ਹੱਦਬੰਦੀਆਂ ਸਥਾਪਿਤ ਕੀਤੀਆਂ ਹਨ। ਧਰਮ ਅਤੇ ਰਾਜਨੀਤੀ ਇੱਕ ਦੂਜੇ ਦੇ ਪੂਰਕ ਹਨ। ਜਿਵੇਂ ਕਿ ਰਾਜਨੀਤੀ ਸਰੀਰ ਹੋਵੇ ਅਤੇ ਧਰਮ ਉਸਦੀ ਆਤਮਾ ਹੋਵੇ। ਸੱਭਿਆਤਾਵਾਂ ਨੇ ਸ਼ੁਰੂ ਵਿਚ ਵੀ ਧਰਮ ਅਤੇ ਰਾਜਨੀਤੀ ਇੱਕ ਦੂਜੇ ਲਈ ਸਹਾਈ ਹੁੰਦੀਆਂ ਸਨ। ਅੱਜ ਦੇ ਸਮੇਂ ਵਿਚ ਧਰਮ ਅਤੇ ਰਾਜਨੀਤੀ ਦਾ ਕੀ ਸਰੂਪ ਹੈ ਵਿਸ਼ੇ ਤੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਅਤੇ ਸਿੱਖ ਧਾਰਮਿਕ ਸੰਸਥਾਵਾਂ ਦੇ ਜਥੇਦਾਰਾਂ ਅਤੇ ਸਿੱਖ ਵਿਦਵਾਨਾਂ ਦੀ ਕੀ ਪਹੁੰਚ ਹੈ ਬਾਰੇ ਕੁੱਝ ਅੰਸ਼ ਇਸ ਤਰ੍ਹਾਂ ਹਨ :-

## ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨਾਲ ਹੋਈ ਧਰਮ ਅਤੇ ਰਾਜਨੀਤੀ ਸੰਬੰਧੀ ਗੱਲਬਾਤ ਦੌਰਾਨ





ਧਰਮ ਅਤੇ ਰਾਜਨੀਤੀ ਦੇ ਸੰਬੰਧ ਵਿਚ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਮਾਨਯੋਗ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਗੱਲਬਾਤ ਕੀਤੀ ਗਈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੰਨਣਾ ਹੈ ਕਿ ਰਾਜਨੀਤੀ ਨੂੰ ਧਰਮ ਦੇ ਅਧੀਨ ਰਹਿਣਾ ਚਾਹੀਦਾ

ਹੈ। ਇੱਕ ਵਧੀਆ ਧਰਮੀ ਵਿਅਕਤੀ ਹੀ ਵਧੀਆ ਰਾਜਨੇਤਾ ਹੋ ਸਕਦਾ ਹੈ। ਜਦੋਂ-ਜਦੋਂ ਰਾਜਨੀਤੀ ਧਰਮ ਤੇ ਭਾਰੂ ਹੋਈ ਹੈ ਉਦੋਂ ਹੀ ਧਰਮ ਦਾ ਨੁਕਸਾਨ ਹੋਇਆ ਹੈ। ਸਿੱਖ ਧਰਮ ਦੇ ਵਿਚ ਰਾਜਨੀਤੀ ਦੇ ਪ੍ਰਵੇਸ਼ ਨਾਲ ਸਿੱਖ ਧਾਰਮਿਕ ਕਦਰਾਂ-ਕੀਮਤਾਂ ਨੂੰ ਭਾਰੀ ਠੇਸ ਪਹੁੰਚੀ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਿਹਾ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਰਾਜਨੀਤਿਕ ਗਤੀਵਿਧੀਆਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਹੈ। ਸਾਨੂੰ ਰਾਜਨੀਤਿਕਗਤੀਵਿਧੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੀ ਚਲਾਈਆਂ ਜਾਣੀਆਂ ਚਾਹੀਦੀਆਂ ਹਨ।ਉਨ੍ਹਾਂ ਦਾ ਮੰਨਣਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਧਰਮ ਦਾ ਧੁਰਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਰਾਜਨੀਤੀ ਦਾ ਧੁਰਾ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਹੀ ਇਸ ਕਰਕੇ ਕਰਵਾਈ ਸੀ ਕਿ ਅਕਾਲ ਤਖ਼ਤ ਤੇ ਕਿਸੇ ਵੀ ਰਾਜਨੀਤਿਕ ਗਤੀਵਿਧੀ ਨੂੰ ਸ਼ੁਰੂ ਕਰਨ ਸਮੇਂ ਧਰਮ ਨੂੰ ਸਭ ਤੋਂ ਪਹਿਲਾਂ ਸਿਜਦਾ ਕੀਤਾ ਜਾਵੇ ਇਥੇ ਇਹ ਸਪੱਸ਼ਟ ਕਰਨਾ ਬਣਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਧਰਮ ਦਾ ਹੀ ਪ੍ਰਤੀਕ ਹੈ ਕਿਉਂਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਧਰਮ ਦੀ ਰੱਖਿਆ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਸੀ ਨਾ ਕਿ ਰਾਜਨੀਤਿਕ ਕਰਨ ਲਈ।

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਗੱਲਬਾਤ ਦੌਰਾਨ ਕਹਿੰਦੇ ਹਨ ਕਿ ਧਰਮ ਦੀ ਰਾਜਨੀਤੀ ਲਈ ਵਰਤੋਂ ਕਰਨੀ ਗਲਤ ਹੈ। ਪਰੰਤੂ ਜੇਕਰ ਵਰਤੋਂ ਚੰਗੀ ਨੀਅਤ ਨਾਲ ਕੀਤੀ ਜਾਵੇ ਤਾਂ ਫਿਰ ਸਮਾਜ ਵਿੱਚ ਉਸਾਰੂ ਕਦਰਾਂ ਕੀਮਤਾਂ ਪੈਦਾ ਹੋਣਗੀਆਂ। ਧਰਮ ਸਾਨੂੰ ਨੈਤਿਕ ਕਦਰਾਂ ਕੀਮਤਾਂ ਸਿਖਾਉਂਦਾ ਹੈ। ਜੇਕਰ ਨੈਤਿਕ ਕਦਰਾਂ ਕੀਮਤਾਂ ਨੂੰ ਲਾਗੂ ਕਰਨ ਲਈ ਧਰਮ ਤੇ ਰਾਜਨੀਤੀ ਨੂੰ ਇਕੱਠਾ ਚਲਣਾ ਪਵੇ ਤਾਂ ਇਸ ਹੱਦ ਤੱਕ ਇਹ ਗੱਲ ਠੀਕ ਹੈ। ਸੋ ਮੇਰੀ ਖੋਜ ਵਿਚ ਇਹ ਸਪੱਸ਼ਟ ਸੰਕੇਤ ਹੈ ਕਿ ਰਾਜਨੀਤੀ ਦਿਨ-ਬ-ਦਿਨ ਧਰਮ ਤੇ ਭਾਰੂ ਹੋ ਰਹੀ ਹੈ। ਜਿਸ ਨਾਲ ਸਿੱਖ ਸਮਾਜ ਵਿਚ ਅਸੰਤੁਸ਼ਟੀ ਵੱਧ ਰਹੀ ਹੈ।

## ਸਰਪ੍ਰਸਤ ਸ਼੍ਰੋਮਣੀ ਅਕਾਲੀ ਦਲ ਅਤੇ ਮੁੱਖ ਮੰਤਰੀ ਪੰਜਾਬ ਸ੍ਰ. ਪ੍ਰਕਾਸ਼ ਸਿੰਘ ਬਾਦਲ ਨਾਲ ਧਰਮ ਅਤੇ ਰਾਜਨੀਤੀ ਸੰਬੰਧੀ ਹੋਈ ਗੱਲਬਾਤ ਦੌਰਾਨ





ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਮੌਜੂਦਾ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਧਰਮ ਦੀ ਰਾਜਨੀਤੀ ਦੀ ਵਰਤੋਂ ਜਾਇਜ਼ ਹੈ ? ਦੇ ਪ੍ਰਸ਼ਨ ਦੇ ਉੱਤਰ ਵਿਚ ਕਿਹਾ ਕਿ ਧਰਮ ਦੀਆਂ ਪਵਿੱਤਰ ਮਨੁੱਖੀ ਕਦਰਾਂ-ਕੀਮਤਾਂ ਰਾਜਨੇਤਾ ਦੇ ਵਿਹਾਰ ਨੂੰ ਸੇਧ ਦਿੰਦੀਆਂ

ਹਨ ਧਾਰਮਿਕ ਆਦਰਸ਼ ਜਿਨ੍ਹਾਂ ਵਿਚ ਸੱਚਾਈ, ਨਿਮਰਤਾ, ਇਮਾਨਦਾਰੀ ਹੀ ਰਾਜਨੀਤੀ ਦੀ ਨੀਂਹ ਬਣਦੇ ਹਨ। ਧਰਮ ਰਾਜਨੀਤੀ ਨੂੰ ਸੇਧ ਦਿੰਦਾ ਹੈ ਇੱਕ ਧਾਰਮਿਕ ਮਨੁੱਖ ਹੀ ਵਧੀਆ ਰਾਜਨੇਤਾ ਹੋ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਮਨੁੱਖਤਾ ਦੀ ਭਲਾਈ ਲਈ ਧਰਮ ਤੋਂ ਪ੍ਰੇਰਣਾ ਲੈਂਦਾ ਹੈ।

ਹਰਿਆਣੇ ਵਿਚ ਵੱਖਰੀ ਗੁਰੁਦੁਆਰਾ ਪ੍ਰਬੰਧਕ ਕਮੇਟੀ  ਦੇ ਪ੍ਰਸ਼ਨ ਦੇ ਉੱਤਰ ਵਿਚ ਉਨ੍ਹਾਂ ਨੇ ਕਿਹਾ ਕਿ ਇਹ ਕਾਂਗਰਸ ਪਾਰਟੀ ਦੀ ਇਤਿਹਾਸਕ ਗਲਤੀ ਹੈ। ਉਨ੍ਹਾਂ ਨੇ ਕਿਹਾ ਕਾਂਗਰਸ ਪਾਰਟੀ ਹਰਿਆਣੇ ਵਿਚ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕਰ ਰਹੀ ਹੈ ਅਤੇ ਧਰਮ ਦੀ ਰਾਜਨੀਤੀ ਲਈ ਵਰਤੋਂ ਕਰ ਰਹੀ ਹੈ।

## ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਉਪ ਮੁੱਖ ਮੰਤਰੀ ਪੰਜਾਬ ਸ੍ਰ. ਸੁਖਬੀਰ ਸਿੰਘ ਬਾਦਲ ਨਾਲ ਖੋਜਾਰਥੀ ਧਰਮ ਅਤੇ ਰਾਜਨੀਤੀ ਸੰਬੰਧੀ ਹੋਈ ਗੱਲਬਾਤ ਦੌਰਾਨ





ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਅਤੇ ਮੌਜੂਦਾ ਸਰਕਾਰ ਵਿਚ ਬਤੌਰ ਉੱਪ ਮੁੱਖੀ ਮੰਤਰੀ ਸੇਵਾਵਾਂ ਨਿਭਾ ਰਹੇ ਸ. ਸੁਖਬੀਰ ਸਿੰਘ ਬਾਦਲ ਨਾਲ ਜਦੋਂ ਧਰਮ ਅਤੇ ਰਾਜਨੀਤੀ ਬਾਰੇ ਗੱਲ ਕੀਤੀ ਗਈ। ਇਸ ਗੱਲਬਾਤ ਦੇ ਕੁੱਝ ਅੰਸ਼ ਇਸ ਤਰ੍ਹਾਂ ਹਨ :

ਖੋਜਾਰਥੀ ਵਲੋਂ ਸ. ਸੁਖਬੀਰ ਸਿੰਘ ਬਾਦਲ ਉਪ-ਮੁੱਖ ਮੰਤਰੀ ਨੂੰ ਪੁੱਛੇ ਗਏ ਧਰਮ

ਅਤੇ ਰਾਜਨੀਤੀ ਦਾ ਇਕੱਠੇ ਚੱਲਣਾ ਸੰਭਵ ਹੈ ਦੇ ਪ੍ਰਸ਼ਨ ਦੇ ਉੱਤਰ ਵਿਚ ਉਨ੍ਹਾਂ ਨੇ ਕਿਹਾ ਧਰਮ ਅਤੇ ਰਾਜਨੀਤੀ ਦੋਨੋਂ ਹੀ ਮਨੁੱਖਤਾ ਦੀ ਭਲਾਈ ਚਾਹੁੰਦੇ ਹਨ। ਦੋਨਾਂ ਦੇ ਉਦੇਸ਼ ਸਾਂਝੇ ਹਨ। ਧਰਮ, ਸਮਾਨਤਾ, ਨਿਆ, ਮਨੁੱਖਤਾ ਭਲਾਈ ਚਾਹੁੰਦਾ ਹੈ।

ਰਾਜਨੀਤੀ ਦਾ ਉਦੇਸ਼ ਵੀ ਮਨੁੱਖਤਾ ਦੀ ਭਲਾਈ ਹੈ, ਧਰਮ ਅਤੇ ਰਾਜਨੀਤੀ ਦੋਵਾਂ ਦਾ ਆਧਾਰ ਇਮਾਨਦਾਰੀ ਅਤੇ ਸੱਚਾਈ ਹੈ। ਉਨ੍ਹਾਂ ਨੇ ਕਿਹਾ ਕਿ ਧਰਮ ਵਿਚ ਰਾਜਨੀਤੀ ਦੀ ਵਰਤੋਂ ਨਹੀਂ ਹੋਣੀ ਚਾਹੀਦੀ ਪਰੰਤੂ ਰਾਜਨੀਤੀ ਦੀਆਂ ਕਦਰਾਂ-ਕੀਮਤਾਂ ਵੀ ਧਰਮ ਦੀ ਵਰਤੋਂ ਕਰਨਾ ਜਾਇਜ਼ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਕਹਿਣਾ ਹੈ ਕਿ ਧਾਰਮਿਕ ਕਦਰਾਂ-ਕੀਮਤਾਂ ਸਾਡੀ ਪਾਰਟੀ ਦਾ ਆਧਾਰ ਹੈ ਪਰੰਤੂ ਅਸੀਂ ਧਰਮ ਦੀ ਸੌੜੇ ਰਾਜਸੀ ਹਿੱਤਾਂ ਲਈ ਵਰਤੋਂ ਕਰਨ ਲਈ ਕਦੇ ਇਜਾਜ਼ਤ ਨਹੀਂ ਦਿੰਦੇ। ਸ਼੍ਰੋਮਣੀ ਅਕਾਲੀ ਦਲ ਗੁਰੂਆਂ-ਪੀਰਾਂ, ਪੈਗੰਬਰਾਂ ਅਤੇ ਸੰਤਾਂ ਦੇ ਦਖਾਏ ਮਾਰਗ ਤੇ ਚੱਲ ਕੇ ਮਨੁੱਖਤਾ ਦੀ ਭਲਾਈ ਲਈ ਕੰਮ ਕਰ ਰਿਹਾ ਹੈ। ਧਾਰਮਿਕ ਆਦਰਸ਼, ਮਨੁੱਖੀ ਸਾਂਝ ਅਤੇ ਲੋਕਾਂ ਦਾ ਭਲਾ ਅਤੇ ਉਨ੍ਹਾਂ ਨੂੰ ਨਿਆ ਪ੍ਰਦਾਨ ਕਰਨਾ ਸਾਡੀ ਰਾਜਨੀਤੀ ਦਾ ਮੁੱਖ ਨਿਸ਼ਾਨਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਆਪਣੀ ਪਾਰਟੀ ਲਈ ਧਰਮ ਦੀ ਵਰਤੋਂ ਨੂੰ ਮਨੁੱਖਤਾਂ ਦੀ ਹੀ ਭਲਾਈ ਨਾਲ ਜੋੜਦੇ ਹੋਏ ਲੱਗੇ।

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਸ੍ਰ. ਅਵਤਾਰ ਸਿੰਘ ਮੱਕੜ ਖੋਜਾਰਥੀ ਨਾਲ ਖੋਜ ਵਿਸ਼ੇ ਤੇ ਗੱਲਬਾਤ ਕਰਦੇ ਹੋਏ**





ਸ਼੍ਰੋਮਣੀ ਗੁਰੁਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨਾਲ ਰਾਜਨੀਤੀ ਦੇ ਵਿਸ਼ਾ ਬਾਰੇ ਗੱਲਬਾਤ ਕੀਤੀ ਉਸ ਗੱਲਬਾਤ ਦੇ ਪ੍ਰਮੁੱਖ ਅੰਸ਼ ਇਸ ਤਰ੍ਹਾਂ ਹਨ–

ਸਿੱਖ ਧਰਮ, ਧਰਮ ਤੇ ਰਾਜਨੀਤੀ ਦਾ ਸੁਮੇਲ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ

ਬਾਬਰ ਨੂੰ ਜਾਬਰ ਕਹਿਣਾ ਅਤੇ ਉਸ ਵਲੋਂ ਮਨੁੱਖਤਾ ’ਤੇ ਕੀਤੇ ਜਾ ਰਹੇ ਅਤਿਆਚਾਰਾਂ ਵਿਰੁੱਧ ਉੱਚੀ ਸੁਰ ਵਿਚ ਆਵਾਜ਼ ਉਠਾਉਣੀ ਧਰਮ ਦੇ ਦਾਇਰੇ ਵਿਚ ਰਹਿੰਦਿਆਂ ਸੱਚੀ-ਸੁੱਚੀ ਰਾਜਨੀਤੀ ਦਾ ਹੀ ਹਿੱਸਾ ਕਿਹਾ ਜਾ ਸਕਦਾ ਹੈ। ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਵਲੋਂ ਮੀਰੀ-ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਨ ਕੀਤੀਆਂ ਗਈਆਂ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ਼ਕਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ, ਸ਼ਾਹੀ ਠਾਠ ਰੱਖਿਆ, ਆਪਣੀ ਫੌਜ ਵਿਚ ਸਿੱਖ ਯੋਧੇ ਰੱਖੇ, ਚੰਗੇ ਘੋੜੇ ਅਤੇ ਸ਼ਸਤਰ ਰੱਖੇ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਦੀ ਸਾਜਨਾ ਕਰਕੇ ਉਸ ਨੂੰ ਸ਼ਸਤਰਧਾਰੀ ਕਰਨ ਲਈ ਅਮਲੀ ਰੂਪ ਦਿੱਤਾ ਗਿਆ। ਇਸ ਤਰ੍ਹਾਂ ਸਿੱਖ ਧਰਮ ਵਿਚ ਧਰਮ ਤੇ ਰਾਜਨੀਤੀ ਇਕੱਠੇ ਚੱਲਦੇ ਹਨ। ਇਥੇ ਇਹ ਗੱਲ ਜ਼ਰੂਰੀ ਹੈ ਕਿ ਰਾਜਨੀਤੀ ਧਰਮ ਦੇ ਦਾਇਰੇ ਵਿਚ ਹੋਵੇ। ਗੁਰੂ ਸਾਹਿਬ ਨੇ ਰਾਜਨੀਤੀ ਨੂੰ ਧਰਮ ਦੀ ਰੱਖਿਆ ਲਈ ਵਰਤਿਆ। ਨਿਰਣੇ ਦੀ ਗੱਲ ਇਹ ਹੈ ਕਿ ਸਿੱਖ ਧਰਮ ਵਿਚ ਧਰਮ ਤੇ ਰਾਜਨੀਤੀ ਨੂੰ ਵੱਖ ਨਹੀਂ ਕੀਤਾ ਜਾ ਸਕਦਾ।

ਜਿਸ ਤਰ੍ਹਾਂ ਪਹਿਲੇ ਸਵਾਲ ਵਿਚ ਦੱਸਿਆ ਗਿਆ ਹੈ ਕਿ ਸਿੱਖ ਧਰਮ ਵਿਚ ਧਰਮ ਅਤੇ ਰਾਜਨੀਤੀ ਨੂੰ ਵੱਖ-ਵੱਖ ਨਹੀਂ ਕੀਤਾ ਜਾ ਸਕਦਾ। ਹਾਂ, ਇਹ ਗੱਲ ਵੀ ਬਹੁਤ ਅਹਿਮ ਹੈ ਕਿ ਧਰਮ ਹਮੇਸ਼ਾ ਰਾਜਨੀਤੀ ਤੋਂ ਉੱਪਰ ਰਹਿਣਾ ਚਾਹੀਦਾ ਹੈ। ਰਾਜਨੀਤੀ ਦੇ ਪ੍ਰਭਾਵ ਹੇਠ ਧਰਮ ਨਹੀਂ, ਸਗੋਂ ਧਰਮ ਦੇ ਪ੍ਰਭਾਵ ਹੇਠ ਰਾਜਨੀਤੀ ਰਹਿਣੀ ਚਾਹੀਦੀ ਹੈ।

ਅਜਿਹੀ ਕੋਈ ਗੱਲ ਨਹੀਂ ਹੈ। ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਉਹ ਜੱਥੇਬੰਦੀ ਹੈ, ਜਿਸ ਨੇ ਧਰਮ ਦੀ ਖਾਤਰ ਅਨੇਕਾਂ ਕੁਰਬਾਨੀਆਂ ਦਿੱਤੀਆਂ ਅਤੇ ਮਹੰਤਾਂ ਕੋਲੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਲਈ ਲੰਮਾ ਸੰਘਰਸ਼ ਲੜਿਆ। ਮਹੰਤਾਂ ਵਲੋਂ ਗੁਰੂ-ਘਰ ਵਿਚ ਕੀਤੀਆਂ ਜਾਂਦੀਆਂ ਮਨਮਾਨੀਆਂ ਧਰਮ ਅਸਥਾਨਾਂ ਵਿਚ ਅਧਰਮ ਦਾ ਪ੍ਰਗਟਾਵਾ ਸੀ। ਅਕਾਲੀ ਦਲ ਸ਼ਹੀਦਾਂ ਦੀ ਜੱਥੇਬੰਦੀ ਹੈ ਅਤੇ ਇਸ ਦਾ ਲਹੂ ਭਿੱਜਾ ਇਤਿਹਾਸ ਹੈ। ਅਕਾਲੀ ਦਲ ਧਰਮ ਦੀ ਰਖਵਾਲੀ ਲਈ ਸਦਾ ਸੰਘਰਸ਼ ਕਰਦਾ ਰਿਹਾ ਹੈ

ਅਤੇ ਰਹੇਗਾ। ਇੰਞ ਗੁਰਦੁਆਰਿਆਂ ਦਾ ਪ੍ਰਬੰਧ ਅਕਾਲੀ ਦਲ ਵਲੋਂ ਪੰਥਕ ਹੱਥਾਂ ਵਿਚ ਲਿਆ ਗਿਆ। ਸੋ ਸਪੱਸ਼ਟ ਹੈ ਕਿ ਅਕਾਲੀ ਦਲ ਦੀ ਰਾਜਨੀਤੀ ਧਰਮ ਤੇ ਨਿਰਭਰ ਨਹੀਂ ਹੈ, ਸਗੋਂ ਅਕਾਲੀ ਦਲ ਤਾਂ ਧਰਮ ਅਤੇ ਗੁਰੂ ਘਰਾਂ ਦੀ ਰਖਵਾਲੀ ਤੇ ਮਾਣ-ਮਰਯਾਦਾ ਲਈ ਹਮੇਸ਼ਾਂ ਮੋਹਰੀ ਰਹਿੰਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਵੱਖਰੀ ਬਾਡੀ ਹੈ ਪਰ ਇਸ ਦੀਆਂ ਜਨਰਲ ਚੋਣਾਂ ਸਮੇਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਉਮੀਦਵਾਰ ਖੜ੍ਹੇ ਕੀਤੇ ਜਾਂਦੇ ਹਨ ਭਾਵ ਕਿ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਂਦਾ ਹੈ। ਵੱਡੀ ਗੱਲ ਤਾਂ ਇਹ ਹੈ ਕਿ ਪਿਛਲੇ ਲੰਮੇ ਅਰਸੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹੀ ਉਮੀਦਵਾਰ ਵੱਡੀ ਗਿਣਤੀ ਵਿਚ ਜਿੱਤਦੇ ਰਹੇ ਹਨ। ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ’ਤੇ ਜਿੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਸ਼੍ਰੋਮਣੀ ਅਕਾਲੀ ਦਲ ਦੇ ਵੀ ਮੈਂਬਰ ਹੁੰਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਨ ਅਨੁਸਾਰ ਪਾਰਟੀ ਪ੍ਰਧਾਨ ਵੱਲੋਂ ਹੀ ਅੰਤਿਮ ਨਿਰਣਾ ਲਿਆ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੋਵੇਗਾ। ਇਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਮਨਮਰਜ਼ੀ ਨਹੀਂ, ਸਗੋਂ ਦਲ ਦੀ ਟਿਕਟ ਤੇ ਜਿੱਤੇ ਮੈਂਬਰਾਂ ਵਲੋਂ ਕਮੇਟੀ ਦਾ ਪ੍ਰਧਾਨ ਚੁਣਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਦਿੱਤੇ ਜਾਂਦੇ ਅਧਿਕਾਰਾਂ ਦੀ ਪ੍ਰਕਿਰਿਆ ਦਾ ਹਿੱਸਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਨਿਆਰੀ ਹੋਂਦ ਅਤੇ ਸਿੱਖ ਰਾਜਨੀਤੀ ਦਾ ਪ੍ਰਤੀਕ ਹੈ। ਸਿੱਖਾਂ ਦੀ ਇਸ ਸਰਵ-ਉੱਚ ਸੰਸਥਾ ਨੂੰ ਹਰ ਸਿੱਖ ਸਮਰਪਿਤ ਹੋ ਕੇ ਜੀਵਨ ਜਿਉਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜ ਖੇਤਰੀ ਸਿੱਖ ਕੌਮ ਦੇ ਹਰ ਮਸਲੇ ਨਾਲ ਜੁੜਿਆ ਹੋਇਆ ਹੈ। ਇਹ ਮਸਲੇ ਧਾਰਮਿਕ ਅਤੇ ਰਾਜਨੀਤਿਕ ਦੋਹਾਂ ਤਰ੍ਹਾਂ ਦੇ ਹੀ ਹੋ ਸਕਦੇ ਹਨ। ਹਰ ਸਿੱਖ ਦਾ ਜੀਵਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਤੇ ਸਰਵ-ਉੱਚਤਾ ਨਾਲ ਜੁੜਿਆ ਹੋਇਆ ਹੈ। ਸਿੱਖ ਰਾਜਨੀਤੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਖੋਜਾਰਥੀ ਨਾਲ ਖੋਜ ਵਿਸ਼ੇ ਦੇ ਸੰਬੰਧ ਵਿਚ ਗੱਲਬਾਤ ਕਰਦੇ ਹੋਏ





ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਧਰਮ ਅਤੇ ਰਾਜਨੀਤੀ ਦੇ ਵਿਸ਼ੇ ਬਾਰੇ ਕੁਝ ਪ੍ਰਸ਼ਨਾਂ ਦਾ ਉਤਰ ਦਿੰਦੇ ਹੋਏ ਧਰਮ ਅਤੇ ਰਾਜਨੀਤੀ ਦੇ ਸੰਬੰਧਾਂ ਨੂੰ ਸਪੱਸ਼ਟ ਕਰਦੇ ਹੋਏ ਕਿਹਾ ਕਿ, ਇਤਿਹਾਸ ਗਵਾਹ ਹੈ ਕਿ ਜਦੋਂ ਕੋਈ ਵੀ ਧਾਰਮਿਕ ਖੇਤਰ ਲਈ ਖ਼ਤਰਾ ਪੈਦਾ ਹੋਇਆ ਤਾਂ ਸ਼੍ਰੋਮਣੀ ਅਕਾਲੀ ਦਲ ਪੂਰੀ ਸ਼ਕਤੀ ਨਾਲ ਜੂਝਿਆ ਅਤੇ ਜਦੋਂ ਕਦੀ ਅਕਾਲੀ ਲੀਡਰਸ਼ੀਪ ਜਾਂ ਕੋਈ ਵੀ ਸਿੱਖ ਸੰਸਥਾ ਸਿੱਖ ਸਿਧਾਂਤ ਤੋਂ ਥਿੜਕਦੀ ਨਜ਼ਰ ਆਈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣੀ ਧਾਰਮਿਕ ਹਸਤੀ ਦਾ ਭਰਪੂਰ ਪ੍ਰਗਟਾਵਾ ਕਰਕੇ ਰਾਜਨੀਤੀ ਨੂੰ ਸਹੀ ਥਾਂ ਉੱਤੇ ਕਾਇਮ ਰੱਖਿਆ। ਜਿਹੜੇ ਲੋਕ ਖ਼ਾਲਸਾ ਪੰਥ ਅੰਦਰ ਧਰਮ ਅਤੇ ਰਾਜਨੀਤੀ ਦੇ ਸੁਮੇਲ ਉੱਤੇ ਕਿੰਤੂ ਪਰੰਤੂ ਕਰਦੇ ਹਨ ਉਹ ਜਾਂ ਤਾਂ ਦੁਨੀਆਂ ਦੇ ਇਤਿਹਾਸ ਤੋਂ ਅਣਜਾਣ ਹਨ ਜਾਂ ਫਿਰ ਆਪਣੇ ਸੌੜੇ ਰਾਜਨੀਤਕ ਲਾਭ ਅਤੇ ਸੜੀਅਲ-ਈਰਖ਼ਾਲੂ ਨੀਤੀ ਅਧੀਨ ਹੀ ਕਰਦੇ ਹਨ। ਅਜਿਹੇ ਲੋਕਾਂ ਬਾਰੇ ਕਬੀਰ ਜੀ ਇਉਂ ਫ਼ੁਰਮਾਉਂਦੇ ਹਨ :

*ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥*
*ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥*

(ਸਲੋਕ ਕਬੀਰ ਜੀ, ਪੰਨਾ ੧੩੭੬)

ਅੱਜ ਦੇਸ਼ ਅੰਦਰ ਰਾਜਨੀਤਿਕ ਸ਼ਕਤੀ ਦੀ ਪ੍ਰਾਪਤੀ ਜਾਂ ਰਾਜਨੀਤਿਕ ਸ਼ਕਤੀ ਉੱਤੇ ਜਕੜ ਪੱਕੀ ਕਰਨ ਹਿਤ ਧਾਰਮਿਕ ਕੱਟੜਤਾ ਦਾ ਸਹਾਰਾ ਲਿਆ ਜਾ ਰਿਹੈ ਅਤੇ ਭੋਲੀ ਭਾਲੀ ਗ਼ਰੀਬ ਜਨਤਾ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ। ਇਸ ਦਾ ਨਤੀਜਾ ਹੀ ਹੈ ਕਿ ਦੇਸ਼ ਵਿਚ ਅਸਲ ਧਰਮ ਅਤੇ ਧਾਰਮਿਕਤਾ ਤਾ ਅਲੋਪ ਹੀ ਹੁੰਦੀ ਜਾ ਰਹੀ ਹੈ ਪਰੰਤੂ ਧਰਮ ਦੇ ਨਾਮ 'ਤੇ ਜਨਤਾ ਨੂੰ ਲੜਾਇਆ ਜ਼ਰੂ ਜਾ ਰਿਹਾ ਅਤੇ ਦੇਸ਼ ਦੇ ਹਰ ਕੋਨੇ ਵਿਚ ਫਿਰਕੂ ਤਣਾਅ ਹੈ ਜੋ ਵਾਰ-ਵਾਰ ਬੜੇ ਵੱਡੇ ਜਾਨੀ ਅਤੇ ਮਾਲੀ ਨੁਕਸਾਨ ਲਈ ਜ਼ਿੰਮੇਵਾਰ ਹੋਇਆ ਹੈ। ਅਜਿਹਾ ਆਮ ਕਰਕੇ ਉਨ੍ਹਾਂ ਲੋਕਾਂ ਵਲੋਂ ਹੀ

ਕੀਤਾ ਜਾ ਰਿਹਾ ਹੈ। ਜਿਹੜੇ ਖੁਦ ਧਰਮ ਦੇ ਅਰਥਾਂ ਅਤੇ ਅਸੂਲਾਂ ਤੋਂ ਕੋਹਾਂ ਦੂਰ ਹਨ, ਪਰੰਤੂ ਉਨ੍ਹਾਂ ਧਰਮ ਦਾ ਮਖੌਟਾ ਜ਼ਰੂਰ ਪਹਿਨਿਆ ਹੋਇਆ ਹੈ। ਇਨ੍ਹਾਂ ਦੀ ਹਾਲਤ ਤਾਂ, 'ਹੱਥ ਵਿਚ ਛੁਰੀ ਤੇ ਮੂਹ ਵਿਚ ਰਾਮ' ਅਤੇ "ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ" ਵਾਲੀ ਹੀ ਹੈ। ਅਜਿਹੇ ਲੋਕ ਦੇਸ਼ ਅਤੇ ਕੌਮ ਲਈ ਘਾਤਕ ਸਿੱਧ ਹੁੰਦੇ ਹਨ। ਇਸ ਲਈ ਆਓ ਧਰਮ ਅਤੇ ਰਾਜਨੀਤ ਦੇ ਸੰਜੋਗ ਅਤੇ ਸੁਮੇਲ ਨੂੰ ਸਹੀ ਅਰਥਾਂ ਵਿਚ ਸਮਝੀਏ ਅਤੇ ਆਪਣੇ ਜੀਵਨ ਵਿਚ ਅਪਣਾਈਏ ਅਤੇ ਦੇਸ਼ ਵਿਚ ਅਮਨ, ਸ਼ਾਂਤੀ, ਭਾਈਚਾਰਕ ਸਾਂਝ, ਸਾਂਝੀਵਾਲਤਾ, ਸਦਭਾਵਨਾ ਦਾ ਮਾਹੌਲ ਪ੍ਰਦਾਨ ਕਰਨ ਵਿਚ ਯੋਗਦਾਨ ਪਾਈਏ। ਉਸ ਅਕਾਲ ਪੁਰਖ ਦੀ ਰਹਿਮਤ ਵਿਚ ਪੂਰੇ ਭਾਈਵਾਲ ਬਣ ਕੇ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਅਤੇ "ਸਭੇ ਸਾਝੀਵਾਲ ਸਦਾਇਨੀ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਦੇ ਧਾਰਨੀ ਬਣੀਏ। ਜਿਵੇਂ ਕਾਇਆ ਅਤੇ ਆਤਮਾ ਦਾ ਸੰਜੋਗ ਕੁਦਰਤ ਦਾ ਕ੍ਰਿਸ਼ਮਾ ਹੈ, ਉਸੇ ਤਰ੍ਹਾਂ ਧਰਮ ਅਤੇ ਰਾਜਨੀਤੀ ਦਾ ਸੰਜੋਗ ਅਤੇ ਸੁਮੇਲ ਮਾਨਵਤਾਵਾਦੀ ਵਰਤਾਰਾ ਹੈ, ਜਿਵੇਂ ਕਿ ਉੱਘੇ ਸਿੱਖ ਵਿਦਵਾਨ ਅਤੇ ਚਿੰਤਕ ਡਾ. ਜਸਪਾਲ ਸਿੰਘ ਦਿੱਲੀ ਕਹਿੰਦੇ ਹਨ, "ਸਿੱਖ ਵਿਚ ਰਾਜ ਦਾ ਸੰਕਲਪ ਧਰਮ ਤੇ ਰਾਜ ਦੇ ਸੰਯੋਗ ਤੇ ਮੀਰੀ-ਪੀਰੀ ਦੇ ਸਿੱਖ ਸਿਧਾਂਤ ਉਪਰ ਆਧਾਰਿਤ ਹੈ। ਆਧੁਨਿਕ ਸਮਿਆਂ ਵਿਚ ਪ੍ਰਚਲਿਤ ਧਰਮ ਤੇ ਰਾਜ ਦਾ ਇੱਕ-ਦੂਜੇ ਤੋਂ ਵਿਯੋਗ ਗੁਰੂ-ਪਰੰਪਰਾ ਦੇ ਵਿਚਾਰਾਂ ਤੋਂ ਉਲਟ ਹੈ। ਗੁਰੂ ਪਰੰਪਰਾ ਦਾ ਮਤ ਸੀ ਕਿ ਧਰਮ ਤੇ ਰਾਜ ਦੋਵੇ ਮਨੁੱਖ ਨਾਲ ਸੰਬੰਧਿਤ ਸੰਸਥਾਵਾ ਹਨ। ਧਰਮ ਤੇ ਰਾਜ ਦੋਹਾਂ ਨੂੰ ਜੀਉਣ ਵਾਲਾ ਅਤੇ ਦੋਹਾਂ ਦੇ ਖੇਤਰ ਵਿਚ ਕਾਰਜਸ਼ੀਲ ਮਨੁੱਖ, ਮੂਲ ਰੂਪ ਵਿਚ ਇੱਕੋ ਹੈ। ਸੱਤਾ ਉਪਰ ਧਰਮ ਤੇ ਰਾਜ ਦੇ ਕਾਰਜ ਭਾਵੇਂ ਵੱਖੋ-ਵੱਖਰੇ ਮੁਹਾਂਦਰਿਆਂ ਵਾਲੇ ਹੋਣ ਪਰ ਉਨ੍ਹਾ ਵਿਚਕਾਰ ਬੁਨਿਆਦੀ ਸਾਂਝ ਹੈ। ਦੋਵੇਂ ਇੱਕ ਸੰਜੁਗਤ ਵਿਵਸਥਾ ਵੱਲ ਸੰਕੇਤ ਕਰਦੇ ਹਨ।" ਭਾਰਤ ਵਿਚ ਅਨੇਕਤਾ ਵਿਚ ਏਕਤਾ (Unity in diversity) ਦੇ ਸੱਚ ਨੂੰ ਵੇਖਦਿਆਂ ਉਕਤ ਵਿਦਵਾਨ ਵਲੋਂ ਪੇਸ਼

ਕੀਤਾ ਗੁਰਮਤਿ ਵਿਚ ਧਰਮ ਅਤੇ ਰਾਜਨੀਤੀ ਦੇ ਸੰਜੋਗ ਅਤੇ ਸੁਮੇਲ ਦਾ ਤਰਕ ਹੀ ਉਪਯੋਗੀ ਅਤੇ ਸਾਰਥਕ ਹੈ।

ਇਸ ਤਰ੍ਹਾਂ ਕਿਸੇ ਵੀ ਦੇਸ਼ ਲਈ ਨਿਰੋਲ ਪਦਾਰਥਵਾਦੀ ਸੋਚ ਅਧੀਨ ਰਾਜਨੀਤੀ ਜਾਂ ਫਿਰ ਨਿਰੋਲ ਧਾਰਮਿਕ ਸੋਚ ਵਾਲਾ ਰਾਜ (Theocratic State), ਲਾਹੇਵੰਦਾਂ, ਸਾਰਥਕ ਅਤੇ ਉਪਯੋਗੀ ਨਹੀਂ ਹੈ, ਸਗੋਂ ਧਰਮ ਦੇ ਗੁਣੀ ਕੁੰਡੇ ਹੇਠ ਲੋਕਾਂ ਦੀ ਸੇਵਾ, ਵਿਕਾਸ, ਅਮਨ-ਸ਼ਾਂਤੀ, ਸਾਂਝੀਵਾਲਤਾ ਕਾਇਮ ਕਰਨ ਅਤੇ ਰੱਖਣ ਵਾਲਾ ਨਿਆਂਕਾਰੀ ਰਾਜ ਹੀ ਉੱਤਮ ਦੁਨਿਆਵੀ ਰਾਜ-ਪ੍ਰਬੰਧ ਹੈ। ਆਓ ਅਜਿਹੇ ਰਾਜ- ਪ੍ਰਬੰਧ ਦੀ ਕਾਇਮੀ ਲਈ ਯਤਨਸ਼ੀਲ ਹੋਈਏ ਤਾਂ ਜੋ ਇਸ ਧਰਤੀ ਉੱਤੇ ਹੀ ਸਵਰਗੀ ਆਨੰਦ ਮਾਣ ਸਕੀਏ ਅਤੇ ਸੱਚਮੁੱਚ ਹੀ ਅਸ਼ਰਫ-ਉਲ- ਮਖ਼ਲੂਕਾਤ ਬਣ ਸਕੀਏ।

ਧਰਮ ਅਤੇ ਰਾਜਨੀਤੀ ਵਿਸ਼ੇ ਬਾਰੇ ਵੱਖ-ਵੱਖ ਧਾਰਮਿਕ, ਰਾਜਨੀਤਿਕ ਅਤੇ ਵਿਦਵਾਨਾਂ ਨਾਲ ਗੱਲਬਾਤ ਕਰਨ ਉਪਰੰਤ ਇਹ ਉਭਰ ਕੇ ਸਾਹਮਣੇ ਆਇਆ ਹੈ ਕਿ ਸਿਧਾਂਤਕ ਤੌਰ ਤੇ ਧਰਮ ਰਾਜਨੀਤੀ ਨੂੰ ਚਲਾਉਣ ਵਾਲੀ ਇੱਕ ਸ਼ਕਤੀ ਹੈ ਜਿਸ ਨਾਲ ਸਮੁੱਚੀ ਮਨੁੱਖਤਾ ਦੀ ਭਲਾਈ ਹੋ ਸਕਦੀ ਹੈ ਪਰੰਤੂ ਮੇਰੇ ਖਿਆਲ ਵਿਚ ਸਿਧਾਂਤਕ ਤੌਰ ਤੇ ਇਹ ਗੱਲ ਬਿਲਕੁੱਲ ਠੀਕ ਹੈ ਕਿ ਧਰਮ ਅਤੇ ਰਾਜਨੀਤੀ ਦੋਨਾਂ ਦਾ ਉਦੇਸ਼ ਮਨੁੱਖਤਾ ਦੀ ਭਲਾਈ ਹੈ। ਅੱਜ ਦੇ ਸਮੇਂ ਵਿਚ ਜੋ ਪ੍ਰਚਲਨ ਚੱਲ ਰਿਹਾ ਹੈ ਉਸ ਵਿਚ ਧਰਮ ਰਾਜਨੀਤਿਕ ਸੱਤਾ ਪ੍ਰਾਪਤ ਕਰਨ ਦਾ ਸਾਧਨ ਬਣ ਗਿਆ ਹੈ ਜੋ ਕਿ ਮਨੁੱਖਤਾ ਦੀ ਭਲਾਈ ਦੀ ਬਜਾਇ ਮਨੁੱਖਾਂ ਨੂੰ ਨਿਘਾਰ ਵੱਲ ਲੈ ਕੇ ਜਾ ਰਿਹਾ ਹੈ। ਰਾਜਨੀਤੀ ਦਾ ਉਦੇਸ਼ ਧਾਰਮਿਕ ਕਦਰਾਂ-ਕੀਮਤਾਂ ਨੂੰ ਉਭਾਰਨਾ ਹੋਣਾ ਚਾਹੀਦਾ ਹੈ। ਧਾਰਮਿਕ ਲੋਕਾਂ ਨੂੰ ਵੀ ਅਤੇ ਰਾਜਨੀਤਿਕ ਲੋਕਾਂ ਨੂੰ ਵੀ ਮਨੁੱਖ ਨੂੰ ਮਨੁੱਖ ਸਮਝ ਕੇ ਹੀ ਆਪਣਾ ਵਰਤਾਰਾ ਨਿਸ਼ਚਿਤ ਕਰਨਾ ਚਾਹੀਦਾ ਹੈ।

# ਸਿੱਟਾ

ਧਰਮ ਅਤੇ ਰਾਜਨੀਤੀ ਮਨੁੱਖੀ ਸਮਾਜ ਦੇ ਦੋ ਮਹੱਤਵਪੂਰਨ ਅੰਗ ਹਲ। ਅੰਤ ਵਿਚ ਖੋਜ ਦਾ ਨਿਚੋੜ ਇਹ ਹੈ ਕਿ ਜਨਮ ਤੋਂ ਹੀ ਧਰਮ ਮਨੁੱਖ ਨੂੰ ਪ੍ਰਭਾਵਿਤ ਕਰਦਾ ਹੈ। ਸਮਾਜ ਵਿਚ ਚੱਲ ਰਹੇ ਰੀਤੀ-ਰਿਵਾਜ਼ ਦਾ ਆਧਾਰ ਵੀ ਪ੍ਰਮੁੱਖ ਤੌਰ ਤੇ ਧਰਮ ਹੀ ਹੁੰਦਾ ਹੈ। ਮਨੁੱਖ ਦਾ ਜੀਵਨ ਸੂਖਮ ਅਤੇ ਕ੍ਰਿਆਸ਼ੀਲ ਹੁੰਦਾ ਹੈ। ਧਰਮ ਇੱਕ ਅਜਿਹਾ ਸੋਮਾ ਹੈ ਜੋ ਮਨੁੱਖ ਨੂੰ ਜੀਵਨ ਜਾਚ ਸਿਖਾਉਂਦਾ ਹੈ। ਹਰੇਕ ਧਰਮ ਦੀ ਵੱਖਰੀ ਫਿਲਾਸਫ਼ੀ ਹੁੰਦੀ ਹੈ ਜਿਸਦਾ ਆਧਾਰ ਉਸਦੀਆਂ ਪਰੰਪਰਾਵਾਂ ਹੁੰਦੀਆਂ ਹਨ। ਭਾਰਤ ਵਿਚ ਵੱਖ-ਵੱਖ ਧਰਮ ਨੂੰ ਮੰਨਣ ਵਾਲੇ ਲੋਕ ਵਸਦੇ ਹਨ। ਭਾਰਤ ਸਭਿਆਚਾਰਕ ਅਤੇ ਧਾਰਮਿਕ ਪੱਖੋਂ ਏਕਤਾ ਹੀ ਮਿਸਾਲ ਹੈ। ਸਿੱਖ ਧਰਮ ਸੇਵਾ, ਪਰਉਪਕਾਰ ਅਤੇ ਮਨੁੱਖੀ ਭਾਈਚਾਰਕ ਸਾਂਝ ਦੀ ਇੱਕ ਅਦੁੱਤੀ ਮਿਸਾਲ ਹੈ। ਧਰਮ ਨੂੰ ਅੰਗਰੇਜ਼ੀ ਵਿਚ ਰਿਲੀਜ਼ਨ ਕਹਿੰਦੇ ਹਨ। ਰਿਲੀਜ਼ਨ ਸ਼ਬਦ ਦੀ ਉਤਪਤੀ ਲਾਤੀਨੀ ਭਾਸ਼ਾ ਤੋਂ ਹੋਈ ਹੈ। ਜਿਸਦਾ ਅਰਥ ਕਿਸੇ ਦਾ ਨਾਲ ਬੰਨਣਾ ਹੈ ਪਰੰਤੂ ਭਾਰਤੀ ਸੰਸਕ੍ਰਿਤੀ ਵਿਚ ਧਰਮ ਸ਼ਬਦ ਦੇ ਅਰਥ ਬਹੁਤ ਵਿਆਪਕ ਹਨ। ਧਰਮ ਦਾ ਅਰਥ ਕਰਤਵ ਤੋਂ ਲਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਧਰਮ ਦੇ ਅਰਥ ਧਰਮ ਖੰਡ ਵਿਚ ਬੜੀ ਬਾਖੂਬੀ ਨਾਲ ਸਮਝਾਏ ਹਨ। ਭਗਵਦ ਗੀਤਾ ਵੀ ਧਰਮ ਦਾ ਅਰਥ ਕਰਮ ਤੋਂ ਲੈਂਦੀ ਹੈ। ਧਰਮ ਨੂੰ ਅਸੀਂ ਕਰਤੱਵ ਨਿਭਾਉਣ ਦੀ ਕ੍ਰਿਆ ਮੰਨਦੇ ਹਾਂ। ਭਾਰਤੀ ਸੰਸਕ੍ਰਿਤੀ ਕਰਤੱਵ ਵਿਚ ਨੈਤਿਕਤਾ ਨੂੰ ਸ਼ਾਮਿਲ ਕਰਦੀ ਹੈ ਸੋ ਨੈਤਿਕਤਾ ਨੂੰ ਵੀ ਧਰਮ ਦਾ ਕੇਂਦਰ ਬਿੰਦੂ ਮੰਨਿਆ ਜਾਂਦਾ ਹੈ ਇਸ ਪਾਠਕ੍ਰਮ ਵਿਚ ਧਰਮ ਮਨੁੱਖ ਨੂੰ ਅਲੌਕਿਕ ਸ਼ਕਤੀ ਨਾਲ ਜੋੜਦਾ ਹੈ ਅਤੇ ਮਨੁੱਖ ਉਸ ਅਲੌਕਿਕ ਸ਼ਕਤੀ ਦੇ ਹੁਕਮ ਵਿਚ ਆਪਣੇ ਜੀਵਨ ਦਾ ਸੰਪੂਰਨ ਵਿਕਾਸ ਕਰਦਾ ਹੈ। ਮਨੁੱਖੀ ਜੀਵਨ ਦੇ ਪੂਰਨ ਵਿਕਾਸ ਦੇ ਲਈ ਧਰਮ ਦੇ ਨਾਲ-ਨਾਲ ਰਾਜਨੀਤੀ ਨੂੰ ਵੀ ਜੋੜ

ਕੇ ਦੇਖਣਾ ਪਵੇਗਾ। ਮਨੁੱਖੀ ਸਖ਼ਸ਼ੀਅਤ ਦੇ ਸੰਪੂਰਨ ਵਿਕਾਸ ਦੇ ਨਾਲ-ਨਾਲ ਰਾਜਨੀਤੀ ਨੂੰ ਵੀ ਜੋੜ ਕੇ ਦੇਖਣਾ ਪਵੇਗਾ। ਮਨੁੱਖੀ ਸਖ਼ਸ਼ੀਅਤ ਦੇ ਸੰਪੂਰਨ ਵਿਕਾਸ ਦੇ ਨਾਲ-ਨਾਲ ਧਰਮ ਅਤੇ ਰਾਜਨੀਤੀ ਦੋਨੋਂ ਹੀ ਵਿਕਸਿਤ ਹੋਏ ਹਨ। ਰਾਜਨੀਤੀ ਦੀ ਸ਼ੁਰੂਆਤ ਮਨੁੱਖ ਨੇ ਆਪਣੀ ਸੁਰੱਖਿਆ ਵਿਚੋਂ ਵਿਕਸਿਤ ਕੀਤੀ ਹੈ। ਮਨੁੱਖ ਆਪਣੀ ਸੁਰੱਖਿਆ ਅਤੇ ਸਥਾਪਤੀ ਲਈ ਰਾਜਨੀਤੀ ਕਰਦਾ ਹੈ। ਸਭ ਤੋਂ ਪਹਿਲਾਂ ਰਾਜਨੀਤੀ ਦੀ ਸ਼ੁਰੂਆਤ ਕਬੀਲੇ ਦੇ ਮੁੱਖੀ ਦੀ ਚੋਣ ਤੋਂ ਹੋਈ। ਜੇਕਰ ਗਹੁ ਨਾਲ ਵੇਖਿਆ ਜਾਵੇ ਰਾਜਨੀਤੀ ਦਾ ਆਧਾਰ ਵੀ ਧਰਮ ਹੀ ਹੁੰਦਾ ਹੈ। ਪਲੈਟੋ ਅਤੇ ਅਰਸਤੂ ਦੀ ਲਿਖਤਾਂ ਵਿਚ ਆਦਰਸ਼ ਰਾਜ ਦੀ ਕਲਪਨਾ ਕੀਤੀ ਗਈ ਸੀ। ਆਦਰਸ਼ ਰਾਜ ਦਾ ਆਧਾਰ ਵੀ ਧਾਰਮਿਕ ਪਰੰਪਰਾਵਾਂ ਅਤੇ ਰੀਤੀ-ਰਿਵਾਜ਼ ਸਨ। ਰਾਜਨੀਤੀ ਨਿਰੰਤਰ ਰੂਪ ਵਿਚ ਚੱਲਣ ਵਾਲੀ ਇੱਕ ਸਰਬਵਿਆਪਕ ਕਿਰਿਆ ਹੈ। ਹਰੇਕ ਵਿਅਕਤੀ ਇਸ ਵਿਚ ਰੁਚੀ ਰੱਖਦਾ ਹੈ। ਛੋਟੀ ਤੋਂ ਛੋਟੀ ਇਕਾਈ ਤੋਂ ਲੈ ਕੇ ਅੰਤਰਰਾਸ਼ਟਰੀ ਸੰਸਥਾਵਾਂ ਵਿਚ ਰਾਜਨੀਤੀ ਪਾਈ ਜਾਂਦੀ ਹੈ। ਅਸਲ ਵਿਚ ਮਨੁੱਖਾਂ ਦੇ ਆਪਸੀ ਸੰਬੰਧਾਂ ਨੂੰ ਨਿਯਮਿਤ ਕਰਨਾ ਹੀ ਰਾਜਨੀਤੀ ਹੈ।

ਮਨੁੱਖੀ ਸਮਾਜ ਵਿਚ ਧਰਮ ਅਤੇ ਰਾਜਨੀਤੀ ਦੋ ਮਹੱਤਵਪੂਰਨ ਪੱਖ ਹਨ। ਜਿਨ੍ਹਾਂ ਦੀ ਨੇੜਤਾ ਸਪੱਸ਼ਟ ਤੌਰ ਤੇ ਦਿੱਸਦੀ ਹੈ। ਮਨੁੱਖ ਦੇ ਵਿਕਾਸ ਦੇ ਨਾਲ-ਨਾਲ ਧਰਮ ਅਤੇ ਰਾਜਨੀਤੀ ਦੇ ਨਿਖਾਰ ਦੀ ਚਰਚਾ ਹੁੰਦੀ ਰਹੀ ਹੈ। ਮਨੁੱਖ ਦਾ ਵਿਕਾਸ ਕੁਦਰਤੀ ਪ੍ਰਵਿਰਤੀ ਦੇ ਪੱਧਰ ਤੋਂ ਪ੍ਰਥਾਗਤ-ਨੈਤਿਕਤਾ ਦੇ ਪੱਧਰ ਤੇ ਗੁਜ਼ਰਦਾ ਹੋਇਆ ਵਿਚਾਰਗਤ ਨੈਤਿਕਤਾ ਤੇ ਪਹੁੰਚਿਆ। ਵਿਚਾਰਕਤਾ ਨੈਤਿਕਤਾ ਤੇ ਪਹੁੰਚਦੇ-ਪਹੁੰਚਦੇ ਮਨੁੱਖ ਧਰਮ ਅਤੇ ਰਾਜਨੀਤੀ ਨੂੰ ਇੱਕ ਦੂਜੇ ਨਾਲ ਮਿਲਾ ਕੇ ਵੇਖਣ ਲੱਗ ਗਿਆ। ਅਸੀਂ ਇਥੋਂ ਤੱਕ ਕਹਿ ਸਕਦੇ ਹਾਂ ਕਿ ਮਨੁੱਖ ਧਰਮ ਦੀ ਵਰਤੋਂ ਆਪਣੇ ਹਿੱਤ ਲਈ ਕਰਨ ਲੱਗ ਗਿਆ। ਅੱਜ ਦੇ ਸਮੇਂ ਵਿਚ ਸਮੁੱਚੀਆਂ ਰਾਜਨੀਤਿਕ ਪਾਰਟੀਆਂ ਸੱਤਾ ਦੀ ਪ੍ਰਾਪਤੀ ਲਈ ਧਰਮ ਦੀ ਵਰਤੋਂ ਕਰਦੀਆਂ

ਹਨ। ਸਿੱਖ ਰਾਜਨੀਤੀ ਦਾ ਆਧਾਰ ਹੀ ਧਰਮ ਹੈ। ਮੌਜੂਦਾ ਸ਼੍ਰੋਮਣੀ ਅਕਾਲੀ ਦਾ ਜਨਮ ਗੁਰਦੁਆਰਾ ਸੁਧਾਰ ਲਹਿਰ ਵਿਚੋਂ ਹੋਇਆ ਜੋ ਕਿ ਨਿਰੋਲ ਧਾਰਮਿਕ ਲਹਿਰ ਸੀ। ਮਨੁੱਖੀ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਮਨੁੱਖ ਦੇ ਜਨਮ ਦੇ ਨਾਲ ਹੀ ਧਰਮ ਦਾ ਜਨਮ ਹੋਇਆ ਲੱਗਦਾ ਹੈ। ਕਬੀਲਾ ਸੱਭਿਆਚਾਰ ਵਿਚ ਕਬਾਇਲੀ ਲੋਕਾਂ ਦੇ ਦੇਵੀ-ਦੇਵਤਿਆਂ ਦੇ ਚਿੰਨ ਮਿਲਦੇ ਹਨ ਬਿਨਾਂ ਸ਼ੱਕ ਕਬਾਇਲੀ ਲੋਕ ਵੀ ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਹੋਣਗੇ। ਭਾਰਤੀ ਹੜੱਪਾ ਅਤੇ ਮਹਿੰਜੋਦੜੋ ਸੱਭਿਅਤਾ ਵਿਚ ਵੀ ਕੁਝ ਮੂਰਤੀਆਂ ਲੱਭੀਆਂ ਜਿਨ੍ਹਾਂ ਦਾ ਸੰਬੰਧ ਮਨੁੱਖੀ ਪੂਜਾ ਪ੍ਰਣਾਲੀ ਨਾਲ ਜਾਪਦਾ ਲੱਗਦਾ ਹੈ। ਇਸ ਸੱਭਿਅਤਾ ਨੂੰ ਸਿੰਧ ਘਾਟੀ ਦੀ ਸੱਭਿਅਤਾ ਵੀ ਕਿਹਾ ਜਾਂਦਾ ਹੈ। ਉਸ ਸਮੇਂ ਮਨੁੱਖਾਂ ਦੇ ਧਾਰਮਿਕ ਅਤੇ ਸੰਸਾਰਕ ਕੰਮਾਕਾਰਾਂ ਵਿਚ ਕੋਈ ਬਹੁਤਾ ਅੰਤਰ ਨਹੀਂ ਸੀ। ਉਸ ਸੱਭਿਅਤਾ ਵਿਚ ਮਿੱਟੀ ਦੀਆਂ ਬਣੀਆਂ ਔਰਤਾਂ ਦੀਆਂ ਮੂਰਤੀਆਂ ਇਹ ਸੰਕੇਤ ਕਰਦੀਆਂ ਹਨ ਕਿ ਉਹ ਲੋਕ ਦੇਵੀ ਮਾਤਾ ਵਿਚ ਵੀ ਵਿਸ਼ਵਾਸ ਰੱਖਦੇ ਸਨ। ਸਿੰਧ ਘਾਟੀ ਦੀ ਸੱਭਿਅਤਾ ਵਿਚ ਚੌਂਕੜੀ ਮਾਰੇ ਪੁਰਸ਼ ਜੋ ਕਿ ਭਗਤੀ ਕਰ ਰਿਹਾ ਹੈ। ਧਾਰਮਿਕ ਸੱਭਿਅਤਾ ਵੱਲ ਸੰਕੇਤ ਕਰਦੀ ਸੀ। ਮਹਿੰਜੋਦੜੋ ਵਿਚ ਕੁਝ ਇਮਾਰਤਾਂ ਐਸੀਆਂ ਮਿਲੀਆਂ ਜਿਹੜੀਆਂ ਕਿ ਮੰਦਿਰਾਂ ਵੱਲ ਸੰਕੇਤ ਕਰਦੀਆਂ ਸਨ। ਮੰਦਿਰਾਂ ਦੇ ਨਾਲ ਪਾਣੀ ਦੇ ਸਰੋਵਰ ਦੇ ਚਿੰਨ੍ਹ ਵੀ ਮਿਲੇ ਜੋ ਕਿ ਧਾਰਮਿਕ ਇਸ਼ਨਾਨ ਜਾਂ ਪਾਣੀ ਦੀ ਪੂਜਾ ਦੇ ਸੰਕੇਤ ਮੰਨੇ ਜਾਂਦੇ ਸਨ। ਦਰੱਖਤਾਂ ਦੀ ਪੂਜਾ ਕਰਨਾ ਵੀ ਧਾਰਮਿਕ ਪ੍ਰਵਿਰਤੀ ਦਾ ਅੰਸ਼ ਹੈ। ਬੋਧੀਆਂ ਲਈ ਪਿੱਪਲ ਦਾ ਦਰੱਖਤ ਬਹੁਤ ਪਵਿੱਤਰ ਮੰਨਿਆ ਗਿਆ ਹੈ। ਇਸ ਸੱਭਿਅਤਾ ਵਿਚ ਪਸ਼ੂਆਂ ਅਤੇ ਮਨੁੱਖਾਂ ਦੀਆਂ ਮੂਰਤੀਆਂ ਵੀ ਆਮ ਵੇਖਿਆਂ ਗਈਆਂ। ਉਸ ਸਮੇਂ ਮਨੁੱਖਾਂ ਦੇ ਮਨ ਵਿਚ ਜਾਨਵਰਾਂ ਪ੍ਰਤੀ ਵੀ ਧਾਰਮਿਕ ਸ਼ਰਧਾ ਲੱਗਦੀ ਸੀ। ਹਿੰਦੂ ਮੱਤ ਅਤੇ ਬੁੱਧ  ਮੱਤ ਧਰਮਾਂ ਵਿਚ ਵੀ ਜਾਨਵਰਾਂ ਅਤੇ ਮਨੁੱਖੀ ਚਿਹਰਾ ਰੱਖਣ ਵਾਲੇ ਪਸ਼ੂ ਮਿਲਦੇ ਸਨ। ਜਿਨ੍ਹਾਂ ਦੀ ਕਿਸੇ ਨਾ ਕਿਸੇ ਰੂਪ ਵਿਚ ਪੂਜਾ ਕੀਤੀ ਜਾਂਦੀ ਸੀ। ਸੋ

ਧਰਮ ਕੋਈ ਨਵੀਂ ਕਾਢ ਨਹੀਂ ਜਿੰਨੀ ਪੁਰਾਣੀ ਇਹ ਦੁਨੀਆਂ ਹੈ ਉਨ੍ਹਾਂ ਪੁਰਾਣਾ ਹੀ ਧਰਮ ਜਾਪਦਾ ਹੈ। ਹਰਡਰ ਕਹਿੰਦਾ ਹੈ ਕਿ ਸਾਡੀ ਦੁਨੀਆਂ ਦੇ ਸਾਰੇ ਉਤਮ ਸੱਭਿਆਚਾਰਾਂ ਦੀਆਂ ਜੜ੍ਹਾਂ ਧਾਰਮਿਕ ਰਵਾਇਤਾਂ ਵਿਚ ਹਨ ਭਾਵੇਂ ਉਹ ਰਵਾਇਤਾਂ ਲਿਖਤੀ ਜਾਂ ਮੌਖਿਕ ਸਾਹਿਤ ਨੇ ਥਾਪੀਆਂ ਹਨ। ਧਰਮ ਸ਼ਬਦ ਦਾ ਅਰਥ ਕਦੇ ਸ਼ਰਧਾ ਕਦੇ ਨੈਤਿਕਤਾ ਕਦੇ ਦੇਵੀ-ਦੇਵਤਿਆਂ ਲਈ ਭਾਵਨਾ ਲੱਗਦਾ ਹੈ। ਇਤਿਹਾਸ ਦੀ ਪੜਚੋਲ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਧਰਮ ਦੀ ਕੋਈ ਠੋਸ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ ਪਰੰਤੂ ਧਰਮ ਨੈਤਿਕਤਾ ਦਾ ਦੂਜਾ ਰੂਪ ਹੈ। ਭਾਰਤ ਵਿਚ ਹਿੰਦੂ ਧਰਮ ਜੈਨ ਧਰਮ, ਬੁੱਧ ਧਰਮ ਅਤੇ ਸਿੱਖ ਧਰਮ ਮਨੁੱਖ ਦੇ ਨੈਤਿਕ ਵਿਕਾਸ ਦੀ ਗੱਲ ਕਰਦੇ ਹਨ। ਸਿੱਖ ਧਰਮ ਦੀ ਮੁੱਖ ਫਿਲਾਸਫ਼ੀ ਮਨੁੱਖ ਨੂੰ ਸਦਾਚਾਰਕ ਰੂਪ ਵਿਚ ਉਭਾਰਨਾ ਹੈ। ਅੱਜ ਦਾ ਮਨੁੱਖ, ਮਨੁੱਖ ਤਾਂ ਹੀ ਹੈ ਜੇਕਰ ਉਸਦਾ ਆਪਸ ਵਿਚ ਭਾਈਚਾਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦੇ ਰਿਹਾ ਹੈ।

ਰਾਜਨੀਤੀ ਦੀਆਂ ਜੜ੍ਹਾਂ ਵੀ ਪ੍ਰਾਚੀਨ ਯੂਨਾਨੀ ਸੱਭਿਅਤਾ ਵਿਚ ਹਨ ਯੂਨਾਨੀ ਸੱਭਿਅਤਾ ਨੂੰ ਸਮਝ ਕੇ ਹੀ ਪੱਛਮੀ ਦੁਨੀਆਂ ਨੂੰ ਸਮਝਿਆ ਜਾ ਸਕਦਾ ਹੈ । ਧਰਮ ਦੀ ਤਰ੍ਹਾਂ ਰਾਜਨੀਤਿਕ ਸੰਚਲਨ ਵਿਚ ਵੀ ਇਕਸੁਰਤਾ ਅਤੇ ਅਸੂਲਾਂ ਦੀ ਮਹੱਤਤਾ ਹੈ। ਸੁਕਰਾਤ ਠੀਕ ਹੀ ਕਹਿੰਦਾ ਹੈ ਕਿ ਵਧੀਆ ਮਨ ਜਾਂ ਸਮਾਜ ਵਿਚ ਮੇਰਾ ਤੇਰਾ ਦਾ ਭੇਦ ਖ਼ਤਮ ਹੋ ਜਾਂਦਾ ਹੈ। ਅਰਸਤੂ ਸ਼ਹਿਰੀਆਂ ਵਿਚ ਆਪਸੀ ਪਿਆਰ ਨੂੰ ਰਾਜ ਦੀ ਸ਼ਕਤੀ ਮੰਨਦਾ ਹੈ। ਇਹ ਸੰਕਲਪ ਸਿੱਖ ਧਰਮ ਦੀ ਸਦਾਚਾਰਕ ਭਾਵਨਾ ਦੇ ਨਾਲ ਬਿਲਕੁਲ ਮਿਲਦੇ ਪ੍ਰਤੀਤ ਹੁੰਦੇ ਹਨ। ਰਾਜ ਵਿਚ ਰਹਿਣ ਵਾਲੇ ਹਰੇਕ ਵਿਅਕਤੀ ਦਾ ਕਿਸੇ ਨਾ ਕਿਸੇ ਰੂਪ ਵਿਚ ਰਾਜਨੀਤੀ ਨਾਲ ਸੰਬੰਧ ਹੁੰਦਾ ਹੈ। ਵਧੀਆ ਸਮਾਜ ਜਾਂ ਰਾਜ ਲਈ ਮਨੁੱਖੀ ਅਧਿਕਾਰਾਂ, ਸੁਤੰਤਰਤਾ, ਸਮਾਨਤਾ ਅਤੇ ਨਿਆਂ ਮਹੱਤਵਪੂਰਨ ਥੰਮ ਹਨ। ਮਨੁੱਖ ਦੇ ਕਲਿਆਣ ਲਈ ਰਾਜਨੀਤੀ ਅਤੇ

ਸਮਾਜਿਕ ਢਾਂਚਾ ਇਹੋ ਜਿਹਾ ਹੋਣਾ ਚਾਹੀਦਾ ਹੈ ਜਿਸ ਵਿਚ ਉਸਨੂੰ ਆਪਣੀ ਸਖ਼ਸ਼ੀਅਤ ਨਿਖਾਰਨ ਲਈ ਵੱਧ ਤੋਂ ਵੱਧ ਮੌਕੇ ਮਿਲਣ। ਸਮੁੱਚੀ ਦੁਨੀਆਂ ਵਿਚ ਲੋਕਤੰਤਰ ਹੀ ਇੱਕ ਅਜਿਹੀ ਵਿਵਸਥਾ ਹੈ ਜਿਸ ਵਿਚ ਦੇਸ਼ ਦਾ ਢਾਂਚਾ ਲੋਕਾਂ ਦੇ ਹੱਥ ਵਿਚ ਹੁੰਦਾ ਹੈ। ਲਾਸਕੀ ਦਾ ਕਹਿਣਾ ਹੈ ਕਿ ਰਾਜ ਆਪਣੇ ਦਿੱਤੇ ਹੋਏ ਅਧਿਕਾਰਾਂ ਤੋਂ ਪਛਾਣਿਆ ਜਾਂਦਾ ਹੈ। ਅਧਿਕਾਰ ਦਾ ਸਿਧਾਂਤ ਇੱਕ ਅਜਿਹਾ ਰਸਤਾ ਹੈ ਜੋ ਰਾਜਨੀਤੀ ਨੂੰ ਸਿਰਜਨਾਤਮਕ ਦ੍ਰਿਸ਼ਟੀ ਬਖਸ਼ਦਾ ਹੈ। ਵਧੀਆ ਸਮਾਜ ਦੀ ਸਿਰਜਨਾ ਲਈ ਸਿੱਖਿਆ ਅਤੇ ਸਿਹਤ ਦੇ ਅਧਿਕਾਰ ਮੁੱਢਲੇ ਹਨ। ਸੋ ਸਮਾਜ ਜਾਂ ਰਾਜ ਨੂੰ ਚਲਾਉਣ ਵਾਲਾ ਵਿਅਕਤੀ ਸਮਝਦਾਰ, ਹੌਂਸਲੇ ਵਾਲਾ ਅਤੇ ਸੰਜਮੀ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਦਾ ਰਾਜ ਦੇ ਹਰੇਕ ਕੰਮ ਵਿਚ ਨਿਆਂ ਕਰੇ। ਸੋ ਧਰਮ ਅਤੇ ਰਾਜਨੀਤੀ ਦੋਵੇਂ ਹੀ ਮਨੁੱਖੀ ਕਦਰਾਂ-ਕੀਮਤਾਂ ਅਤੇ ਸਦਾਚਾਰ ਦੀ ਗੱਲ ਕਰਦੇ ਹਨ। ਸਮਾਜ ਦੇ ਕਲਿਆਣ ਦਾ ਆਧਾਰ ਮਨੁੱਖ ਲਈ ਅਧਿਆਤਮਕ ਉਨਤੀ ਹੀ ਪ੍ਰਮੁੱਖ ਰੋਲ ਅਦਾ ਕਰਦੀ ਹੈ।

ਅਕਾਲੀ ਦਾ ਅਰਥ ਖੁਦ ਅਕਾਲ ਪੁਰਖ ਦੁਆਰਾ ਸਾਜਿਆ ਹੋਇਆ ਸਖਸ਼ ਹੈ। ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਅਕਾਲ ਪੁਰਖ ਦਾ ਬੰਦਾ ਐਲਾਨਿਆ। ਜਿਹੜੀ ਜੋਤ ਨੌ ਜਾਮਿਆਂ ਵਿਚ ਪ੍ਰਗਟ ਹੋਈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕਰਕੇ ਹਰ ਸਿੱਖ ਨੂੰ ਅਕਾਲੀ ਅਖਵਾਉਣ ਦਾ ਮਾਣ ਬਖਸ਼ਿਆ। ਸ਼੍ਰੋਮਣੀ ਅਕਾਲੀ ਦਲ ਬਣਾਏ ਜਾਣ ਦਾ ਗੁਰਮਤਾ 14 ਦਸੰਬਰ 1920 ਵਿਚ ਪਾਇਆ ਅਤੇ ਜਥੇਬੰਦੀ ਦੀ ਪਹਿਲੀ ਚੋਣ 23-24 ਜਨਵਰੀ ਨੂੰ ਹੋਈ। ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਪਹਿਲਾ ਉਦੇਸ਼ ਬਦਇਖਲਾਕ, ਬੇਈਮਾਨ ਅਤੇ ਅਯਾਸ਼ ਲੋਕਾਂ ਤੋਂ ਗੁਰਦੁਆਰਿਆਂ ਦੀ ਮੁਕਤੀ ਕਰਵਾਉਣਾ ਸੀ। ਗੁਰਦੁਆਰਾ ਸ਼ਬਦ ਤੋਂ ਭਾਵ ਗੁਰੂ ਦਾ ਘਰ ਹੈ ਸਿੱਖ ਧਾਰਮਿਕ ਸਥਾਨਾਂ ਵਾਸਤੇ ਸਭ ਤੋਂ ਪਹਿਲਾਂ ਲੱਗਭਗ 19ਵੀਂ ਸਦੀ ਦੇ ਸ਼ੁਰੂ ਵਿਚ

ਵਰਤਿਆ ਜਾਣਾ ਸ਼ੁਰੂ ਹੋਇਆ। ਗੁਰੂ ਸਾਹਿਬਾਨ ਵੇਲੇ ਗੁਰਦੁਆਰਾ ਸਾਹਿਬ ਵਾਸਤੇ ਧਰਮਸ਼ਾਲ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਗੁਰਦੁਆਰਾ ਸਿੱਖਾਂ ਵਾਸਤੇ ਇੱਕ ਐਸਾ ਸਥਾਨ ਹੈ ਜਿਸ ਵਿਚ ਸੰਗਤ ਵਿਚ ਬੈਠ ਕੇ ਕਥਾ ਅਤੇ ਕੀਰਤਨ ਸੁਣਨਾ ਜ਼ਰੂਰੀ ਹੈ। ਸਿੱਖ ਫਲਸਫੇ ਵਿਚ ਸੰਗਤ ਦਾ ਬਹੁਤ ਮਹੱਤਵ ਹੈ। ਸੱਚੀ ਸੰਗਤ ਵਿਚ ਪਰਮਾਤਮਾ ਦਾ ਵਾਸਾ ਹੁੰਦਾ ਹੈ। ਸਿੱਖ ਸੰਗਤ, ਪੰਗਤ ਦੇ ਲੰਗਰ ਦੀ ਪ੍ਰਥਾ ਰਾਹੀਂ ਭਾਈਚਾਰਕ ਸਾਂਝ ਦੀ ਪਾਉੜੀ ਚੜਦਾ ਹੈ। ਗੁਰੂਧਾਮਾਂ ਦੀ ਸੰਭਾਲ ਦੀ ਸਭ ਤੋਂ ਪਹਿਲੀ ਸੇਵਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥ ਥਾਪ ਕੇ ਕੀਤੀ। ਬਾਬਾ ਬੁੱਢਾ ਜੀ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਕਰਦੇ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਭਾਈ ਗੁਰਦਾਸ ਜੀ ਨੂੰ ਸੌਂਪੀ ਗੁਰੂਧਾਮਾਂ ਦੀ ਸੇਵਾ ਸੰਭਾਲ ਦੀ ਪ੍ਰਥਾ ਅੱਜ ਤੱਕ ਜਾਰੀ ਹੈ। ਗੁਰਦੁਆਰਾ ਸੇਵਾ ਸੰਭਾਲ ਵਿਚੋਂ ਹੀ ਅਕਾਲੀ ਦਲ ਦਾ ਜਨਮ ਹੋਇਆ। ਸਭ ਤੋਂ ਪਹਿਲਾਂ ਅਕਾਲੀ ਦਲ ਦੀ ਸੈਂਟਰਲ ਬਾਡੀ ਨੂੰ ਗੁਰਦੁਆਰਾ ਸੇਵਕ ਦਲ ਕਿਹਾ ਗਿਆ। 14 ਦਸੰਬਰ ਦੇ ਇਕੱਠ ਵਿਚ ਗੁਰਦੁਆਰਾ ਸੇਵਕ ਦਲ ਕਾਇਮ ਦਾ ਫੈਸਲਾ ਕੀਤਾ ਗਿਆ ਫਿਰ 23-24 ਜਨਵਰੀ 1921 ਨੂੰ ਜਥੇਬੰਦੀ ਦਾ ਨਾਮ ਗੁਰਦੁਆਰਾ ਸੇਵਕ ਦਲ ਤੋਂ ਬਦਲ ਕੇ ਅਕਾਲੀ ਦਲ ਮਨਜ਼ੂਰ ਕੀਤਾ ਗਿਆ। ਦਲ ਦੇ ਪਹਿਲੇ ਜਥੇਦਾਰ ਸਰਮੁਖ ਸਿੰਘ ਝਬਾਲ ਚੁਣੇ ਗਏ 24 ਮਾਰਚ 1922 ਨੂੰ ਜੱਥੇਬੰਦੀ ਦਾ ਨਾਂ ਅਕਾਲੀ ਦਲ ਤੋਂ ਬਦਲ ਕੇ ਸ਼੍ਰੋਮਣੀ ਅਕਾਲੀ ਦਲ ਰੱਖ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ ਨੇ ਸਭ ਤੋਂ ਪਹਿਲਾ ਦੋ ਨੁਕਾਤੀ ਪ੍ਰੋਗਰਾਮ ਪੰਥ ਦੀ ਸੇਵਾ ਕਰਨੀ ਅਤੇ ਗੁਰਦੁਆਰਿਆਂ ਦੀ ਸੇਭਾ ਸੰਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਨੂੰ ਮੰਨਣਾ ਐਲਾਨਿਆ। ਗੁਰਦੁਆਰਾ ਐਕਟ ਦਾ ਬਿਲ 1 ਨਵੰਬਰ 1925 ਤੋਂ ਲਾਗੂ ਹੋਇਆ। ਗੁਰਦੁਆਰਾ ਐਕਟ ਨੇ ਹੀ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਨੂੰ ਕਾਇਮ ਰੱਖਣ ਵਿਚ ਬੜੀ ਮਦਦ ਕੀਤੀ। ਜੇਕਰ ਗੁਰਦੁਆਰਾ ਐਕਟ ਨਾ ਹੁੰਦਾ ਤਾਂ ਇਹ ਸੰਭਾਵਨਾ

ਸੀ ਕਿ ਅਕਾਲੀ ਦਲ ਦੀ ਹੋਂਦ ਵੀ ਖ਼ਤਮ ਹੋ ਜਾਂਦੀ। ਸੋ ਇਹ ਸਪੱਸ਼ਟ ਹੈ ਕਿ ਐਕਟ ਦੇ ਹੋਂਦ ਵਿਚ ਆਉਣ ਨਾਲ ਹੀ ਸਿੱਖ ਰਾਜਸੀ ਤਾਕਤ ਹਾਸਲ ਕਰ ਸਕੇ। 2 ਅਕਤੂਬਰ 1926 ਨੂੰ ਗੁਰਦੁਆਰਾ ਐਕਟ ਵਿਚ ਬਣੇ ਸੈਂਟਰਲ ਬੋਰਡ ਦਾ ਨਾਂ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਤਾ ਪਾਸ ਕੀਤਾ। 17 ਜਨਵਰੀ 1927 ਨੂੰ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਂ ਨੂੰ ਮਨਜ਼ੂਰੀ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਨਾਲ ਗੁਰਦੁਆਰਾ ਸੁਧਾਰ ਲਹਿਰ ਤਾਂ ਖ਼ਤਮ ਹੋ ਗਈ ਪਰੰਤੂ ਰਾਜਸੀ ਤਾਕਤ ਲਈ ਸ਼੍ਰੋਮਣੀ ਅਕਾਲੀ ਦਲ ਵਿਚ ਭਾਰੀ ਫੁੱਟ ਪੈ ਗਈ। ਸ਼੍ਰੋਮਣੀ ਅਕਾਲੀ ਦਲ ਨੇ 17 ਮਈ 1959 ਨੂੰ ਇਹ ਐਲਾਨ ਕੀਤਾ ਕਿ ਗੁਰਦੁਆਰਾ ਚੋਣਾਂ ਪੰਜਾਬੀ ਸੂਬੇ ਦੇ ਸੰਬੰਧ ਵਿਚ ਲੜੇਗਾ। 17 ਜਨਵਰੀ 1960 ਨੂੰ ਚੋਣਾਂ ਹੋਈਆਂ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ 140 ਵਿਚੋਂ 137 ਸੀਟਾਂ ਜਿੱਤ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਗਿਆਨੀ ਕਰਤਾਰ ਸਿੰਘ ਦੇ ਸਾਧ ਸੰਗਤ ਬੋਰਡ ਨੂੰ ਸਿਰਫ ਤਿੰਨ ਸੀਟਾਂ ਮਿਲੀਆਂ ਜੋ ਕਿ ਕਾਂਗਰਸ ਦੇ ਸਮਰਥਨ ਤੇ ਚੋਣਾ ਲੜ ਰਿਹਾ ਸੀ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਅਤੇ ਉਨ੍ਹਾਂ ਨੇ ਇਸ ਵੱਡੀ ਜਿੱਤ ਤੋਂ ਉਤਸ਼ਾਹਤ ਹੋ ਕੇ 24 ਜਨਵਰੀ 1960 ਨੂੰ ਪੰਜਾਬੀ ਸੂਬਾ ਬਣਾਉਣ ਲਈ ਮੋਰਚੇ ਦਾ ਐਲਾਨ ਕਰ ਦਿੱਤਾ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਨੇ ਇਹ ਚੋਣਾਂ ਪੰਜਾਬੀ ਸੂਬੇ ਦੀ ਹੋਂਦ ਦੇ ਮੁੱਦੇ ਲਈ ਲੜੀਆਂ ਸਨ ਅਤੇ ਪੰਜਾਬੀ ਸੂਬੇ ਦੇ ਹੱਕ ਵਿਚ ਇਸਨੂੰ ਫਤਵਾ ਮੰਨਦੇ ਸਨ। ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਕੇ ਪੰਜਾਬੀ ਸੂਬੇ ਦੇ ਸੰਘਰਸ਼ ਲਈ ਮੋਰਚਾ ਵਿੱਢ ਦਿੱਤਾ। ਉਨ੍ਹਾਂ ਤੋਂ ਪਿਛੋਂ ਵਾਗਡੋਰ ਸੰਤ ਫ਼ਤਿਹ ਸਿੰਘ ਨੇ ਸੰਭਾਲੀ ਸੰਤ ਫ਼ਤਿਹ ਸਿੰਘ ਦੇ ਮਰਨ ਵਰਤ ਤੋਂ ਬਾਅਦ ਹੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਸਵੀਕਾਰ ਕੀਤਾ। ਮੌਜੂਦਾ ਪੰਜਾਬ 1 ਨਵੰਬਰ 1966 ਨੂੰ ਹੋਂਦ ਵਿਚ ਆਇਆ। ਸ੍ਰ. ਗੁਰਮੁਖ

ਸਿੰਘ ਮੁਸਾਫਿਰ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਬਣੇ। ਸੋ ਇਸ ਤਰ੍ਹਾਂ ਗੁਰਦੁਆਰਾ ਸੁਧਾਰ ਲਹਿਰ ਤੋਂ ਸਿੱਖ ਰਾਜ ਸੱਤਾ ਤੱਕ ਪਹੁੰਚੇ। ਸਿੱਖ ਰਾਜਨੀਤੀ ਸ਼ੁਰੂ ਤੋਂ ਲੈ ਕੇ ਹੁਣ ਤੱਕ ਧਰਮ ਦੇ ਰੱਥ ਤੇ ਹੀ ਸਵਾਰ ਹੈ। 1966 ਤੋਂ ਲੈ ਕੇ ਹੁਣ ਤੱਕ ਸ਼੍ਰੋਮਣੀ ਅਕਾਲੀ ਦਲ ਰਾਜਾਂ ਨੂੰ ਵੱਧ ਅਧਿਕਾਰ ਅਤੇ ਅੰਦਰੂਨੀ ਖੁਦਮੁਖਤਿਆਰੀ ਦੀ ਮੰਗ ਕਰਦਾ ਆਇਆ ਹੈ। ਪੁਰਾਣੀ ਸਿੱਖ ਰਾਜਨੀਤੀ ਮੌਜੂਦਾ ਦੌਰ ਵਿਚ ਬਿਲਕੁਲ ਬਦਲ ਗਈ ਹੈ। ਕੁਰਬਾਨੀ ਵਾਲੇ ਲੋਕਾਂ ਸੇਵਾ ਭਾਵਨਾ ਵਾਲੇ ਲੋਕਾਂ ਦੀ ਮੌਜੂਦਗੀ ਨਾਮਾਤਰ ਹੈ ਅੱਜ ਦਾ ਅਕਾਲੀ ਧਰਮ ਦੀ ਰਾਜਨੀਤੀ ਵਿਚ ਵਰਤੋਂ ਤਾਂ ਖੁੱਲ ਕੇ ਕਰ ਰਿਹਾ ਹੈ ਪਰੰਤੂ ਕੋਈ ਵੀ ਧਾਰਮਿਕ ਵਿਅਕਤੀ ਅਕਾਲੀ ਦਲ ਵਿਚ ਨਜ਼ਰ ਨਹੀਂ ਆਉਂਦਾ। ਇਹ ਇੱਕ ਰਾਜਨੀਤਿਕ ਪਾਰਟੀ ਘੱਟ ਵਪਾਰੀਆਂ ਦੀ ਪਾਰਟੀ ਵੱਧ ਲੱਗਦੀ ਹੈ ਭਾਵੇਂ ਉਨ੍ਹਾਂ ਦਾ ਵਪਾਰ ਹਰ ਹਾਲਤ ਵਿਚ ਸੱਤਾ ਨੂੰ ਪ੍ਰਾਪਤ ਕਰਨਾ ਹੁੰਦਾ ਹੈ।

ਧਰਮ ਦਾ ਮਨੁੱਖ ਦੇ ਨਾਲ ਅਟੁੱਟ ਰਿਸ਼ਤਾ ਹੈ। ਹਰੇਕ ਧਰਮ ਮਨੁੱਖ ਨੂੰ ਜਨਮ ਮਰਨ ਦੇ ਗੇੜ ਵਿਚੋਂ ਕੱਢ ਕੇ ਮੁਕਤੀ ਦਾ ਰਿਹਾ ਦਿਖਾਉਣਾ ਚਾਹੁੰਦਾ ਹੈ। ਮਨੁੱਖ ਲਈ ਆਤਮਿਕ ਮੁਕਤੀ ਪਰਮ ਉਦੇਸ਼ ਹੈ। ਆਤਮਿਕ ਮੁਕਤੀ ਦੀ ਮੰਜ਼ਿਲ ਤੇ ਪਹੁੰਚਣ ਲਈ ਮਨੁੱਖ ਸਮਾਜਿਕ ਕਰਮ ਕਰਦਾ ਹੈ। ਸਮਾਜਿਕ ਮੁਕਤੀ ਦਾ ਮਾਰਗ ਹੀ ਆਤਮਿਕ ਮੁਕਤੀ ਦੀ ਮੰਜ਼ਿਲ ਹੈ। ਦੁਨੀਆਂ ਦੇ ਸਾਰੇ ਧਰਮ ਏਕੋ ਪਿਤਾ ਏਕਸ ਕੇ ਹਮ ਬਾਰਿਕ ਵਾਲ ਸਮਾਜ ਸਥਾਪਿਤ ਕਰਨ ਦਾ ਸੁਨੇਹਾ ਦਿੰਦਾ ਹੈ ਤਾਂ ਜੋ ਮਨੁੱਖ ਸਮਾਜਿਕ ਅਤੇ ਆਤਮਿਕ ਸ਼ਕਤੀ ਪ੍ਰਾਪਤ ਕਰ ਸਕੇ।

ਸ਼੍ਰੋਮਣੀ ਅਕਾਲੀ ਦਲ ਸਿੱਖ ਰਾਜਨੀਤੀ ਦੇ ਆਧਾਰ ਵਾਲੀ ਰਾਜਨੀਤਿਕ ਪਾਰਟੀ ਹੈ। ਸ਼੍ਰੋਮਣੀ ਅਕਾਲੀ ਦਲ ਸਿੱਖ ਧਰਮ ਅਤੇ ਰਾਜਨੀਤੀ ਨੂੰ ਨਾਲ -ਨਾਲ ਲੈ ਕੇ ਚੱਲਦਾ ਹੈ। ਸ਼੍ਰੋਮਣੀ ਅਕਾਲੀ ਦਲ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਸਥਾਪਿਤ ਕੀਤੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈ ਕੇ ਰਾਜਨੀਤੀ ਕਰਦਾ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਦੀ ਸਥਾਪਨਾ ਭਗਤੀ ਤੇ ਸ਼ਕਤੀ ਦੇ ਮਾਰਗ ਤੇ ਚੱਲਣ ਲਈ ਪ੍ਰੇਰਨਾ ਸਦਕਾ ਹੀ ਕੀਤੀ

ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਖ਼ਾਲਸਾ ਪੰਥ ਦੀ ਸਥਾਪਨਾ ਕਰਨਾ ਇਸ ਪ੍ਰਕਿਰਿਆ ਨੂੰ ਅੱਗੇ ਤੋਰਨਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸੱਚ ਲਈ ਸੀਸ ਵਾਰਨ ਦਾ ਉਪਦੇਸ਼ ਦਿੱਤਾ ਅਤੇ ਖ਼ਾਲਸਾ ਪੰਥ ਨੂੰ ਅਕਾਲ ਪੁਰਖ ਦੀ ਫੌਜ ਕਿਹਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਰੂ ਕੀਤੇ ਪੰਥ ਵਿਚ ਇਹ ਦੋ ਵੱਡੀਆਂ ਘਟਨਾਵਾਂ ਸਨ ਜਿਨ੍ਹਾਂ ਦਾ ਉਦੇਸ਼ ਸਮਾਜ ਮੁਕਤੀ ਦੇ ਮਾਰਗ ਤੇ ਚੱਲਦਿਆਂ ਆਤਮਿਕ ਮੁਕਤੀ ਦੀ ਮੰਜ਼ਿਲ ਪਾਉਣਾ ਹੈ। ਸਿੱਖ ਫਲਸਫੇ ਵਿਚ ਨੈਤਿਕ-ਅਧਿਆਤਮਕ ਉਨਤੀ ਪ੍ਰਾਪਤ ਕਰਨਾ ਆਖਰੀ ਮੰਜ਼ਿਲ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਆਪਸੀ ਆਨ ਅਤੇ ਸ਼ਾਨ ਲਈ ਹਮੇਸ਼ਾ ਕੁਰਬਾਨੀਆਂ ਲਈ ਤਿਆਰ ਰਹਿਣ ਦੀ ਪ੍ਰੇਰਣਾ ਦਿੱਤੀ। ਇਸੇ ਫਲਸਫੇ ਤੇ ਆਧਾਰਿਤ ਹੀ ਮਹਾਰਾਜਾ ਰਣਜੀਤ ਸਿੰਘ ਦਾ ਪਹਿਲਾ ਸਿੱਖ ਰਾਜ ਜਿਸ ਵਿਚ ਮਨੁੱਖਤਾ ਦਾ ਕਲਿਆਣ ਪ੍ਰਮੁੱਖ ਉਦੇਸ਼ ਸੀ ਅਤੇ ਸਾਰੇ ਹੀ ਧਰਮਾਂ ਦੇ ਲੋਕ ਜਿਸ ਵਿਚ ਹਿੰਦੂ, ਮੁਸਲਿਮ, ਸਿੱਖ, ਇਸਾਈ ਸਭ ਖੁਸ਼ ਸਨ ਅਤੇ ਸਾਰੇ ਹੀ ਵਰਗ ਦੇ ਲੋਕ ਸਮਾਜਿਕ ਸਮਾਨਤਾ ਦਾ ਜੀਵਨ ਜਿਉ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਰਾਜਨੀਤੀ ਦਾ ਆਧਾਰ ਸਿੱਖ ਧਰਮ ਸੀ। ਮਹਾਰਾਜੇ ਨੇ ਹਮੇਸ਼ਾ ਹੀ ਆਪਣੇ ਆਪ ਨੂੰ ਵਜੀਰ ਕਿਹਾ ਅਤੇ ਗੁਰੂ ਨਾਨਕ ਨੂੰ ਸੱਚਾ ਪਾਤਸ਼ਾਹ ਕਹਿ ਕੇ ਸਮਾਜਿਕ ਭਲਾਈ ਦੇ ਕੰਮ ਕੀਤੇ ਅੱਜ ਦਾ ਸ਼੍ਰੋਮਣੀ ਅਕਾਲੀ ਦਲ ਵੀ ਸਿੱਖ ਧਰਮ ਦੇ ਆਧਾਰ ਤੇ ਰਾਜਨੀਤੀ ਕਰਦਾ ਹੈ ਪਰੰਤੂ ਉਸਦੀ ਰਾਜਨੀਤੀ ਵਿਚ ਹਲੀਮੀ, ਨਿਮਰਤਾ, ਮਾਨਵਤਾ ਦਾ ਕਲਿਆਣ, ਨਿਆਂ ਅਤੇ ਸਮਾਜਿਕ ਸਮਾਨਤਾ ਵਰਗੇ ਸਿੱਖ ਸਦਗੁਣ ਅਲੋਪ ਹਨ ਅੱਜ ਦਾ ਅਕਾਲੀ ਦਲ ਸੱਤਾ ਹਾਸਿਲ ਕਰਨ ਤੱਕ ਸਿੱਖ ਕੌਮ ਦੇ ਆਰਥਿਕ, ਧਾਰਮਿਕ ਅਤੇ ਰਾਜਸੀ ਹੱਕਾਂ ਦੀ ਗੱਲ ਕਰਦਾ ਹੈ। ਸੱਤਾ ਮਿਲਦੇ ਸਾਰ ਹੀ ਇਹ ਲੜਾਈ ਲੜਨੀ ਭੁੱਲ ਜਾਂਦਾ ਹੈ। ਸਿੱਖ ਕੌਮ ਦੀ ਪਹਿਚਾਣ ਹਮੇਸ਼ਾ ਆਪਣਾ ਹੱਕ ਬਣਾਈ ਰੱਖਣਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਇਹੋ ਹੀ ਧਰਮ ਹੈ ਕਿ ਸਿੱਖ ਧਰਮ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ। ਸਿੱਖ ਕੌਮ ਦੇ ਧਰਮ ਅਤੇ

ਸੱਭਿਆਚਾਰ ਨੂੰ ਪ੍ਰਫੁੱਲਿਤ ਕੀਤਾ ਜਾਵੇ। ਬਿਨ੍ਹਾਂ ਸ਼ੱਕ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਖ ਸੱਭਿਆਚਾਰ ਸਿਰਜਣ ਲਈ ਬਹੁਤ ਲੜਾਈਆਂ ਲੜਨੀਆਂ ਪਈਆਂ ਅਤੇ ਜਿੱਤਾਂ ਵੀ ਪ੍ਰਾਪਤ ਕੀਤੀਆਂ। ਅੱਜ ਦੇ ਸਮੇਂ ਵਿਚ ਸਿੱਖ ਸੱਭਿਆਚਾਰ ਬਦਲ ਰਿਹਾ ਹੈ ਜਿਵੇਂ ਕਿ ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਿਹ ਸਿੰਘ ਸਮੇਂ ਸ਼੍ਰੋਮਣੀ ਅਕਾਲੀ ਦਲ ਦੀਆ ਸਰਗਰਮੀਆਂ ਰਾਜਨੀਤਿਕ ਹੋਣ ਦੇ ਬਾਵਜੂਦ ਧਾਰਮਿਕ ਸਰੂਪ ਵਿਚ ਨਜ਼ਰ ਆਉਂਦੀਆਂ ਸਨ ਪਰੰਤੂ ਅੱਜ ਧਾਰਮਿਕ ਸਰਗਰਮੀਆਂ ਵੀ ਰਾਜਨੀਤਿਕ ਵਧੇਰੇ ਲੱਗਦੀਆਂ ਹਨ। ਪੰਜਾਬੀ ਸੂਬਾ ਹੋਂਦ ਵਿਚ ਆਉਣ ਨਾਲ ਪੰਜਬ ਦੀ ਰਾਜਨੀਤੀ ਡੂੰਘਾ ਪ੍ਰਭਾਵ ਪਿਆ। ਅਕਾਲੀ ਦਲ ਦੀ ਪੰਜਾਬੀ ਸੂਬੇ ਦੀ ਮੰਗ ਵਿਚ ਸਿੱਖ ਧਰਮ ਦੀ ਮੰਗ ਛੁਡੀ ਹੋਈ ਸੀ। ਆਜ਼ਾਦੀ ਮਿਲਣ ਤੋਂ ਤੁਰੰਤ ਬਾਅਦ ਅਤੇ ਪੰਜਾਬੀ ਸੂਬੇ ਦੇ ਗਠਨ ਤੱਕ ਸ਼੍ਰੋਮਣੀ ਅਕਾਲੀ ਦਾ ਰਾਜਨੀਤਿਕ ਨਿਸ਼ਾਨਾ ਪੂਰਨ ਤੌਰ ਤੇ ਬਦਲ ਗਿਆ ਸੀ। ਇਥੋਂ ਤੱਕ ਕਿ ਸ਼੍ਰੋਮਣੀ ਅਕਾਲੀ ਦਲ ਮੁੱਖ ਨੇਤਾ ਮਾਸਟਰ ਤਾਰਾ ਸਿੰਘ ਨੇ ਇਹ ਕਹਿ ਦਿੱਤਾ ਕਿ ਸਿੱਖ ਰਾਜ ਦੀ ਕੋਈ ਮੰਗ ਹੀ ਨਹੀਂ ਸਿੱਖ ਰਾਜ ਮੰਗਣਾ ਤਾਂ ਨਿਰਾ ਪਾਗਲਪਣ ਹੈ। ਸਿੱਖ ਵਿਚਾਰਧਾਰਾ ਦਾ ਮੁੱਖ ਸਿਧਾਂਤ ਧਰਮ ਅਤੇ ਰਾਜਨੀਤੀ ਨੂੰ ਇਕੱਠੇ ਲੈ ਕੇ ਚੱਲਣਾ ਹੈ। ਸਿੱਖ ਹਰ ਵਾਰੀ ਆਪਣੀ ਰਾਜਨੀਤਿਕ ਲੜਾਈ ਧਰਮ ਦੇ ਆਧਾਰ ਤੇ ਹੀ ਲੜਦੇ ਹਨ। ਸੋ ਸ਼੍ਰੋਮਣੀ ਅਕਾਲੀ ਦਲ ਰਾਜਨੀਤਿਕ ਸਮੱਸਿਆ ਦੇ ਹੱਲ ਲਈ ਧਰਮ ਨੂੰ ਸਾਧਨ ਦੇ ਤੌਰ ਤੇ ਵਰਤਦਾ ਹੈ। ਪੰਜਾਬੀ ਸੂਬੇ ਦੀ ਸਥਾਪਨਾ ਨਾਲ ਸਿੱਖ ਬਹੁਗਿਣਤੀ ਹੋਣ ਕਰਕੇ ਰਾਜਨੀਤਿਕ ਦੇ ਖੇਤਰ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਵਧੇਰੇ ਲਾਭ ਹੋਇਆ ਜੋ ਕਿ 1967 ਤੋਂ ਹੁਣ ਤੱਕ ਸੱਤਾ ਦਾ ਆਨੰਦ ਭੋਗਦਾ ਆ ਰਿਹਾ ਹੈ। ਸੱਤਾ ਪ੍ਰਾਪਤੀ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੜਾਈ ਸੀਮਿਤ ਹੋ ਕੇ ਰਹਿ ਗਈ ਹੈ ਪਰੰਤੂ ਸਿੱਖ ਧਰਮ ਅਤੇ ਸਿੱਖ ਫਲਸਫੇ ਦਾ ਕੋਈ ਵਿਸ਼ੇਸ਼ ਵਿਕਾਸ ਨਹੀਂ ਹੋਇਆ। ਪੰਜਾਬ ਦੀ ਰਾਜਨੀਤੀ ਵਿਚ ਸਿੱਖ ਧਰਮ ਦਾ ਮਹੱਤਵਪੂਰਨ ਰੋਲ ਹੈ ਪੰਜਾਬੀਆਂ ਦਾ ਰਾਜਨੀਤਿਕ ਵਿਕਾਸ ਧਾਰਮਿਕ ਸੋਚ ਤੋਂ

ਪ੍ਰਭਾਵਿਤ ਹੈ। ਆਮ ਤੌਰ ਤੇ ਜੇਕਰ ਕਿਸੇ ਨੂੰ ਪੰਜਾਬੀ ਕਿਹਾ ਜਾਂਦਾ ਹੈ ਤਾਂ ਉਸਦਾ ਅਰਥ ਸਿੱਖ ਤੋਂ ਹੀ ਲੈਂਦੇ ਹਨ। ਪੰਜਾਬੀ ਦੀ ਰਾਜਨੀਤੀ ਵਿਚ ਅਸਲੀ ਸ਼੍ਰੋਮਣੀ ਅਕਾਲੀ ਦਲ ਉਸਨੂੰ ਕਿਹਾ ਜਾਂਦਾ ਹੈ ਜਿਸ ਕੋਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਹੁੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਪ੍ਰਧਾਨ ਦੀ ਚੋਣ ਕਰਨੀ ਹੁੰਦੀ ਹੈ ਪਰੰਤੂ ਇਹ ਲੋਕਤੰਤਰੀ ਪਰੰਪਰਾ ਸਿਰਫ ਕਹਿਣ ਤੱਕ ਹੀ ਸੀਮਿਤ ਹੈ ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਨਿਯੁਕਤੀ ਕਰਦਾ ਹੈ। ਪੰਜੇ ਤਖ਼ਤਾਂ ਦੇ ਜਥੇਦਾਰ ਨਿਯੁਕਤ ਕਰਨ ਦਾ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਜਾਂ ਪ੍ਰਧਾਨ ਕੋਲ ਹੁੰਦਾ ਹੈ ਪਰੰਤੂ ਜਥੇਦਾਰ ਦੀ ਨਿਯੁਕਤੀ ਵਿਚ ਵੀ ਅਪ੍ਰਤੱਖ ਤੌਰ ਤੇ ਸ਼੍ਰੋਮਣੀ ਅਕਾਲੀ ਦਲ  ਦੇ ਪ੍ਰਧਾਨ ਦਾ ਹੱਥ ਹੁੰਦਾ ਹੈ। ਸ਼੍ਰੋਮਣੀ ਅਕਾਲੀ ਦੀ ਹੋਂਦ, ਵਿਕਾਸ ਅਤੇ ਸੱਤਾ ਪੂਰਨ ਤੌਰ ਤੇ ਸਿੱਖ ਧਰਮ ਤੇ ਆਧਾਰਿਤ ਹੈ।

ਸਿੱਖ ਰਾਜਨੀਤਿਕ ਖੇਤਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਅਹਿਮ ਭੂਮਿਕਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਦਾ ਪ੍ਰੇਰਨਾ ਸ੍ਰੋਤ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਾ ਸੁਧਾਰ ਲਹਿਰ ਤੋਂ ਲੈ ਕੇ ਹੁਣ ਤੱਕ ਜਿੰਨੇ ਵੀ ਮੋਰਚੇ ਲਗਵਾਏ ਹਨ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਅਰਦਾਸ ਕਰਕੇ ਅਤੇ ਆਸ਼ੀਰਵਾਦ ਲੈ ਕੇ ਹੀ ਸ਼ੁਰੂ ਕੀਤੇ। ਸੋ ਸਿੱਖ ਧਰਮ ਵਿਚ ਰਾਜਨੀਤੀ ਅਤੇ ਧਰਮ ਦਾ ਪੂਰਨ ਸੁਮੇਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਸਿਆਸਤਦਾਨਾਂ ਨੂੰ ਆਪਣੀ ਮਨਮਰਜ਼ੀ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਸਗੋਂ ਸਿੱਖ ਮਰਿਯਾਦਾ ਵਿਚ ਰਹਿ ਕੇ ਹੀ ਰਾਜਨੀਤੀ ਕਰਨ ਦਾ ਹੁਕਮ ਦਿੰਦਾ ਹੈ। ਇਤਿਹਾਸ ਵਿਚ ਨਜ਼ਰ ਮਾਰੀ ਜਾਵੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਸਿਆਸਤ ਨੂੰ ਗੰਧਲਾ ਹੋਣ ਤੋਂ ਰੋਕਦਾ ਦਿਖਾਈ ਦਿੰਦਾ ਹੈ। ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਅਕਾਲ

